
ਜੁਲਾਈ-ਸਤੰਬਰ 2025

ਸਾਲ ਤੀਜਾ, ਅੰਕ ਬਾਰ੍ਹਵਾਂ

# ਉਡਾਣ

## ਵਿਗਿਆਨ ਗਲਪ ਮੈਗ਼ਜ਼ੀਨ



ਵਿਗਿਆਨ ਕਥਾ ਕਹਾਣੀਆਂ

ਕਵਿਤਾਵਾਂ ਲੇਖ ਤੇ

ਬੱਚਿਆਂ ਦਾ ਕੋਨਾ

https://www.udaanpunjabi.com/

Image Courtesy: NASA

## ਸਲਾਹਕਾਰ ਬੋਰਡ


ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)


## ਸੰਪਾਦਕ


ਅਮਨਦੀਪ ਸਿੰਘ


## ਚਿੱਤਰ

Microsoft BING AI

https://pixabay.com/

NASA

## ਈ-ਮੇਲ


punjabiscifi@gmail.com


## ਵੈੱਬਸਾਈਟ

https://udaanpunjabi.com

## ਸਮਾਜਿਕ

ਉਡਾਣ ਮੈਗਜ਼ੀਨ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ 'ਤੇ ਕਲਿੱਕ ਕਰੋ

ਇਸ ਮੈਗਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ udaanpunjabi.com 'ਤੇ ਆਰਡਰ ਕਰ ਸਕਦੇ ਹੋ।


ਜੁਲਾਈ-ਸਤੰਬਰ 2025

ਸਾਲ ਤੀਜਾ, ਅੰਕ ਬਾਰ੍ਹਵਾਂ

ISSN: 3065-7113


**ਮੁੱਖ ਪੰਨੇ ਦੀ ਤਸਵੀਰ (ਨਾਸਾ ਤੋਂ ਧੰਨਵਾਦ ਸਹਿਤ)** ਤੁਸੀਂ ਨਾਸਾ ਦੀ ਪਾਰਕਰ ਪ੍ਰੋਬ ਦੇਖ ਰਹੇ ਹੋ, ਜਿਸ ਨੇ ਹਾਲ ਹੀ ਵਿਚ ਸੂਰਜ ਦੇ ਸਭ ਤੋਂ ਨੇੜੇ ਪਹੁੰਚਣ ਦਾ ਨਵਾਂ ਰਿਕਾਰਡ ਕਾਇਮ ਕੀਤਾ। ਇਸ ਪੁਲਾੜ ਯਾਨ ਨੇ ਸੂਰਜ ਦੀ ਸਤ੍ਹਾ ਤੋਂ ਸਿਰਫ਼ 61 ਲੱਖ ਕਿਲੋਮੀਟਰ ਦੇ ਅੰਦਰ ਪਹੁੰਚਣ ਦਾ ਆਪਣਾ ਤੀਜਾ ਅਤੇ ਆਖਰੀ ਪੜਾਅ ਸਫਲਤਾਪੂਰਵਕ ਪੂਰਾ ਕਰ ਲਿਆ ਹੈ। ਇਹ ਇੱਕ ਅਜਿਹਾ ਕਾਰਨਾਮਾ ਹੈ ਜੋ ਕਿਸੇ ਸੰਸਥਾ ਨੇ ਪਹਿਲਾਂ ਕਦੇ ਨਹੀਂ ਕੀਤਾ। ਨਾਸਾ ਦੇ ਅਨੁਸਾਰ ਇਹ ਸੌਰ ਪ੍ਰੋਬ ਸੂਰਜ ਬਾਰੇ ਸਾਡੀ ਸਮਝ ਵਿਚ ਬਹੁਤ ਵਾਧਾ ਕਰੇਗਾ। ਇਹ ਪੁਲਾੜ ਯਾਨ ਹੌਲ਼ੀ - ਹੌਲ਼ੀ ਸੂਰਜ ਦੀ ਸਤ੍ਹਾ ਦੇ ਨੇੜੇ ਘੁੰਮ ਰਿਹਾ ਹੈ, ਬੁੱਧ ਗ੍ਰਹਿ ਦੇ ਪੰਧ ਦੇ ਅੰਦਰ। ਸੂਰਜ ਦੇ ਵਾਯੂਮੰਡਲ ਦੇ ਸਭ ਤੋਂ ਬਾਹਰੀ ਹਿੱਸੇ, ਕੋਰੋਨਾ ਵੱਲ ਨੂੰ ਉੱਡਦੇ ਹੋਏ! ਇਹ ਪ੍ਰੋਬ ਸੂਰਜੀ ਹਵਾਵਾਂ ਦੀ ਉਤਪਤੀ ਅਤੇ ਵਿਕਾਸ ਬਾਰੇ ਸਾਡੇ ਗਿਆਨ ਨੂੰ ਵਧਾਉਣ ਲਈ ਅੰਕੜੇ ਅਤੇ ਤਸਵੀਰਾਂ ਇਕੱਠੀਆਂ ਕਰ ਰਿਹਾ ਹੈ। ਇਹ ਧਰਤੀ 'ਤੇ ਜੀਵਨ ਅਤੇ ਤਕਨਾਲੋਜੀ ਨੂੰ ਪ੍ਰਭਾਵਿਤ ਕਰਨ ਵਾਲੇ ਪੁਲਾੜ ਵਾਤਾਵਰਣ ਵਿੱਚ ਤਬਦੀਲੀਆਂ ਦੀ ਭਵਿੱਖਬਾਣੀ ਕਰਨ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। 2018 ਵਿਚ ਲਾਂਚ ਕੀਤਾ ਗਿਆ ਇਹ ਪ੍ਰੋਬ ਆਪਣੀ ਬੇਮਿਸਾਲ ਜਾਂਚ ਕਰਨ ਲਈ ਤੇ ਸੂਰਜ ਦੇ ਅਸੀਮ ਤਾਪ ਤੋਂ ਬਚਾਉਣ ਲਈ, 4.5-ਇੰਚ ਮੋਟੀ ਕਾਰਬਨ-ਕੰਪੋਜ਼ਿਟ ਢਾਲ ਦੁਆਰਾ ਸੁਰੱਖਿਅਤ ਕੀਤਾ ਗਿਆ ਹੈ, ਜੋ ਲਗਭਗ 1,377 ਸੈਲਸੀਅਸ ਤੱਕ ਪਹੁੰਚਣ ਵਾਲੇ ਤਾਪਮਾਨ ਦਾ ਸਾਮ੍ਹਣਾ ਕਰ ਸਕਦੀ ਹੈ।

## ਇਸ ਅੰਕ ਵਿਚ


**2** ਸੰਪਾਦਕੀ/ਅਮਨਦੀਪ ਸਿੰਘ

**3** ਵਰਜਿਤ/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

**8** ਸਹਾਰਾ/ਰੂਪ ਢਿੱਲੋਂ

**19** ਕੁਝ ਹਲਕਾ-ਫੁਲਕਾ - ਏਆਈ ਬਾਰੇ ਚੁਟਕਲੇ

**20** ਚੰਦਰਯਾਨ-ਤਿਸ਼ਕਿਨ/ਗੁਰਚਰਨ ਕੌਰ ਥਿੰਦ

**30** ਕਵਿਤਾ- ਅਮਨ ਦੇ ਬੱਦਲ/ਅਮਨਦੀਪ ਸਿੰਘ

**31** ਸਿਤਾਰਿਆਂ ਤੋਂ ਅੱਗੇ/ਅਮਨਦੀਪ ਸਿੰਘ

**39** ਨੋਬਲ ਪੁਰਸਕਾਰ - ਸਾਨੂੰ ਕਿਉਂ ਨਹੀਂ ਮਿਲਦੇ/ਪ੍ਰਿੰ.ਹਰੀ ਕ੍ਰਿਸ਼ਨ ਮਾਇਰ

**42** ਉਡਣ ਤਸ਼ਤਰੀਆਂ : ਅਣਸੁਲਝਿਆ ਪੁਲਾੜੀ ਰਹੱਸ/ ਸੁਖਮੰਦਰ ਸਿੰਘ ਤੂਰ

**44** ਕਵਿਤਾ- ਚੰਨ ਗ੍ਰਹਿਣ ਤੋਂ ਪਹਿਲਾਂ/ ਅਮਨਦੀਪ ਸਿੰਘ

**ਬੱਚਿਆਂ ਦਾ ਕੋਨਾ**

**45** ਇਕ ਨਵੀਂ ਧਰਤੀ/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

**48** ਅਸੀਮ ਬ੍ਰਹਿਮੰਡ ਵਿੱਚ ਇੱਕ ਇਤਿਹਾਸਕ ਛਾਲ/ਸੁਰਿੰਦਰ ਪਾਲ ਸਿੰਘ

**49** ਖੇਡ ਖੇਡ ਵਿਚ - ਅਰਵਿੰਦ ਗੁਪਤਾ ਦਾ ਵਿਗਿਆਨਕ ਸੰਸਾਰ/ਹਰਜੀਤ ਸਿੰਘ

**52** ਕਵਿਤਾ- ਬੋਲ਼ੇ ਹੋ ਜਾਓਗੇ/ਹਰੀ ਕ੍ਰਿਸ਼ਨ ਮਾਇਰ

**53** ਕਵਿਤਾ- ਜੀਵਨ ਦਾ ਆਧਾਰ - ਸੂਰਜ/ਡਾ. ਦੇਵਿੰਦਰ ਪਾਲ ਸਿੰਘ

**54** ਵਿਗਿਆਨ ਦੀਆਂ ਤਾਜ਼ਾ ਖ਼ਬਰਾਂ



*Udaan* is published quarterly by Amandeep Singh from 13 Bluebird Dr., Grafton, MA, USA.


© Copyrights 2024 Respective authors. The opinions expressed in this publication are those of the authors. They do not purport to reflect the opinions or views of the *Udaan* Magazine or its editorial team.

# ਸੰਪਾਦਕੀ - ਵਿਗਿਆਨ ਦਾ ਅੱਦਭੁਤ ਸੰਸਾਰ

ਨਿਰੋਲ ਵਿਗਿਆਨ ਨਾਲ਼ ਸੰਬੰਧਿਤ ਨਵੀਆਂ ਕਥਾ ਕਹਾਣੀਆਂ, ਲੇਖ ਤੇ ਕਵਿਤਾਵਾਂ ਲੈ ਕੇ, ਆਪ ਜੀ ਦੇ ਸਨਮੁੱਖ "ਉਡਾਣ" ਦਾ ਬਾਰ੍ਹਵਾਂ ਅੰਕ ਪੇਸ਼ ਹੈ। ਆਸ ਕਰਦੇ ਹਾਂ ਤੁਸੀਂ ਇਸ ਵਿਚਲੀਆਂ ਰਚਨਾਵਾਂ ਨੂੰ ਹਮੇਸ਼ਾਂ ਦੀ ਤਰ੍ਹਾਂ ਪਸੰਦ ਕਰੋਗੇ। ਇਸ ਅੰਕ ਦੀਆਂ ਕਹਾਣੀਆਂ, ਕਵਿਤਾਵਾਂ ਤੇ ਹੋਰ ਸਮਗਰੀ ਦੇ ਵਿਸ਼ੇ ਭਿੰਨ-ਭਿੰਨ ਹਨ।

ਡਾ. ਦੇਵਿੰਦਰ ਪਾਲ ਸਿੰਘ ਦੀ ਵਿਲੱਖਣ ਵਿਗਿਆਨ ਗਲਪ ਕਹਾਣੀ "ਵਰਜਿਤ" ਜਾਣਕਾਰੀ ਤਸਕਰੀ ਦਾ ਮੁਕਾਬਲਾ ਕਰਨ ਦੀ ਭਵਿੱਖਮੁਖੀ ਚੁਣੌਤੀ ਨੂੰ ਪੇਸ਼ ਕਰਦੀ ਹੈ ਜਦੋਂ ਤਕਨਾਲੋਜੀ ਡਾਟਾ ਅਤੇ ਜੈਵਿਕ ਟ੍ਰਾਂਸਫਰ ਵਿਚਕਾਰ ਫਰਕ ਕਰਨਾ ਬਹੁਤ ਮੁਸ਼ਕਲ ਹੋਵੇਗਾ। ਇਹ ਉਜਾਗਰ ਕਰਦੀ ਹੈ ਕਿ ਸੁਰੱਖਿਆ ਲਈ ਕੀਤੇ ਗਏ ਵਿਕਾਸ ਨੂੰ ਉਸਦੇ ਬਰਾਬਰ ਦੇ ਗੁੰਝਲਦਾਰ ਗੈਰ-ਕਾਨੂੰਨੀ ਤਰੀਕਿਆਂ ਨਾਲ ਕਿਵੇਂ ਰੋਕਿਆ ਜਾ ਸਕਦਾ ਹੈ।

ਰੂਪ ਢਿੱਲੋਂ ਦੀ ਦਿਲਚਸਪ ਵਿਗਿਆਨ ਗਲਪ ਕਹਾਣੀ "ਸਹਾਰਾ" ਅਫ਼ਰੀਕਾ, ਹੜੱਪਾ ਤੇ ਸਿੰਧੂ ਘਾਟੀ ਸਭਿਅਤਾ ਦੇ ਇਤਿਹਾਸਕ ਰਹੱਸ ਨੂੰ ਜ਼ਮੀਨ ਵਿਚ ਧੁਰ-ਅੰਦਰ ਛੁਪੇ ਅਜਨਬੀ ਗ੍ਰਹਿ ਦੇ ਬਸ਼ਿੰਦੇ (ਏਲੀਅਨ) ਨਾਲ ਸੰਪਰਕ ਨੂੰ ਪ੍ਰਭਾਵਸ਼ਾਲੀ ਤੇ ਰੋਮਾਂਚਕ ਢੰਗ ਨਾਲ ਬਿਆਨ ਕਰਦੀ ਹੈ।

ਗੁਰਚਰਨ ਕੌਰ ਥਿੰਦ ਦੇ ਲੜੀਵਾਰ ਵਿਗਿਆਨ ਗਲਪ ਨਾਵਲ ਚੰਦਰਯਾਨ-ਤਿਸ਼ਕਿਨ ਦੇ ਵਿਚ ਮਨੋਰੰਜਨ ਦੇ ਨਾਲ਼ - ਨਾਲ਼ ਤੁਸੀਂ ਕਲੋਨ ਤਕਨੀਕ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਤੇ ਵਿਗਿਆਨੀਆਂ ਦੀ ਚੰਦਰਯਾਨ-ਤਿਸ਼ਕਿਨ ਲਈ ਮਨੁੱਖੀ ਕਲੋਨਾਂ ਦਾ ਨਿਰਮਾਣ ਕਰਨ ਦੀ ਉਡਾਣ ਵਿਚ ਸ਼ਾਮਲ ਹੋ ਸਕਦੇ ਹੋ।

ਮੇਰੇ ਲੜੀਵਾਰ ਵਿਗਿਆਨ ਗਲਪ ਨਾਵਲ ਸਿਤਾਰਿਆਂ ਤੋਂ ਅੱਗੇ ਵਿਚ ਇਸ ਵਾਰ ਤੁਸੀਂ ਪ੍ਰਥਮ ਕਿੰਨਰ ਸਿਤਾਰਾ ਮੰਡਲ ਵੱਲ ਜਾਂਦੇ ਪੁਲਾੜ ਯਾਤਰੀਆਂ ਨੂੰ ਆਪਣੇ ਸੌਰ-ਮੰਡਲ ਤੋਂ ਬਾਹਰ ਗਹਿਨ ਅੰਤਰਿਕਸ਼ ਵਿਚ ਪੇਸ਼ ਆ ਰਹੀਆਂ ਚੁਣੌਤੀਆਂ ਬਾਰੇ ਪੜ੍ਹ ਸਕਦੇ ਹੋ।

ਪ੍ਰਿੰ .ਹਰੀ ਕ੍ਰਿਸ਼ਨ ਮਾਇਰ ਦੇ ਖੋਜ ਭਰਪੂਰ ਵਿਗਿਆਨਕ ਨਿਬੰਧ ਵਿਚ ਤੁਸੀਂ ਇਹ ਜਾਣ ਸਕਦੇ ਹੋ ਕਿ ਭਾਰਤੀ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ ਕਿਉਂ ਨਹੀਂ ਮਿਲਦੇ?

ਸੁਖਮੰਦਰ ਸਿੰਘ ਤੂਰ ਦੇ ਲੇਖ ਵਿਚ ਤੁਸੀਂ ਉਡਣ ਤਸ਼ਤਰੀਆਂ ਦੇ ਅਣਸੁਲਝੇ ਰਹੱਸ ਬਾਰੇ ਰੋਚਕ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਬੱਚਿਆਂ ਲਈ ਪੇਸ਼ ਵਿਗਿਆਨ ਗਲਪ ਕਹਾਣੀਆਂ ਵਿਚ ਡਾ. ਦੇਵਿੰਦਰ ਪਾਲ ਸਿੰਘ ਦੀ ਕਹਾਣੀ "ਇੱਕ ਨਵੀਂ ਧਰਤੀ" ਵਿਚ ਬੱਚੇ ਮੰਗਲ ਗ੍ਰਹਿ ਤੇ ਉਸ ਤੋਂ ਵੀ ਪਾਰ ਦੂਰ ਦੇ ਸੌਰ ਮੰਡਲ ਦੀ ਇੱਕ ਨਵੀਂ ਤੇ ਅਜਨਬੀ ਧਰਤੀ ਦੀ ਉਤਸੁਕਤਾ ਭਰਪੂਰ ਯਾਤਰਾ ਕਰ ਸਕਦੇ ਹਨ। ਸੁਰਿੰਦਰ ਪਾਲ ਸਿੰਘ ਦਾ 12 ਅਪ੍ਰੈਲ, 1961 ਦੀ ਮਹੱਤਤਾ ਬਾਰੇ ਲੇਖ ਯੂਰੀ ਗਾਗਾਰਿਨ ਦੀ ਪੁਲਾੜ ਵਿਚ ਇਤਿਹਾਸਕ ਛਾਲ ਦਾ ਪ੍ਰੇਰਣਾਮਈ ਜ਼ਿਕਰ ਕਰਦਾ ਹੈ। ਡਾ. ਹਰਜੀਤ ਸਿੰਘ ਦੇ ਲੇਖ ਖੇਡ ਖੇਡ ਵਿਚ ਬੱਚੇ ਪਦਮ ਸ਼੍ਰੀ ਅਰਵਿੰਦ ਗੁਪਤਾ ਦੇ ਅਦਭੁੱਤ ਵਿਗਿਆਨਕ ਸੰਸਾਰ ਬਾਰੇ ਪੜ੍ਹ ਕੇ ਖਿਡੌਣਿਆਂ ਤੇ ਹੋਰ ਵਸਤਾਂ ਵਿਚ ਵਿਗਿਆਨ ਨੂੰ ਦੇਖ ਤੇ ਸਮਝ ਸਕਣ ਦੀ ਪ੍ਰੇਰਣਾ ਲੈ ਸਕਦੇ ਹਨ। ਇਸ ਦੇ ਨਾਲ਼ ਹੀ ਬੱਚਿਆਂ ਲਈ ਵਿਗਿਆਨਕ ਕਵਿਤਾਵਾਂ ਤੇ ਹੋਰ ਰਚਨਾਵਾਂ ਵੀ ਪੇਸ਼ ਹਨ। ਉਮੀਦ ਹੈ ਬੱਚੇ ਇਹ ਰਚਨਾਵਾਂ ਪਸੰਦ ਕਰਨਗੇ, ਉਨ੍ਹਾਂ ਨੂੰ ਪੜ੍ਹ ਕੇ ਆਪਣੇ ਮਨ ਅੰਦਰ ਇੱਕ ਵੱਖਰੀ ਕਿਸਮ ਦੇ ਅਨੰਦ ਦੀਆਂ ਤਰੰਗਾਂ ਦਾ ਅਨੁਭਵ ਕਰਨਗੇ ਤੇ ਇਸ ਦੇ ਨਾਲ਼ ਹੀ ਉਹ ਵਿਗਿਆਨ ਦੇ ਵਿਸ਼ਾਲ ਸੰਸਾਰ ਬਾਰੇ ਹੋਰ ਜਾਣਨ ਲਈ ਵੀ ਉਤਸੁਕ ਹੋਣਗੇ ਤੇ ਵਿਗਿਆਨਕ ਨਜ਼ਰੀਆ ਵਿਕਸਿਤ ਕਰ ਸਕਣਗੇ। ਫੇਰ ਉਹ ਜਦੋਂ ਵੀ ਆਕਾਸ਼ ਵੱਲ ਨੀਝ ਲਾ ਕੇ ਤੱਕਣਗੇ ਤਾਂ ਨਵੀਆਂ ਧਰਤੀਆਂ ਤੇ ਉੱਥੇ ਵੱਸਦੇ ਅਜਨਬੀ ਬਸ਼ਿੰਦਿਆਂ ਬਾਰੇ ਜ਼ਰੂਰ ਸੋਚਣਗੇ।

ਹਮੇਸ਼ਾਂ ਦੀ ਤਰ੍ਹਾਂ ਆਪਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿਚ ...

~ ਅਮਨਦੀਪ ਸਿੰਘ

punjabiscifi@gmail.com

"ਉਡਾਣ" ਮੈਗ਼ਜ਼ੀਨ ਵਿੱਚ ਲੇਖਕਾਂ ਵਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਸੰਪਾਦਕੀ ਟੀਮ ਦਾ ਉਹਨਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ




'ਅਗਲੇ ਕੁਝ ਕੁ ਮਿੰਟਾਂ ਵਿਚ ਅਸੀਂ ਕੇਨੈਡਾ ਦੀ ਲੈਸਟਰ ਬੀ. ਪੀਅਰਸਨ ਏਅਰ ਪੋਰਟ ਵਿਖੇ ਉੱਤਰਣ ਜਾ ਰਹੇ ਹਾਂ। ਸਾਰੇ ਯਾਤਰੀ ਕ੍ਰਿਪਾ ਕਰ ਕੇ ਆਪਣੀਆਂ ਕੁਰਸੀਆਂ ਸਿੱਧੀਆਂ ਕਰ ਲੈਣ ਤੇ ਸੀਟ ਬੈੱਲਟ ਕੱਸ ਲੈਣ।' ਬੋਇੰਗ 747 ਦੇ ਕੈਪਟਨ ਮਲਹੋਤਰਾ ਦੀ ਆਵਾਜ਼ ਸੀ।

'ਠੱਕ...... ।' ਤਦ ਹੀ ਹਵਾਈ ਜਹਾਜ਼ ਦੇ ਟਾਇਰਾਂ ਦੀ ਰਨਵੇ ਨੂੰ ਛੂੰਹਣ ਦੀ ਆਵਾਜ਼ ਸੁਣਾਈ ਦਿੱਤੀ। ਜਹਾਜ਼ ਪਲ ਭਰ ਲਈ ਡੋਲਿਆ ਤੇ ਫਿਰ ਸੰਭਲ ਕੇ ਚਲਦਾ ਹੋਇਆ ਹੋਲੀ ਹੋਲੀ ਪਾਰਕਿੰਗ ਟਰਮੀਨਲ ਵੱਲ ਵੱਧਣ ਲੱਗਾ।

'ਅਸੀਂ ਏਅਰਪੋਰਟ ਦੇ ਟਰਮੀਨਲ-1 ਵਿਖੇ ਪਹੁੰਚ ਚੁੱਕੇ ਹਾਂ। ਹੁਣ ਤੁਸੀਂ ਜਹਾਜ਼ ਤੋਂ ਉੱਤਰ ਸਕਦੇ ਹੋ। ਏਅਰ ਇੰਡੀਆ ਰਾਹੀਂ ਸਫਰ ਕਰਨ ਲਈ ਤੁਹਾਡਾ ਧੰਨਵਾਦ।' .......... 'ਉਹ ਯਾਤਰੀ ਜਿਨ੍ਹਾਂ ਨੂੰ ਜਹਾਜ਼ ਤੋਂ ਉੱਤਰਣ ਲਈ ਮਦਦ ਦੀ ਲੋੜ ਹੈ ਕ੍ਰਿਪਾ ਕਰ ਕੇ ਆਪਣੀਆਂ ਸੀਟਾਂ ਉੱਤੇ ਬੈਠੇ ਰਹਿਣ। ਬਾਕੀ ਯਾਤਰੀਆਂ ਦੇ ਉੱਤਰਣ ਪਿਛੋਂ ਉਨ੍ਹਾਂ ਲਈ ਮਦਦ ਉਪਲਬਧ ਕਰਾਈ ਜਾਵੇਗੀ।' .......... ਸਪੀਕਰ ਰਾਹੀਂ ਕੈਪਟਨ ਮਲਹੋਤਰਾ ਦੀ ਆਵਾਜ਼ ਲਗਾਤਾਰ ਜਾਰੀ ਸੀ।

ਜਹਾਜ਼ ਦੇ ਸਾਰੇ ਯਾਤਰੀ ਆਪੋ ਆਪਣੇ ਹੈਂਡ ਬੈਗ ਸੰਭਾਲਦਿਆਂ ਕਤਾਰ ਦੇ ਰੂਪ ਵਿਚ ਟਰਮੀਨਲ-1 ਦੇ ਕੋਰੀਡੋਰ ਵੱਲ ਵੱਧਣ ਲੱਗੇ। ਸੁਰੱਖਿਆ ਅਧਿਕਾਰੀ ਰਜਨੀ ਕਸ਼ਿਅਪ ਦੀ ਨਜ਼ਰ ਇਕ ਇਕ ਯਾਤਰੀ ਉੱਤੋਂ ਤੈਰਦੀ ਅਚਾਨਕ ਇਕ ਉੱਚੇ ਲੰਬੇ ਕੱਦ ਵਾਲੀ ਔਰਤ ਉੱਤੇ ਆ ਰੁੱਕੀ।

'ਤੁਸੀਂ ਅਮਰੀਕਾ ਜਾ ਰਹੇ ਹੋ!'

'ਜੀ!' ਉੱਚੀ ਲੰਬੀ ਅਤੇ ਭੂਰੇ ਵਾਲਾਂ ਵਾਲੀ ਔਰਤ ਦਾ ਸ਼ਾਂਤ ਲਹਿਜੇ ਵਿਚ ਤੁਰੰਤ ਜਵਾਬ ਸੀ। ਉਸ ਦੇ ਬੋਲਾਂ ਵਿਚ ਥੋੜ੍ਹੀ ਯੂਰਪੀ ਭਾਹ ਜਾਪ ਰਹੀ ਸੀ ਤੇ ਜਾਂ ਫਿਰ ਥੋੜ੍ਹੀ ਰੂਸੀ।

ਰਜਨੀ ਨੇ ਉਸ ਦੇ ਪਾਸਪੋਰਟ ਵੱਲ ਝਾਤ ਮਾਰੀ। ਪਾਸਪੋਰਟ ਦਾ ਪੰਨਾ ਪਰਤਦਿਆਂ ਹੀ ਵੀਜ਼ੇ ਦਾ ਹਾਲੋਗ੍ਰਾਮ (ਤਿੰਨ ਵਿਮੀ ਚਿੱਤਰ) ਰਜਨੀ ਦੇ ਸਾਹਮਣੇ ਪਰਗਟ ਹੋ ਗਿਆ।

'ਨਵੀਂ ਟੈਕਨਾਲੋਜੀ.......' ਰਜਨੀ ਬੁੜਬੁੜਾਈ ਤੇ ਉਸ ਨੇ ਪਾਸਪੋਰਟ ਵਾਪਸ ਕਰ ਦਿੱਤਾ।

'ਥੈਂਕ ਯੂ!' ਉਸ ਔਰਤ ਨੂੰ ਕਸਟਮ ਗੇਟ ਵੱਲ ਅੱਗੇ ਵੱਧਣ ਦਾ ਇਸ਼ਾਰਾ ਕਰਦੇ ਹੋਏ ਰਜਨੀ ਦੇ ਬੋਲ ਸਨ। ਉਹ ਹੈਰਾਨ ਸੀ ਕਿ ਕੈਨੇਡਾ ਤੋਂ ਮੈਗਲੈਵ ਟਿਊਬ ਰਾਹੀਂ ਅਮਰੀਕਾ ਜਾਣਾ ਵਧੇਰੇ ਸਹਿਜ ਸੀ ਪਰ ਉਹ ਔਰਤ ਜਹਾਜ਼ ਰਾਹੀਂ ਜਾਣ ਨੂੰ ਕਿਉਂ ਤਰਜ਼ੀਹ ਦੇ ਰਹੀ ਸੀ।

* * * * *

ਰਾਤ ਭਰ, ਡਿਊਟੀ ਉੱਤੇ ਤੈਨਾਤੀ ਕਾਰਣ ਰਜਨੀ ਕੁਝ ਥਕਾਵਟ ਮਹਿਸੂਸ ਕਰ ਰਹੀ ਸੀ ਇਸ ਲਈ ਉਹ ਸੁਰੱਖਿਆ ਬੂਥ ਵੱਲ ਚਲ ਪਈ। ਯਾਤਰੂਆਂ ਦੀ ਲੰਬੀ ਕਤਾਰ ਹਾਲ ਵਿਚੋਂ ਹੌਲ਼ੀ ਹੌਲ਼ੀ ਲੰਘ ਰਹੀ ਸੀ।

ਹਾਲ ਦੇ ਫਰਸ਼ ਤੋਂ 12 ਫੁੱਟ ਉੱਚੇ ਬਣੇ ਨਜ਼ਰਸਾਨੀ ਬੂਥ ਵਿਚ ਬੈਠੀ ਰਜਨੀ ਟਿਮ-ਹੌਰਟਿਨ ਕੌਫੀ ਦੀਆਂ ਚੁਸਕੀਆਂ ਭਰ ਰਹੀ ਸੀ। ਗਰਮਾ ਗਰਮ ਤੇ ਸੁਆਦੀ ਕੌਫੀ ਦੇ ਘੁੱਟ ਉਸ ਨੂੰ ਸਕੂਨ ਦੇ ਰਹੇ ਲੱਗ ਰਹੇ ਸਨ।

ਬੂਥ ਵਿਚ ਬੈਠੀ ਰਜਨੀ ਪੂਰੇ ਹਾਲ ਦੀ ਝਾਤ ਪਾ ਸਕਦੀ ਸੀ।....... ਕਿਧਰੇ ਯਾਤਰੂ ਆਪਣਾ ਸਮਾਨ ਲੈ ਰਹੇ ਸਨ, ਕਿਧਰੇ ਟਿਮ-ਹੌਰਟਿਨ ਬੂਥ ਵਿਖੇ ਲੋਕ ਖਾਣ ਪੀਣ ਦੇ ਕੰਮਾਂ ਵਿਚ ਰੁੱਝੇ ਸਨ। ਕੁਝ ਇਧਰ ਉਧਰ ਪਈਆਂ ਕੁਰਸੀਆਂ ਉੱਤੇ ਸੁਸਤਾ ਰਹੇ ਸਨ।.......

ਪਰ ਉਸ ਦਾ ਪੂਰਾ ਧਿਆਨ ਤਾਂ ਬੂਥ ਦੇ ਨੇੜਲੇ ਹਿੱਸੇ ......'ਕਸਟਮ ਕਲੀਅਰੈਂਸ ਸੈਕਸ਼ਨ' ਉੱਤੇ ਹੀ ਕੇਂਦਰਿਤ ਸੀ। ਕਸਟਮ ਅਫਸਰਾਂ ਦੀ ਪੈਨੀ ਨਜ਼ਰ ਤੇ ਮਸ਼ੀਨਾਂ ਦੀ ਤਿੱਖੀ ਨਜ਼ਰਸਾਨੀ ਵਿਚੋਂ ਲੰਘ ਰਹੇ ਲੋਕਾਂ ਦੀ ਕਤਾਰ ਉੱਤੇ ਰਜਨੀ ਦਾ ਧਿਆਨ ਲਗਾਤਾਰ ਜਾਰੀ ਸੀ।

ਬੀਹਵੀਂ ਸਦੀ ਦੌਰਾਨ ਕਿਸੇ ਨੂੰ ਖਿਆਲ ਵੀ ਨਹੀਂ ਸੀ ਕਿ ਕਸਟਮ ਵਾਲਿਆਂ ਦਾ ਕੰਮ ਇਨ੍ਹਾਂ ਵਧੇਰੇ ਬਦਲ ਜਾਵੇਗਾ। ਪਹਿਲਾਂ ਪਹਿਲ ਸ਼ੱਕ, ਸੁੰਘਣ ਵਾਲੇ ਕੁੱਤਿਆਂ, ਅਣਜਾਣ ਲੋਕਾਂ ਵਲੋਂ ਦਿੱਤੀ ਸੰਦੇਹਪੂਰਣ ਜਾਣਕਾਰੀ ਤੇ ਪੁਲੀਸ ਵਲੋਂ ਦਿੱਤੀਆਂ ਸੂਚਨਾਵਾਂ ਉੱਤੇ ਹੀ ਨਿਰਭਰ ਕਰਨਾ ਪੈਂਦਾ ਸੀ। ਤਦ ਅਜੇ ਸਾਇੰਸ ਨੇ ਰਜਨੀ ਦੇ ਕੰਮ ਨੂੰ ਇੰਨਾਂ ਬਦਲਿਆ ਨਹੀਂ ਸੀ।

ਪਰ ਤਬਦੀਲੀ ਅਚਾਨਕ ਹੀ ਬਹੁਤ ਤੇਜ਼ੀ ਨਾਲ ਵਾਪਰੀ। ਹੁਣ ਤਾਂ ਮਨੁੱਖੀ ਚੋਗਿਰਦੇ ਵਿਚ ਮੌਜੂਦ ਫੈਰੋਮੋਨਜ਼ ਨੂੰ ਚੈੱਕ ਕਰਨ ਵਾਲੀਆਂ ਫੈਰੋਚੈੱਕ ਮਸ਼ੀਨਾਂ, ਅਣੂੰਵੀ ਜਾਂਚ ਕਰਨ ਵਾਲੇ ਮੋਲੀਸੈਂਪਲਰਜ਼ ਤੇ ਵਿਸ਼ਲੇਸ਼ਕ ਸਪੇਸਲਾਈਜ਼ਰ ਨੇ ਵਰਜਿਤ ਵਸਤੂਆਂ ਦੀ ਸਮਗਲਿੰਗ ਨੂੰ ਰੋਕਣਾ ਬਹੁਤ ਹੀ ਸਹਿਜ ਕਰ ਦਿੱਤਾ ਸੀ ਅਤੇ ਅਜਿਹੇ ਯੰਤਰਾਂ ਦੀ ਕਾਰਵਾਈ ਹੁੰਦੀ ਵੀ ਭਰੋਸੇਯੋਗ ਸੀ।

ਪਰ ਇਸੇ ਹੀ ਟੈਕਨਾਲੋਜੀ ਨੇ ਸਮਗਲਰਾਂ ਨੂੰ ਵੀ ਇਨ੍ਹਾਂ ਨਵੀਆਂ ਮਸ਼ੀਨਾਂ ਨੂੰ ਧੋਖਾ ਦੇਣ ਦੇ ਨਵੇਂ ਢੰਗ ਤਰੀਕੇ ਵੀ ਸੁਝਾ ਦਿੱਤੇ ਸਨ। ਕਦੇ ਨਾ ਖਤਮ ਹੋਣ ਵਾਲੀ ਇਸ ਚੂਹਾ ਦੌੜ ਵਿਚ ਸਮਗਲਰ ਹਮੇਸ਼ਾਂ ਹੀ ਇਕ ਕਦਮ ਅੱਗੇ ਰਹਿੰਦੇ ਸਨ।

ਰਜਨੀ ਨੇ ਡੂੰਘਾ ਸਾਹ ਲੈਂਦਿਆਂ ਆਪਣੀ ਬੈੱਲਟ ਨਾਲ ਲੱਗੇ ਫੈਰੋਚੈੱਕ ਯੰਤਰ ਵੱਲ ਝਾਤ ਮਾਰੀ। ਚੌਗਿਰਦੇ ਦੀ ਹਵਾ ਵਿਚ ਮਨੁੱਖੀ ਫੈਰੋਮੋਨਜ਼ ਦਾ ਲੈਵਲ ਮਿਨਣ ਵਾਲਾ ਇਹ ਯੰਤਰ ਖਤਰੇ ਦੀ ਸੂਚਨਾ ਦਰਸਾ ਰਿਹਾ ਸੀ।

'ਹੂੰ!...... ਕੁਝ ਨਾ ਕੁਝ ਗੜਬੜ ਜ਼ਰੂਰ ਹੈ।' ਉਹ ਬੁੜਬੁੜਾਈ ਤੇ ਬੂਥ ਵਿਚੋਂ ਉੱਤਰ ਮੁੱਖ ਹਾਲ ਵਿਚ ਆ ਪਹੁੰਚੀ।

ਫੈਰੋ ਯੰਤਰ ਦੀ ਸੂਚਨਾ ਅਨੁਸਾਰ ਸੁਰੱਖਿਆ ਵਧੇਰੇ ਸਖਤ ਕਰ ਦਿੱਤੀ ਗਈ ਸੀ ਤੇ ਹੁਣ ਯਾਤਰੂਆਂ ਦੀ ਕਤਾਰ ਬਹੁਤ ਹੌਲ਼ੀ ਹੌਲ਼ੀ ਅੱਗੇ ਵੱਧ ਰਹੀ ਸੀ। ਕਤਾਰ ਤੋਂ ਥੋੜ੍ਹੀ ਦੂਰੀ ਉੱਤੇ ਖੜ੍ਹੀ ਰਜਨੀ ਸਾਹਮਣੇ ਲੰਘ ਰਹੇ ਚਿਹਰਿਆਂ ਨੂੰ ਪੈਨੀ ਨਜ਼ਰ ਨਾਲ ਘੋਖ ਰਹੀ ਸੀ। ਹਰ ਚਿਹਰੇ ਦੇ ਪਿੱਛੇ, ਮਨੁੱਖੀ ਮਨ ਵਿਚ ਚਲ ਰਹੀ ਉੱਥਲ-ਪੁਥੱਲ ਨੂੰ ਸਮਝਣ ਦੀ ਕੋਸ਼ਿਸ਼ ਵਿਚ ਸੀ ਰਜਨੀ। 'ਕਾਸ਼! ਟੈਲੀਪੈਥੀ ਯੰਤਰ ਦੀ ਖੋਜ ਹੋ ਚੁੱਕੀ ਹੁੰਦੀ ਤਾਂ ਉਸ ਦਾ ਕੰਮ ਕਿੰਨਾਂ ਸੌਖਾ ਹੋ ਜਾਣਾ ਸੀ।' ਰਜਨੀ ਦੇ ਮਨ ਦਾ ਫੁਰਨਾ ਸੀ।

ਉਹ ਪੰਜ ਜਾਂ ਛੇ ਯਾਤਰੀਆਂ ਕੋਲੋਂ ਲੰਘੀ ਹੋਵੇਗੀ ਕਿ ਕਤਾਰ ਵਿਚ ਅੱਗੇ ਖੜੀ ਇਕ ਔਰਤ ਨੇ ਮੁੜ ਕੇ ਉਸ ਵੱਲ ਝਾਕਿਆ। ਦੋਨਾਂ ਦੀਆਂ ਨਜ਼ਰਾਂ ਪਲ ਕੁ ਲਈ ਮਿਲੀਆਂ। ਰਜਨੀ ਦੇ ਮਨ ਵਿਚ ਸ਼ੰਕਾਂ ਦੀ ਇਕ ਲਹਿਰ ਉੱਠ ਪਈ। ਔਰਤ ਦੀ ਨਜ਼ਰ ਕੁਝ ਵਧੇਰੇ ਹੀ ਤੀਖਣ ਸੀ .......ਸ਼ਾਇਦ ਲੋੜੋਂ ਵੱਧ ਮਾਸੂਮੀਅਤ ਵਾਲੀ। ਜਿਵੇਂ ਉਹ ਰਜਨੀ ਨੂੰ ਯਕੀਨ ਦੁਆਣਾ ਚਾਹੁੰਦੀ ਹੋਵੇ ਕਿ

ਉਸ ਕੋਲ ਛੁਪਾਉਣ ਵਾਲਾ ਕੁਝ ਵੀ ਨਹੀਂ। ਤਦ ਉਸ ਔਰਤ ਨੇ ਅੱਗੇ ਵੱਲ ਦੇਖਣਾ ਸ਼ੁਰੂ ਕਰ ਦਿੱਤਾ।

ਹੌਲ਼ੀ ਹੌਲ਼ੀ ਅੱਗੇ ਵੱਲ ਵਧਦੀ ਰਜਨੀ ਉਸ ਔਰਤ ਕੋਲ ਆ ਕੇ ਰੁਕ ਗਈ।

'ਮੈਡਮ! ਕੀ ਮੈਂ ਤੁਹਾਡਾ ਪਾਸਪੋਰਟ ਦੇਖ ਸਕਦੀ ਹਾਂ?' ਰਜਨੀ ਦੇ ਬੋਲ ਸਨ।

ਉਸ ਔਰਤ ਨੇ ਹੱਥਲਾ ਹੈਡ ਬੈਗ ਭੁੰਜੇ ਰੱਖਦੇ ਹੋਏ, ਆਪਣੇ ਓਵਰਕੋਟ ਦੀ ਜੇਬ ਵਿਚੋਂ ਪਾਸਪੋਰਟ ਕੱਢ ਰਜਨੀ ਵੱਲ ਵਧਾ ਦਿੱਤਾ।

ਰਜਨੀ ਨੇ ਜਿਵੇਂ ਹੀ ਪਾਸਪੋਰਟ ਖੋਲਿਆ, ਉਸ ਔਰਤ ਦਾ ਹਾਲੋਗ੍ਰਾਮ ਰਜਨੀ ਦੇ ਸਾਹਮਣੇ ਪ੍ਰਗਟ ਹੋ ਗਿਆ। ਇਹ ਹਾਲੋਗ੍ਰਾਮ ਸਾਹਮਣੇ ਖੜ੍ਹੀ ਔਰਤ ਨਾਲ ਇੰਨ ਬਿੰਨ ਮੇਲ ਖਾ ਰਿਹਾ ਸੀ ਸਿਵਾਏ ਉਸ ਦੇ ਵਾਲਾਂ ਦੇ ਰੰਗ ਦੇ। 'ਸ਼ਾਇਦ ਵਾਲਾਂ ਦਾ ਇਹ ਭੂਰਾ ਰੰਗ ਉਸ ਨੇ ਫੋਟੋ ਖਿਚਾਉਣ ਤੋਂ ਬਾਅਦ ਬਦਲਿਆ ਹੋਵੇ।' ਰਜਨੀ ਦਾ ਖਿਆਲ ਸੀ।

'ਮਿਸ ਐਨ. ਛਾਇਆ ਆਸਟਿਨ!'

'ਜੀ' ਔਰਤ ਦੀ ਮੱਧਮ ਪਰ ਸ਼ਾਂਤਮਈ ਆਵਾਜ਼ ਸੀ। ਭਰੋਸੇਯੋਗ। ਨੀਲੀਆਂ ਅੱਖਾਂ ਸ਼ਰਾਫ਼ਤ ਭਰਪੂਰ ਸਨ। ਪਰ ਰਜਨੀ ਨੂੰ ਲਗ ਰਿਹਾ ਸੀ ਕਿ ਕਿਧਰੇ ਕੁਝ ਗੜਬੜ ਜ਼ਰੂਰ ਹੈ।

'ਮਿਸ! ਤੁਸੀਂ ਸਾਊਥ ਏਸ਼ੀਆਂ ਤੋਂ ਆ ਰਹੇ ਹੋ!' ਇਹ ਸਵਾਲ ਨਹੀਂ ਸਗੋਂ ਸਾਧਾਰਣ ਗਲਬਾਤ ਹੀ ਸੀ ।

'ਜੀ! ਦਿੱਲੀ ਤੋਂ!'

'ਕੋਈ ਡਿਕਲੈਅਰ ਕਰਨ ਵਾਲੀ ਆਇਟਮ ਹੈ?'

'ਨਹੀਂ! ਅਜਿਹਾ ਕੁਝ ਵੀ ਨਹੀਂ।' ਬੇਝਿਜਕ ਨਜ਼ਰ ਅਤੇ ਸਪਸ਼ਟ ਆਵਾਜ਼ ਨਾਲ ਉਸ ਕਿਹਾ।

'ਕੀ ਮੈਂ ਤੁਹਾਡਾ ਹੈਡ ਬੈਗ ਚੈੱਕ ਕਰ ਸਕਦੀ ਹਾਂ? ਪਲੀਜ਼।'

ਉਸ ਔਰਤ ਨੇ ਆਪਣਾ ਹੈਡ ਬੈਗ ਉਸ ਵੱਲ ਵਧਾ ਦਿੱਤਾ। ਸਿੰਥੈ-ਫੈਬ ਦੇ ਰੇਸ਼ਿਆ ਦਾ ਬਣਿਆ ਇਹ ਬੈਗ ਕਾਫੀ ਭਾਰੀ ਸੀ। ਰਜਨੀ ਬੈਗ ਫੜ, ਛਾਇਆ ਨੂੰ ਆਪਣੇ ਪਿੱਛੇ ਪਿੱਛੇ ਆਉਣ ਲਈ ਇਸ਼ਾਰਾ ਕਰਦੇ ਹੋਏ ਕੁਝ ਦੂਰ ਪਏ ਜਾਂਚ ਡੈਸਕ ਵੱਲ ਵੱਧ ਗਈ।

ਰਜਨੀ ਨੇ ਹੈਡ ਬੈਗ ਨੂੰ ਡੈਸਕ ਉੱਤੇ ਰੱਖ, ਹੱਥ ਵਿਚ ਫੜੇ ਜਾਂਚਕਾਰੀ ਯੰਤਰ ਨੂੰ ਇਸ ਉਪਰ ਹੌਲ਼ੀ ਹੌਲ਼ੀ ਘੁੰਮਾਇਆ। ਜਿਵੇਂ ਜਿਵੇਂ ਮਸ਼ੀਨ ਹੈਡ ਬੈਗ ਅੰਦਰਲੀਆਂ ਚੀਜਾਂ ਦੀ ਬਣਤਰੀ ਜਾਂਚ ਕਰਦੀ ਜਾ ਰਹੀ ਸੀ ਇਕ ਹਲਕੀ ਜਿਹੀ ਆਵਾਜ਼ ਲਗਾਤਾਰ ਜਾਰੀ ਸੀ ਤੇ ਫਿਰ ਆਵਾਜ਼ ਬੰਦ ਹੋ ਗਈ। ਰਜਨੀ ਨੇ ਦੇਖਿਆ, ਮਸ਼ੀਨ ਦੀ ਸਕਰੀਨ ਉੱਤੇ ਅੰਕਿਤ ਨਤੀਜਾ ਮਿਆਰੀ ਸੀਮਾ ਵਿਚ ਹੀ ਸੀ।

ਤਦ ਹੀ ਰਜਨੀ ਨੇ ਮੋਲੀਸੈਂਪਲਰ ਉਠਾ ਲਿਆ। ਇਹ ਯੰਤਰ ਕਿਸੇ ਵੀ ਬੈਗ ਦੇ ਅੰਦਰ ਜਾਂ ਬਾਹਰ ਮੌਜੂਦ ਅਣੂਆਂ ਦੀ ਥੋੜ੍ਹੀ ਜਿਹੀ ਮਾਤਰਾ ਦੀ ਵੀ ਨਿਸ਼ਾਨਦੇਹੀ ਕਰਣ ਦੇ ਸਮਰਥ ਸੀ। ਸਮਗਲ ਕੀਤੀਆਂ ਜਾ ਰਹੀਆਂ ਵਸਤੂਆਂ ਨੂੰ ਚੈੱਕ ਕਰਨ ਦਾ ਰਾਮ-ਬਾਣ ਸੀ ਇਹ।

'ਮੋਲੀ ਸੈਂਪਲਰ' ਨੂੰf ਹੈਡ ਬੈਗ ਦੇ ਉਪਰੋਂ ਘੁੰਮਾਦਿਆਂ ਕੋਈ ਆਵਾਜ਼ ਸੁਣਾਈ ਨਾ ਦਿੱਤੀ। ਅਗਲੇ ਕੁਝ ਕੁ ਪਲਾਂ ਵਿਚ ਹੀ ਮੋਲੀਸੈਂਪਲਰ ਨੇ ਹੈਂਡ ਬੈਗ ਦੇ ਅੰਦਰ ਮੌਜੂਦ ਅਣੂਆਂ ਦੀ ਜਾਂਚ ਕਰ ਲਈ। ਰਜਨੀ ਨੂੰ ਨਤੀਜੇ ਦਾ ਤੀਬਰਤਾ ਨਾਲ ਇੰਤਜ਼ਾਰ ਸੀ।

'ਸੱਭ ਕੁਝ ਮਿਆਰੀ ਸੀਮਾ ਵਿਚ ਹੀ ਹੈ।' ਮਸ਼ੀਨ ਦੀ ਸਕਰੀਨ ਉੱਤੇ ਅੰਕਿਤ ਕਥਨ ਸੀ।

'ਸਾਰੀ ਖੋਜ ਵਿਅਰਥ ਹੀ ਰਹੀ।' ਰਜਨੀ ਦੇ ਮਨ ਵਿਚ ਸੋਚ ਦੀ ਤਰੰਗ ਸੀ। ਹੈਂਡ ਬੈਗ ਵਾਪਸ ਕਰਦਿਆਂ ਉਸ ਕਿਹਾ, 'ਠੀਕ ਹੈ! ਮਿਸ ਛਾਇਆ, ਸਭ ਕੁਝ ਠੀਕ ਠਾਕ ਹੀ ਹੈ....... ।' ਤਦ ਹੀ ਉਸ ਨੇ ਉਸ ਔਰਤ ਦੀਆਂ ਅੱਖਾਂ ਵਿਚ ਹਲਕੀ ਜਿਹੀ ਰਾਹਤ ਦਾ ਅਹਿਸਾਸ ਨੋਟ ਕੀਤਾ।

'ਪਰ ਕੀ ਤੁਸੀਂ ਹੈਂਡ ਬੈਗ ਖੋਲ੍ਹੋਗੇ ਤਾਂ ਕਿ ਕੋਈ ਸ਼ੰਕਾ ਨਾ ਰਹੇ?'

'ਹਾਂ! ਜ਼ਰੂਰ! ਕਿਉਂ ਨਹੀਂ?'

ਉਸ ਔਰਤ ਦੀ ਆਵਾਜ਼ ਵਿਚ ਥੋੜ੍ਹੀ ਜਿਹੀ ਝੁੰਜਲਾਹਟ ਸੀ। ਰਜਨੀ ਨੇ ਹੈਡ ਬੈਗ ਨੂੰ ਲੱਗੇ ਤਾਲੇ ਨੂੰ ਖੋਲਣ ਪਿਛੋਂ ਜਿਵੇਂ ਹੀ ਉਸ ਦਾ ਢੱਕਣ ਚੁੱਕਣ ਦੀ ਕੋਸ਼ਿਸ਼ ਕੀਤੀ ਇਹ ਢੱਕਣ ਤੇਜ਼ੀ ਨਾਲ ਉਪਰ ਉੱਠ ਗਿਆ ਤੇ.........ਉਸ ਵਿਚੋਂ ਬਾਹਰ ਨਿਕਲਿਆ 'ਕੁਝ' ਰਜਨੀ ਦੀਆਂ ਅੱਖਾਂ ਦੇ ਠੀਕ ਵਿਚਕਾਰ ਜ਼ੋਰ ਨਾਲ ਆ ਟਕਰਾਇਆ।

ਰਜਨੀ ਨੇ ਚੀਖਣਾ ਚਾਹਿਆ ਪਰ ਆਵਾਜ਼ ਜਿਵੇਂ ਉਸ ਦੇ ਗਲੇ ਵਿਚ ਘੁੱਟ ਕੇ ਰਹਿ ਗਈ ਹੋਵੇ। ਅੱਖ ਝਮਕਣ ਦੇ ਅਰਸੇ ਦੌਰਾਨ ਚੌਗਿਰਦੇ ਦਾ ਹਾਲ ਗਾਇਬ ਹੋ ਚੁੱਕਾ ਸੀ। ਉਹ 'ਸੂਚਨਾਵਾਂ' ਦੇ ਘੁੰਮਣਘੇਰ ਵਿਚ ਫਸ ਚੁੱਕੀ ਸੀ।

'ਹਜ਼ਾਰਾਂ ਚਿੱਤਰ, ਅਰਬਾਂ ਖਰਬਾਂ ਅੱਖਰ ਤੇ ਸੈਂਕੜੇ ਤਸਵੀਰਾਂ ਉਸ ਦੇ ਦਿਮਾਗ ਵਿਚ ਉਧੜ-ਧੁੰਮੀ ਮਚਾ ਰਹੀਆਂ ਸਨ। ਇਹ ਸਭ ਕੁਝ ਯਾਤਰਾਵਾਂ ਨਾਲ ਸੰਬੰਧਤ ਸੀ। ਕਦੇ ਉਸ ਦੇ ਦਿਮਾਗੀ ਚਿੱਤਰਪਟ ਉੱਤੇ 'ਹੈੱਡ ਲਾਇਨਜ਼' ਤੇਜ਼ੀ ਨਾਲ ਪਰਗਟ ਹੁੰਦੀਆਂ ਤੇ ਕਦੇ ਅਜੀਬੋ-ਗਰੀਬ ਘਟਨਾਵਾਂ ਦੇ ਚਲ-ਚਿੱਤਰ ਨਜ਼ਰ ਆਉਂਦੇ।....... ਤੇ ਇਸ ਉਧੜ-ਧੁੰਮੀ ਦੇ ਬੋਝ ਹੇਠ ਉਸ ਦਾ ਮਨ ਪੂਰੀ ਤਰ੍ਹਾਂ ਨਪੀੜਿਆ ਜਾ ਰਿਹਾ ਸੀ।

......... 'ਨਿਊਯਾਰਕ ਵਿਖੇ ਸ਼ਾਦੀ' ......... 'ਪੈਰਿਸ ਵਿਖੇ ਹਨੀਮੂਨ' .......... 'ਲੰਡਨ ਵਿਖੇ ਬਰਥ-ਡੇ ਪਾਰਟੀ' .......... 'ਦੋ ਹਫਤੇ ਟੋਰਾਂਟੋ ਵਿਚ' ......... 'ਸੀ ਐਨ ਟਾਵਰ ਵਿਖੇ ਡਿਨਰ' ......... 'ਮੇਡ ਆਫ ਮਿਸਟ ਦੀ ਸਵਾਰੀ' .......... ਹਰ ਹੈਡ ਲਾਇਨ ਤੋਂ ਬਾਅਦ ਸ਼ਬਦਾਂ ਤੇ ਚਿੱਤਰਾਂ ਦਾ ਮਨ ਨੂੰ ਬੁਖਲਾ ਦੇਣ ਵਾਲਾ ਜਾਣਕਾਰੀ ਭੰਡਾਰ।........ਤੇ ਇਹ ਸੱਭ ਕੁਝ ਅੰਤ ਰਹਿਤ ਸੀ.......

ਅਚਾਨਕ ਹੀ ਵਿਸ਼ਾ ਬਦਲ ਗਿਆ। .........ਹੁਣ ਵਿਸ਼ਾ ਵਿਗਿਆਨ ਅਤੇ ਟੈਕਨਾਲੋਜੀ ਸੀ।....... 'ਨਿਊਕਲੀ ਰੇਡੀਏਸ਼ਨ' .......... 'ਹੈਵੀਵਾਟਰ ਪਲਾਂਟ ਡਿਜ਼ਾਇਨ' ......... 'ਰੀਐਕਟਰ ਟੈਕਨਾਲੋਜੀ' ....... 'ਰੋਬੋ ਸਿਸਟਮਾਂ ਵਿਚ ਆਰ ਐਨ ਏ ਟਰਾਂਸਫਰ' .......... 'ਜ਼ੀਟਾ ਲਿਪਟਰਾਂ ਦੀ ਡਾਈਮ੍ਰਾਈਜੇਸ਼ਨ' ............ਸਭ ਕੁਝ ਅੰਤ ਰਹਿਤ ਜਾਪ ਰਿਹਾ ਸੀ। .......... ਰਜਨੀ ਦੇ ਦਿਮਾਗ ਵਿਚ ਸ਼ਬਦਾਂ, ਚਿੱਤਰਾਂ ਤੇ ਅੰਕੜਿਆਂ ਦੀ ਅੰਤ ਰਹਿਤ ਲੜੀ ਲਗਾਤਾਰ ਜਾਰੀ ਸੀ। ਇਹ ਸਭ ਕੁਝ ਉਸ ਦੇ ਰੈਟੀਨਾ ਨੂੰ ਲਗਾਤਾਰ ਸਾੜ ਰਿਹਾ ਸੀ। .......... ਕੋਈ ਦਰਦ ਨਹੀਂ ਸੀ ਪਰ ਉਸ ਦਾ ਮਨ ਡਾਢੀ ਪੀੜ ਮਹਿਸੂਸ ਕਰ ਰਿਹਾ ਸੀ। .........ਮਦਦ ਦੀ ਪੁਕਾਰ ਲਗਾਤਾਰ ਜਾਰੀ 'ਡਾਟਾ ਟਰਾਂਸਫਰ' ਦੇ ਅੰਤ ਰਹਿਤ ਕਾਫਲੇ ਹੇਠ ਦੱਬੀ ਹੋਈ ਸੀ। ....... ਸਮੇਂ ਦੇ ਗੁਜ਼ਰਣ ਨਾਲ ਸਭ ਕੁਝ ਹੋਰ ਤੇ ਹੋਰ ਦੁਖਦਾਈ ਹੁੰਦਾ ਜਾ ਰਿਹਾ ਸੀ........ ਉਸ ਦਾ ਦਿਮਾਗ ਸੁੰਨ ਹੋ ਰਿਹਾ ਸੀ....... ਹੋਰ ਵਧੇਰੇ ਜਾਣਕਾਰੀ ਨੂੰ ਸਮੇਟਣ ਦੇ ਅਸਮਰਥ ਸੀ ਇਹ।

.........ਤੇ ਫਿਰ ਇਕ ਚੁੱਪ.......

.........ਸਭ ਕੁਝ ਖਤਮ ਹੋ ਚੁੱਕਾ ਸੀ।

ਜਿੰਨੀ ਤੇਜ਼ੀ ਨਾਲ ਇਹ ਸਭ ਕੁਝ ਸ਼ੁਰੂ ਹੋਇਆ ਸੀ .........ਇਹ ਤੱਥਾਂ ਤੇ ਸੂਚਨਾਵਾਂ ਦਾ ਹੜ੍ਹ....... ਉਨ੍ਹੀ ਤੇਜ਼ੀ ਨਾਲ ਹੀ ਇਹ ਸਭ ਕੁਝ ਖਤਮ ਹੋ ਗਿਆ। ਹੁਣ ਇਕ ਖਾਲੀਪਣ ਸੀ.........ਗੈਰਯਕੀਨੀ ਖਿਲਾਅ....... ਕੋਈ ਸੋਚ ਨਹੀਂ...... ਤਦ ਹੀ ਮਨ ਦੇ ਚਿੱਤਰਪਟ ਉੱਤੇ ਚੋਗਿਰਦੇ ਮੌਜੂਦ ਆਵਾਜ਼ਾਂ ਤੇ ਮਹਿਕਾਂ ਦਾ ਵਾਵਰੋਲਾ ਪਰਗਟ ਹੋ ਗਿਆ।

ਪੀੜ......ਸਰੀਰਕ ਪੀੜ......ਉਸ ਦੇ ਮੋਢੇ ਦਰਦ ਕਰ ਰਹੇ ਸਨ। ਇਹ ਪੀੜ, ਲੰਗਰ (anchor) ਦੀ ਤਰ੍ਹਾਂ, ਉਸ ਦੇ ਮਨ ਅੰਦਰਲੇ ਬੇਤਹਾਸ਼ਾ ਵਿਚਾਰਾਂ ਦੇ ਜਵਾਰ-ਭਾਟੇ ਨੂੰ ਘਟਾਉਂਦੀ ਹੋਈ ਮੱਧਮ ਕਰ ਰਹੀ ਸੀ। ਰਜਨੀ ਨੂੰ ਲੱਗਿਆ ਉਹ ਫਰਸ਼ ਉੱਤੇ ਲੇਟੀ ਹੋਈ ਹੈ।

'ਮੈਂ ਜ਼ਰੂਰ ਗਿਰ ਗਈ ਹੋਵਾਂਗੀ।' ਮਾਨਸਿਕ ਉਤਾਰ-ਚੜ੍ਹਾਅ ਵਿਚ ਸੋਚ ਦੀ ਹਲਕੀ ਤਰੰਗ ਸੀ। ਤਦ ਉਸ ਨੂੰ ਚੁੱਕੇ ਜਾਣ ਦਾ ਅਹਿਸਾਸ ਹੋਇਆ। ਉਸ ਦੇ ਗਿਰਦ ਆਵਾਜ਼ਾਂ ਸਨ......... ਇਰਦ ਗਿਰਦ ਲੋਕਾਂ ਦਾ ਇਕੱਠ। ਉਸ ਦੇ ਸਾਥੀ ਅਫਸਰ ਸਨ। ਉਸ ਨੇ ਮਹਿਸੂਸ ਕੀਤਾ ਕਿ ਉਸ ਦੀਆਂ ਅੱਖਾਂ ਕੱਸ ਕੇ ਬੰਦ ਸਨ। ਉਸ ਨੇ ਸਹਿਜ ਹੋਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਲੱਗਿਆ ਕਿ ਉਸ ਨੂੰ ਨਰਮ ਨਰਮ ਸਤਹਿ ਉੱਤੇ ਲਿਟਾਇਆ ਜਾ ਰਿਹਾ ਹੈ........'ਬਿਸਤਰਾ ਹੋਵੇਗਾ' ਉਸ ਦਾ ਮਨ ਚੀਖਿਆ। ਉਸ ਨੂੰ ਸਰੀਰ ਅੰਦਰ ਅਜੀਬ ਜਿਹੀ ਹਰਾਰਤ ਮਹਿਸੂਸ ਹੋਈ ਤੇ ਫਿਰ ਰਾਹਤ ਮਹਿਸੂਸ ਹੋਣ ਲੱਗੀ। ਉਸ ਨੂੰ ਲੱਗਿਆ ਉਸ ਨੂੰ ਤਾਕਤ ਮਿਲ ਰਹੀ ਸੀ ਸ਼ਾਇਦ ਉਹ ਉਸ ਨੂੰ 'ਬਾਇਓ ਚਾਰਜ' ਕਰ ਰਹੇ ਸਨ।.......

ਕੁਝ ਦੇਰ ਬਾਅਦ ਉਸ ਨੇ ਅੱਖਾਂ ਖੋਲੀਆਂ ਤੇ ਫਿਰ ਉੱਠ ਕੇ ਬੈਠ ਗਈ। ਉਹ ਹਵਾਈ ਅੱਡੇ ਦੇ ਹਸਪਤਾਲ ਵਿਖੇ ਸੀ। ਉਸ ਦੇ ਸਾਥੀ ਕਰਮਚਾਰੀ ਉਸ ਦੇ ਆਲੇ ਦੁਆਲੇ ਖੜ੍ਹੇ ਸਨ। ਉਨ੍ਹਾਂ ਦੇ ਚਿਹਰੇ ਉੱਤੇ ਚਿੰਤਾ ਤੇ ਰਾਹਤ ਦੇ ਰਲੇ ਮਿਲੇ ਭਾਵ ਸਨ । ਚਿੱਟਾ ਕੋਟ ਪਹਿਨੀ ਇਕ ਡਾਕਟਰ ਉਸ ਕੋਲ ਖੜ੍ਹਾ ਸੀ। ਉਸ ਦੇ ਚਿਹਰੇ ਉੱਤੇ ਤਸੱਲੀ ਭਰੀ ਮੁਸਕਾਣ ਸੀ। ਰਜਨੀ ਦੇ ਮੋਢਿਆਂ ਦੀ ਪੀੜ੍ਹ ਹੁਣ ਘੱਟ ਗਈ ਸੀ। ਰਜਨੀ ਨੂੰ ਲੱਗਿਆਂ ਉਹ ਸੱਭ ਵੱਲ ਬਿਤਰ ਬਿਤਰ ਝਾਕ ਰਹੀ ਸੀ।

ਰਜਨੀ ਨੇ ਆਪਣੇ ਅੰਗਾਂ ਦੀ ਜਾਂਚ ਕੀਤੀ। ਸੱਜੇ ਮੌਢੇ ਤੋਂ ਇਲਾਵਾ ਸਭ ਕੁਝ ਠੀਕ ਠਾਕ ਹੀ ਸੀ। ਹੁਣ ਉਸ ਨੂੰ ਕੁਝ ਕੁਝ ਠੀਕ ਲੱਗ ਰਿਹਾ ਸੀ। ਰਜਨੀ ਨੇ ਆਪਣੀਆਂ ਲੱਤਾਂ ਸਿੱਧੀਆਂ ਕੀਤੀਆਂ। ਡਾਕਟਰ ਦੇ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਦੇ ਬਾਵਜੂਦ ਉਹ ਉਪਰ ਵੱਲ ਨੂੰ ਸਰਕਦੇ ਹੋਏ ਹੌਲੇ ਹੌਲੇ ਬੈਠ ਗਈ ਤੇ ਉਸ ਨੇ ਅੱਖਾਂ ਬੰਦ ਕਰ ਲਈਆ।

'ਕੀ ਹੋਇਆ ਸੀ?' ਕੋਲ ਖੜੇ ਝੁਰਮਟ ਵਿਚੋਂ ਕੋਈ ਪੁੱਛ ਰਿਹਾ ਸੀ।

'ਹਾਂ, ਸੱਚ ਉਸ ਨੂੰ ਕੀ ਹੋਇਆ ਸੀ?' ਰਜਨੀ ਨੇ ਸੋਚਿਆ। 'ਟੈਕਨਾਲੋਜੀ.........ਹਾਂ! ਉਸ ਨੂੰ ਟੈਕਨਾਲੋਜੀ ਦਾ ਬੁਰਾ ਪ੍ਰਭਾਵ

ਸਹਿਣਾ ਪਿਆ ਸੀ।' ਉਸ ਦੇ ਆਮ ਸੁਭਾਅ ਦੇ ਠੀਕ ਉਲਟ ਉਸ ਦੀ ਕੁੱੜਤਣ ਭਰੀ ਸੋਚ ਸੀ। ਉਸ ਨੇ ਨਿਊਰੋ-ਟਿਰਿੱਗਰ ਬਾਰੇ ਪਿਛਲੇ ਦਿਨੀ ਹੀ ਸੁਣਿਆ ਸੀ। ਦੱਖਣੀ ਏਸ਼ੀਆ ਦੇ ਖਿੱਤੇ ਅੰਦਰ ਨਿਊਰੋ ਸਾਇੰਸ ਦੇ ਖੇਤਰ ਵਿਚ ਇਹ ਨਵੀਂ ਅਤੇ ਕ੍ਰਾਂਤੀਕਾਰੀ ਖੋਜ ਕੀਤੀ ਗਈ ਸੀ। ਅਜਿਹੇ ਨਿਊਰੋ-ਟਿਰਿੱਗਰ ਅਜੇ ਅਮਰੀਕਾ ਵਿਖੇ ਆਮ ਉਪਲਬਧ ਨਹੀਂ ਸਨ ਹੋਏ। ਉਸ ਨਾਲ ਅਜਿਹਾ ਪਹਿਲਾਂ ਕਦੇ ਨਹੀਂ ਸੀ ਵਾਪਰਿਆ ਤੇ ਉਹ ਕਲਪਨਾ ਵੀ ਨਹੀਂ ਸੀ ਕਰਨਾ ਚਾਹੁੰਦੀ ਕਿ ਦੁਬਾਰਾ ਕਦੇ ਉਸ ਨਾਲ ਅਜਿਹਾ ਵਰਤੇ। ਸਾਹ ਰਾਹੀਂ ਸਰੀਰ ਵਿਚ ਪੁੱਜਣ ਉੱਤੇ ਇਹ ਰਸਾਇਣੀ ਨਿਊਰੋ-ਟਿਰਿੱਗਰ ਮਨ ਨੂੰ ਪਹਿਲੋਂ ਨਿਰਧਾਰਿਤ ਮਾਨਸਿਕ ਪ੍ਰਤਿਬਿੰਬਾਂ ਦੀ ਦੁਨੀਆਂ ਵਿਚ ਪਹੁੰਚਾ ਦਿੰਦੇ ਸਨ। ਇਹ ਸਾਹ ਰਾਹੀਂ ਸੂਚਨਾਵਾਂ ਅਤੇ ਅੰਕੜਿਆਂ ਦੇ ਸੇਵਨ ਵਾਂਗ ਸੀ। ਹੈਡ ਬੈਗ ਦੀ ਜਾਂਚ ਸਮੇਂ ਵਰਤੇ ਗਏ ਵਿਸ਼ਲੇਸ਼ਕ ਯੰਤਰ ਦੀ ਊਰਜਾ ਨਾਲ ਇਨ੍ਹਾਂ ਨਿਊਰੋ-ਟਿਰਿੱਗਰਾਂ ਦੀ ਪੈਕਿੰਗ ਫੱਟ ਗਈ ਹੋਵੇਗੀ ਅਤੇ ਇਹ ਰਸਾਇਣ ਬਿਲਕੁਲ ਹੀ ਨਵੇਂ ਹੋਣ ਕਾਰਣ ਮੋਲੀਸੈਂਪ ਦੀ ਪਛਾਣ ਵਿਚ ਨਹੀਂ ਸਨ ਆ ਸਕੇ। ਤਦੇ ਹੀ ਤਾਂ ਸੈਂਕੜੇ ਹਜ਼ਾਰਾਂ ਨਿਊਰੋ-ਟਿਰਿੱਗਰ ਸਾਹ ਰਾਹੀਂ ਤੁਰੰਤ ਹੀ ਉਸ ਦੇ ਸਰੀਰ ਅੰਦਰ ਦਾਖਿਲ ਹੋ ਗਏ ਸਨ।

ਰਜਨੀ ਨੇ ਅੱਖਾਂ ਖੋਲੀਆਂ ਅਤੇ ਦੇਖਿਆ ਕਿ ਉਹ ਔਰਤ ਜੋ ਇਸ ਘਟਨਾ ਦਾ ਕਾਰਣ ਸੀ ਉਸੇ ਕਮਰੇ ਵਿਚ ਮੌਜੂਦ ਸੀ। ਰਜਨੀ ਆਪਣੇ ਸਾਥੀਆਂ ਦੀ ਧੰਨਵਾਦੀ ਸੀ ਕਿ ਉਸ ਦੇ ਇਸ ਦੁਖਦਾਈ ਸਥਿਤੀ ਵਿਚੋਂ ਲੰਘਣ ਪਿਛੋਂ, ਉਸ ਦੇ ਸਾਥੀ ਅਫਸਰ ਰਜਨੀ ਦੁਆਰਾ ਉਸ ਔਰਤ ਨੂੰ ਗ੍ਰਿਫਤਾਰ ਕਰਨ ਲਈ ਸਹਿਮਤ ਸਨ। ਸੁਰੱਖਿਆ ਕਰਮਚਾਰੀ ਦੁਆਰਾ ਰੋਕੇ ਜਾਣ ਪਿਛੋਂ ਉਹ ਔਰਤ ਹੁਣ ਪਹਿਲਾਂ ਵਾਂਗ ਨੇਕ ਨਹੀਂ ਸੀ ਜਾਪ ਰਹੀ।

ਰਜਨੀ ਇਕ ਕੁਤਰੇ ਖੰਭਾਂ ਵਾਲੇ ਪੰਛੀ ਦੀ ਤਰ੍ਹਾਂ ਬਿਸਤਰੇ ਉੱਤੇ ਬੈਠੀ ਹੋਈ ਸੀ। ਉਸ ਨੇ ਇਕ ਗਹਿਰਾ ਸਾਹ ਲਿਆ ਤੇ ਸ਼ਬਦਾਂ ਨੂੰ ਬਹੁਤ ਹੀ ਧਿਆਨ ਨਾਲ ਚੁਣਦੇ ਹੋਏ, ਮੱਧਮ ਜਿਹੀ ਆਵਾਜ਼ ਵਿਚ ਉਸ ਸਮੱਗਲਰ ਔਰਤ ਨੂੰ ਕਿਹਾ:

'ਮਿਸ ਛਾਇਆ! ਏਸ਼ੀਆ ਸੰਬੰਧਤ ਵਰਜਿਤ ਜਾਣਕਾਰੀ ਨੂੰ ਅਮਰੀਕਾ ਵਿਖੇ ਸਮਗਲ ਕਰਨ ਦੀ ਕੋਸ਼ਿਸ਼ ਦੇ ਦੋਸ਼ ਹੇਠ ਮੈਂ ਤੈਨੂੰ ਕਾਨੂੰਨਨ ਤੌਰ ਉੱਤੇ ਗ੍ਰਿਫਤਾਰ ਕਰਦੀ ਹਾਂ ।'

ਡਾ. ਦੇਵਿੰਦਰ ਪਾਲ ਸਿੰਘ ਅਧਿਆਪਕ ਅਤੇ ਲੇਖਕ ਹੈ, ਜਿਸ ਦੀਆਂ 24 ਕਿਤਾਬਾਂ ਤੇ ਲਗਭਗ 1200 ਰਚਨਾਵਾਂ ਵਿਗਿਆਨ, ਧਰਮ ਅਤੇ ਵਾਤਾਵਰਣ ਦੇ ਖੇਤਰਾਂ ਵਿਚ ਛੱਪ ਚੁੱਕੀਆਂ ਹਨ। ਉਸ ਦੇ 75 ਟੈਲੀਵਿਯਨ ਪ੍ਰੋਗਰਾਮ ਟੈਲੀਕਾਸਟ ਹੋ ਚੁੱਕੇ ਹਨ। ਜੋ ਯੂਟਿਊਬ ਪੇਸ਼ਕਾਰੀਆਂ ਵਜੋਂ ਇੰਟਰਨੈੱਟ ਉੱਤੇ ਵੀ ਉਪਲਬਧ ਹਨ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਅਜ ਕਲ ਉਹ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਖੇ, ਕੈਨਬ੍ਰਿਜ ਲਰਨਿੰਗ ਸੰਸਥਾ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ।



**ਵੈਬਸਾਈਟ** : www.drdpsigauthor.wordpress.com

**ਈ-ਮੇਲ** : drdpsn@gmail.com

**"ਸੌ ਸਾਲ ਬਾਅਦ ਇਸ ਨਾਲ ਕੋਈ ਫ਼ਰਕ ਨਹੀਂ ਪਵੇਗਾ ਕਿ ਮੇਰਾ ਬੈਂਕ ਖਾਤਾ ਕਿੰਨਾ ਸੀ, ਮੈਂ ਕਿਸ ਤਰ੍ਹਾਂ ਦੇ ਘਰ ਵਿੱਚ ਰਹਿੰਦਾ ਸੀ, ਜਾਂ ਮੈਂ ਕਿਸ ਤਰ੍ਹਾਂ ਦੀ ਕਾਰ ਚਲਾਉਂਦਾ ਸੀ, ਪਰ ਦੁਨੀਆਂ ਵਿਲੱਖਣ ਹੋ ਸਕਦੀ ਹੈ ਕਿਉਂਕਿ ਮੈਂ ਇੱਕ ਬੱਚੇ ਦੇ ਜੀਵਨ ਵਿੱਚ ਮਹੱਤਵਪੂਰਨ ਸੀ।" - ਫੋਰੈਸਟ ਈ. ਵਿਟਕ੍ਰਾਫਟ (1894-1967), ਇੱਕ ਵਿਦਵਾਨ, ਅਧਿਆਪਕ, ਅਤੇ ਬੁਆਏ ਸਕਾਊਟ ਲੀਡਰ। ਉਸਨੇ ਲਿਖਿਆ ਕਿ ਕੋਈ ਵੀ ਜੋ "ਬਹੁਤ ਮਹੱਤਵਪੂਰਨ ਨਹੀਂ" ਅਤੇ ਇੱਕ "ਆਮ ਨਾਗਰਿਕ" ਹੈ - ਉਹ ਸ਼ਬਦ ਜੋ ਉਹ ਆਪਣੇ ਆਪ ਨੂੰ ਦਰਸਾਉਣ ਲਈ ਵਰਤਦਾ ਹੈ - ਇੱਕ ਮੁੰਡੇ ਦੇ ਜੀਵਨ 'ਤੇ ਬਹੁਤ ਪ੍ਰਭਾਵ ਪਾ ਸਕਦਾ ਹੈ। ਜਵਾਨ ਮੁੰਡੇ ਤਵਾਰੀਖ਼ ਦੇ ਸਿਰਜਣਹਾਰ ਹਨ। "ਜੇਕਰ ਮੈਂ ਉਨ੍ਹਾਂ ਨੂੰ ਸਕਾਊਟਿੰਗ ਦੇ ਰਸਤੇ 'ਤੇ, ਨੇਕ ਚਰਿੱਤਰ ਅਤੇ ਰਚਨਾਤਮਕ ਨਾਗਰਿਕਤਾ ਦੇ ਉੱਚੇ ਰਸਤੇ 'ਤੇ ਲੈ ਜਾਣ ਵਿੱਚ ਕੁਝ ਹਿੱਸਾ ਪਾ ਸਕਦਾ ਹਾਂ, ਤਾਂ ਮੈਂ ਉਨ੍ਹਾਂ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਆਦਮੀ, ਤੇ ਆਪਣੇ ਭਾਈਚਾਰੇ ਵਿੱਚ ਵੀ ਸਭ ਤੋਂ ਮਹੱਤਵਪੂਰਨ ਆਦਮੀ ਸਾਬਤ ਹੋ ਸਕਦਾ ਹਾਂ।"**




ਸਹਾਰਾ ਦਾ ਰੇਗਿਸਤਾਨ ਲਹਿੰਦੇ ਪਾਸੇ ਅਟਲਾਂਟਿਕ ਮਹਾਸਾਗਰ ਤੱਕ ਚੜ੍ਹਦੇ ਪਾਸੇ ਲਾਲ ਸਮੁੰਦਰ ਤੀਕ ਅਤੇ ਉੱਤਰ ਵਿੱਚ ਰੂਮ ਸਾਗਰ ਤੱਕ ਫੈਲਿਆ ਹੋਇਆ ਹੈ। ਮੋਰੋਕੋ ਅਤੇ ਅਲਜੀਰ ਅਤੇ ਚੈਡ ਅਤੇ ਲੀਬੀਆ ਅਤੇ ਮਾਲੀ ਅਤੇ ਮਿਸਰ ਅਤੇ ਨੀਜਰ ਅਤੇ ਟਿਊਨੀਜ਼ੀਆ ਅਤੇ ਸੁਡਾਨ ਅਤੇ ਮੌਰੀਤਾਨੀਆ ਅਤੇ ਮਗਰਬੀ ਸਹਿਰਾ ਨੂੰ ਨੱਪਦਾ ਹੈ। ਤਕਰੀਬਨ ਕਰੋੜ ਵਰਗ ਮੀਲ ਦੀ ਜਗ੍ਹਾ ਰੇਤ ਹੀ ਰੇਤ ਹੈ। ਫੇਰ ਵੀ ਇੱਥੇ ਲੋਕ ਰਹਿੰਦੇ ਹਨ...ਰਹਿੰਦੇ ਸਨ। ਸ਼ਾਇਦ ਪੁਰਾਣੀਆਂ ਸਦੀਆਂ ਵਿੱਚ ਫ਼ਜ਼ਾ ਰਹਿਣ ਯੋਗ ਸੀ।

ਮਹਾਨ ਤਹਿਜ਼ੀਬਾਂ ਰੇਤਲੇ ਟਿੱਬਿਆਂ ਵਿੱਚ ਗਵਾਚ ਚੁੱਕੀਆਂ ਹਨ। ਅਤੇ ਜਿਨ੍ਹਾਂ ਦਾ ਸ਼ੌਕ ਹੈ, ਪੁਰਾਤਤਵ ਵਿਗਿਆਨੀ, ਸਾਹਸੀ ਖੋਜਕਾਰ ਅਤੇ ਤਾਰੀਖਦਾਨ, ਉਹ ਸੱਭਿਅਤਾਵਾਂ ਦੇ ਖੰਡਰਾਂ ਨੂੰ ਟੋਲ਼ਦੇ ਹਨ। ਅਤੇ ਪੈਸੇ ਬਣਾਉਣ ਵਾਲ਼ੇ ਵੀ। ਇਸ ਤਰ੍ਹਾਂ ਇੱਕ ਖੰਡਰ ਮਗਰਬੀ ਸਹਿਰੇ 'ਚ ਭਾਲ਼ ਲਿੱਤਾ ਸੀ। ਝਾਕ ਸੀ ਕਿ ਕੋਈ ਮਿਸਰੀ ਮਲਬਾ ਲੱਭ ਜਾਣਾ ਸੀ, ਅਤੇ ਉਸ ਦੇ ਇਤਿਹਾਸਿਕ ਚੀਜ਼ਾਂ ਨੂੰ ਕੋਈ ਅਜਾਇਬ ਘਰ ਨੂੰ ਜਾਂ ਅਮੀਰ ਸੰਗ੍ਰਹਿ ਕਰਤੇ ਨੂੰ ਵੇਚ ਕੇ ਪੈਸੇ ਕਮਾ ਸਕਦੇ ਸਨ। ਉਂਵ ਸਦੀਆਂ ਹੋ ਚੁੱਕੀਆਂ ਬਾਹਰਲੇ ਲੋਕ ਅਫ਼ਰੀਕਾ ਤੋਂ ਸਭ ਕੁਝ ਚੋਰੀ ਕਰ ਕੇ ਆਪਣੇ ਅਜਾਇਬ ਘਰਾਂ ਨੂੰ ( ਜਾਂ ਆਪਣੇ ਹੀ ਘਰ ਵਿੱਚ!) ਸਜਾ ਕੇ ਪੈਸੇ ਕਮਾ ਰਹੇ ਸਨ! ਆਮ ਚਿੱਟੇ ਲੋਕ ਹੀ ਖ਼ਜ਼ਾਨਿਆਂ

ਦੇ ਹੀ ਮਗਰ ਜਾਂਦੇ ਸਨ! ਮੁਲਕ ਨੂੰ ਖੋਭਾ ਕੇ, ਲੁੱਟ ਕੇ ਉਹ ਹੀ ਮਾਲ਼ ਅਫ਼ਰੀਕਨਾਂ ਨੂੰ ਆਪਣੇ ਦੇਸ਼ਾਂ 'ਚ ਲੰਘਵਾਈ ਲਾ ਕੇ ਵੇਖਾਉਂਦੇ ਹਨ! ਖ਼ੈਰ!

ਪਰ ਅੱਜ ਦੀ ਪ੍ਰਾਪਤੀ ਕਮਾਲ ਦੀ ਸੀ! ਅਣਹੋਣੀ ਸੀ! ਜਦ ਇੱਕ ਖੋਜਦਾਰ ਨੇ ਰੇਤਲੀ ਕੰਧ ਉੱਤੋਂ ਬਾਲੂ ਪੂੰਝੀ, ਉਜਾਗਰ ਅੱਖਰ ਕੋਈ ਅਫ਼ਰੀਕੀ ਸੱਭਿਅਤੇ ਦੇ ਨਹੀਂ ਸਨ...ਪਰ ਸਿੰਧੂ ਘਾਟੀ ਸੱਭਿਅਤੇ ਦੇ!

ਖੋਜਦਾਰ ਸੁਖਬੀਰ ਕੌਰ ਢੰਡ ਸੀ। ਉਸ ਦੇ ਮਾਂ-ਪੇ ਪੰਜਾਬ ਤੋਂ ਕਈ ਚਿਰ ਪਹਿਲਾਂ ਆਰਥਿਕ ਪਰਵਾਸੀਆਂ ਦੇ ਸਮੂਹ ਵਿੱਚ ਆਏ ਸਨ। ਧੀ ਬਹੁਤ ਹੁਸ਼ਿਆਰ ਨਿਕਲੀ ਅਤੇ ਪੜ੍ਹ ਪੜ੍ਹ ਕੇ ਮੋਲਾ ਵਾਸਤੇ ਕੰਮ ਕਰਨ ਲੱਗ ਪਈ। ਕਈ ਪੁਰਾਣੀਆਂ ਜ਼ੁਬਾਨਾਂ ਨੂੰ ਜਾਣਦੀ ਸੀ। ਖ਼ਾਸ ਅਫ਼ਰੀਕਨ ਬੋਲੀਆਂ, ਮਿਸਰ ਦੇ ਸਨਾਤਨ ਅੱਖਰ 'ਤੇ ਚਿੱਤਰ ਲਿੱਪੀਆਂ। ਤਾਂ ਹੀ ਇੱਥੇ ਸੀ।

ਉਸ ਦੇ ਨਾਲ਼, ਟਾਰਚ ਫੜਦਾ, ਯੂਸਫ਼ ਸੀ, ਇੱਕ ਸਥਾਨੀ ਕਾਮਾ, ਕੰਧ ਉੱਤੇ ਰਿਸ਼ਮ ਚਮਕਾਉਂਦਾ। ਉਨ੍ਹਾਂ ਨਾਲ਼ ਮੋਲੇ ਦੇ ਤਿੰਨ ਹੋਰ ਕਰਮਚਾਰੀ ਸਨ, ਸਭ ਅਫ਼ਰੀਕਨ, ਕੁਝ ਕਾਲ਼ੇ, ਕੁਝ ਬਰਬਰ ਲੋਕ।

ਟਾਰਚ ਦੀ ਕਿਰਨ ਨੇ ਗ਼ੈਰ ਅੱਖਰ ਵਿਖਾਏ। ਬਿਗਾਨੇ ਅੰਕ ਸਨ, ਕੁਝ ਜਲਤੋਰੀਆਂ ਦੇ ਰੂਪ 'ਚ, ਕੁਝ ਲੀਕ, ਕੁਝ ਚੌਕੋਰ, ਕੁਝ ਖ਼ਮਦਾਰ ਅਤੇ ਕੁਝ ਬੂਟੇ ਬਾਥੂ ਵਰਗੇ। ਖ਼ਾਸ ਚਿੱਤਰ ਸਾਨ੍ਹਾਂ ਦੇ ਸਨ। ਯੂਸਫ਼ ਨੂੰ ਸੁਖੀ ਦੀ ਹੈਰਾਨੀ ਸਮਝ ਨਹੀਂ ਆਈ, ਕਿਉਂਕਿ ਉਸ ਦੀ ਨਜ਼ਰ ਨੂੰ ਤਾਂ ਕਈ ਚਿੰਨ੍ਹ ਤਰਕ ਸੰਗਤ ਜਾਪੇ। ਪਰ ਜਦ ਸੁਖੀ ਬੋਲੀ, ਉਸ ਨੂੰ ਵੀ ਸੰਬੋਧ ਸੀ ਕਿ ਆਮ ਲਭਾਉਣਿਆਂ ਤੋਂ ਅਲੱਗ ਸਨ। ਪਰ ਯੂਸਫ਼ ਨੂੰ ਸੁਖੀ ਦੀਆਂ ਅੱਖਾਂ 'ਚ ਦਿੱਸਦਾ ਸੀ ਕਿ ਡਾਕਟਰਨੀ ਢੰਡ ਵਾਸਤੇ ਬਹੁਤ ਹਿਲ਼ ਮਿਲ਼ ਸਨ। ਸੁਖੀ ਯੂਸਫ਼ ਦੇ ਚਾਕਲੇਟ ਚੇਹਰੇ ਵੱਲ ਮੁਸਕਾ ਕਰ ਰਹੀ ਸੀ, ਨਾਲ਼ੇ ਬੋਲੀ, ਇਹ ਤਾਂ ਅਣਹੋਣੀ ਗੱਲ ਹੈ!

ਇਜ਼ੁ ਪਿੱਛੋਂ ਪੁੱਛਣ ਲੱਗਾ, ਇਸ ਬਾਰੇ ਕੀ ਨਾਮੁਮਕਿਨ ਹੈ ਸ੍ਰੀਮਤੀ ਸੁਖੀ ਜੀ?

ਇਹ ਤਾਂ ਹੱੜਪੇ ਦੀ ਬੋਲੀ ਹੈ! ਸਹਾਰੇ ਵਿੱਚ!! ਆਹ ਨਾਲ਼ ਉੱਤਰ ਦਿੱਤਾ।

* * * * *

ਹੱੜਪਾ ਦੇ ਆਸਾਰ ਕਦੀਆਂ ਉੱਤੇ ਸੂਰਜ ਸੇਕ ਲੱਗ ਰਿਹਾ ਸੀ। ਸੈਲਾਨੀਆਂ ਘੜੀ ਨੂੰ ਆਪਣੇ ਘਰਾਂ ਅਤੇ ਸ਼ਹਿਰਾਂ ਅਤੇ ਦੇਸ਼ਾਂ ਵੱਲ ਪਰਤ ਜਾਣਾ ਸੀ। ਅਲੀ ਅਕਬਰ ਵਜਾਹਤ ਟੂਰਿਸਟਾਂ ਦੇ ਰੁਖ਼ਾਂ ਨੂੰ ਫਰੋਲ਼ ਰਿਹਾ ਸੀ। ਜ਼ਿਆਦਾਤਰ ਮੂੰਹ ਉਸ ਦੇ ਹਮਵਤਨ ਪਾਕਿਸਤਾਨੀਆਂ ਦੇ ਸਨ। ਨਹੀਂ ਤਾਂ ਕੋਈ ਕੋਈ ਬਾਹਰਲਾ ਚਿੱਟਾ ਚਿਹਰਾ ਵੀ ਸੀ। ਫੇਰ ਵੀ ਇਨ੍ਹਾਂ ਨੂੰ ਵੇਖ ਕੇ ਖ਼ੁਸ਼ ਸੀ। ਕਾਸ਼! ਸਿੰਧ ਘਾਟੀ ਸੱਭਿਅਤਾ ਹੁਣ ਓਨੀ ਹੀ ਮਸ਼ਹੂਰ ਹੋਣੀ ਸੀ ਜਿੰਨੀ ਮਿਸਰ ਸੀ ਜਾਂ ਮੇਸੋਪੋਟੇਮੀਆ। ਮੋਹਿੰਜੋਦੜੋ ਤੋਂ ਰੋਪੜ ਤੀਕ, ਖ਼ੌਰ੍ਹੇ ਭਾਰਤ ਦੇ ਉੱਤਰ ਪੱਛਮੀ ਤੱਕ ਵਿਸ਼ਾਲਤਾ ਸੀ।

ਅਲੀ ਦੇ ਸਾਹਮਣੇ ਇੱਕ ਅਮਰੀਕਨ ਗੋਰਾ ਖਲੋਤਾ ਸੀ, ਉਸ ਦੇ ਲਾਗੇ ਉਸ ਦੀ ਵਹੁਟੀ। ਦੋਨੋਂ ਜਣੇ ਭਾਰੇ ਸਨ। ਬੰਦੇ ਨੇ ਆਪਣੀ ਟੋਪੀ ਉਸ ਦੀ ਪੁੱਠੀ ਤੋਂ ਫੜ ਕੇ ਪੱਖੇ ਵਾਂਙ ਝਲਵਾਈ, ਹਵਾ ਸਿਰਜਦਾ, ਆਪਣੇ ਮੂੰਹ ਨੂੰ ਸੇਕ ਤੋਂ ਸੁਖ ਲੈਣ ਵਾਸਤੇ। ਉਸ ਦੀ ਬਾਂਹ ਉੱਤੇ ਚਾਰ ਪੰਜ ਧੁੱਪ ਦੀ ਕਰੀਮ ਵਾਲੀਆਂ ਨਦੀਆਂ ਕੂਹਣੀ ਵੱਲ ਵਗ ਰਹੀਆਂ ਸਨ। ਉਸ ਨੇ ਅਲੀ ਵੱਲ ਇਸ਼ਾਰਾ ਕੀਤਾ ਅਤੇ ਅੰਗ੍ਰੇਜ਼ੀ ਵਿੱਚ ਪੁੱਛਿਆ, ਇਹ ਸਾਰਾ ਕਹਿੰ-ਯੁਗ ਦੇ ਵੇਲ਼ੇ ਤੋਂ ਹੈ, ਹੈ ਨਾ?

ਜੀ ਹਾਂ, ਅਲੀ ਨੇ ਤਾਈਦ ਕੀਤੀ। ਉਹ ਬੰਦਾ ਵੀ ਅਲੀ ਜਿੱਡਾ ਸੀ, ਦੋਵੇਂ ਛੇ ਫੁੱਟ ਤੋਂ ਚਾਰ ਕੁ ਉਂਗਲ਼ ਉੱਚੇ। ਅਮਰੀਕਨ ਗੋਲ਼ ਮੋਲ਼ ਸੀ ਅਤੇ ਬੂਝਾਵਾਂ ਵਰਗੇ ਕੇਸ ਕੱਟੇ ਸਨ, ਅਤੇ ਉਸ ਦੀਆਂ ਅੱਖਾਂ ਕਾਲ਼ੇ ਚਸ਼ਮੈ ਪਿੱਛੇ ਲੁਕੀਆਂ ਸਨ। ਸ਼ਾਇਦ ਪੰਜਾਹ ਵਰ੍ਹਿਆਂ ਦੀ ਉੱਮਰ ਉਸ ਦੀ ਸੀ। ਅਲੀ ਉਸ ਤੋਂ ਦੱਸ ਸਾਲ ਛੋਟਾ ਸੀ, ਪਤਲਾ ਲੰਮਾ ਅਤੇ ਸਾਫ਼ ਸੁਥਰੇ ਮੁਖ ਵਾਲ਼ਾ। ਜਿੱਥੇ ਅਮਰੀਕਨ ਦੇ ਮੋਟੇ ਨੱਕ ਦੇ ਆਲ਼ੇ ਦੁਆਲ਼ੇ ਲਘੂ ਵਾਲ਼ ਸਨ, ਵੱਡੇ ਬੁੱਲ੍ਹ 'ਤੇ ਡੇਲੜ, ਅਲੀ ਦੇ ਨਿੱਕੇ ਨੱਕ ਦੇ ਇਰਦ ਗਿਰਦ ਮੁੰਨਿਆ ਮੂੰਹ ਸੀ, ਅਤੇ ਲੱਸੀ ਰੰਗ ਦੇ ਨੈਣ ਨਕਸ਼ ਸਨ। ਅਮਰੀਕਨ ਦੇ ਮੱਥੇ ਤੋਂ ਮੂੰਹ ਵੱਲ ਹੋਰ ਦੂਧੀਆ ਕਤਾਰਾਂ ਵਗੀਆਂ। ਪਰ ਉਸ ਨੇ ਐਦਕੀਂ ਪੂੰਝੇ ਨਹੀਂ, ਪਰ ਟੋਪੀ ਨੂੰ ਪੱਖੇ ਵਾਂਙ ਹੋਰ ਝਲਵਾਇਆ। ਉਸ ਨੂੰ ਅਲੀ ਦੀ ਸਿਗਰਟ ਦਾ ਧੂੰਆਂ ਸਤਾ ਰਿਹਾ ਸੀ। ਪਰ ਇਸ ਬਾਰੇ ਕੁਝ ਬੋਲਿਆ ਨਹੀਂ। ਅਲੀ ਹਮੇਸ਼ਾ ਕਸ਼ ਲਾਉਂਦਾ ਸੀ, ਉਸ ਦੇ ਬੁੱਲ੍ਹਾਂ ਵਿੱਚ ਸਿਗਰਟ ਹਮੇਸ਼ਾ ਇੰਚ ਦਰ ਇੰਚ ਸੜਦੀ। ਹੁਣ ਵੀ ਆਪਣੇ ਮੂੰਹ ਵਿੱਚ ਰੱਖ ਕੇ ਜਵਾਬ ਦੇ ਰਿਹਾ ਸੀ।

ਅਲੀ ਨੇ ਗੱਲ ਤੋਰੀ ਰੱਖੀ, ਉਸ ਲਈ ਹੁਣ ਇੱਕ ਆਪ ਮੁਹਾਰੇ ਨੇਮ ਸੀ। ਅਗਾਂਹਾਂ ਬੋਲਿਆ, ਸਾਰੇ ਮਕਾਨ ਚੀਕਣੀ ਮਿੱਟੀ ਦੀਆਂ ਇੱਟਾਂ ਤੋਂ ਬਣਾਏ ਸਨ, ਸ਼ਾਇਦ ਤੇਈ ਤੋਂ ਚਵ੍ਹੀ ਹਜ਼ਾਰ ਦੀ ਅਬਾਦੀ ਸੀ, ਇਲਾਕਾ ਇੱਕ ਸੌ ਪੰਜਾਹ ਹੈਕਟੇਅਰਾਂ ਦਾ ਸੀ। ਈਸਾ ਤੋਂ ਉੱਨੀ ਸੌ ਤੋਂ ਛੱਬੀ ਸੌ ਸਾਲ ਪਹਿਲਾਂ ਤਹਿਜ਼ੀਬ ਵੱਸਦੀ ਸੀ, ਉਸ ਹੀ ਵੇਲ਼ੇ ਜਦ ਮਿਸਰ 'ਤੇ ਯੂਨਾਨੀ ਮਿੱਨੋਈਅਨ ਤਹਿਜ਼ੀਬ ਜਾਰੀ ਸਨ। ਜੇ ਆਪਾਂ ਈਸਾ ਪੂਰਵ ਦੇ ਹਿਸਾਬ ਨਾਲ਼ ਗੱਲ ਕਰੀਏ। ਲਿਖਣ ਵਾਲ਼ੀ ਚਿੱਤਰ ਲਿੱਪੀ ਵੀ ਦਿਲਚਸਪ

ਹੈ। ਮੱਛੀ, ਗਊ, ਬੂਟੇ 'ਤੇ ਤ੍ਰਿਸ਼ੂਲ ਦੇ ਕਈ ਚਿੰਨ੍ਹ ਹਨ। ਪਰ ਉਨ੍ਹਾਂ ਦਾ ਮਤਲਬ ਕੋਈ ਨਹੀਂ ਸਮਝ ਸੱਕਿਆ..ਹੜੱਪਾ ਸਾਹੀਵਾਲ ਜ਼ਿਲੇ 'ਚ ਹੈ...ਅਲੀ ਚੁੱਪ ਹੋ ਗਿਆ। ਉਸ ਨੂੰ ਅਮਰੀਕਨ ਦੇ ਮੂੰਹ ਤੋਂ ਦਿੱਸਦਾ ਸੀ ਕਿ ਬੰਦਾ ਤਾਂ ਉਕਤਾਹਟ ਵਿਖਾ ਰਿਹਾ ਸੀ। ਉਸ ਦੀ ਵਹੁਟੀ ਵੀ ਆਲ਼ੇ ਦੁਆਲ਼ੇ ਝਾਕ ਰਹੀ ਸੀ। ਗ਼ੁੱਸੇ ਵਿੱਚ ਅਲੀ ਨੇ ਸੋਚਿਆ, ਤੁਸਾਂ ਨੇ ਪੁੱਛਿਆ! ਹੁਣ ਕਿਉਂ ਢਿੱਲ਼ੇ ਮੱਠੇ ਬੂਥੇ ਬਣਾ ਰਹੇ ਹੋ! ਅਲੀ ਕੁਝ ਕਹਿਣ ਹੀ ਲੱਗਾ ਸੀ, ਜਦ ਉਸ ਦਾ ਮੋਬਾਈਲ ਫ਼ੋਨ ਕੂਕਾਂ ਮਾਰਨ ਲੱਗ ਪਿਆ। ਅਲੀ ਨੇ ਨੰਬਰ ਨਹੀਂ ਪਛਾਣਿਆ, ਪਰ ਗੋਰਿਆਂ ਤੋਂ ਖਿਮਾ ਮੰਗ ਕੇ ਪਰੇ ਹੋ ਗਿਆ। ਅਮਰੀਕਨ ਦੇ ਮੂੰਹ ਉੱਤੇ ਹੁਣ ਖ਼ੁਸ਼ੀ ਚੜ੍ਹ ਗਈ ਅਤੇ ਆਪਣੇ ਘਰ ਵਾਲ਼ੀ ਨਾਲ਼ ਛਾਂ ਵੱਲ ਵੱਧ ਗਿਆ।

ਜੀ? ਅਲੀ ਨੇ ਪੁੱਛਿਆ। ਦੂਜੇ ਪਾਸਿਓਂ ਸੁਖੀ ਦੀ ਆਵਾਜ਼ ਆਈ। ਅਲੀ ਦੀਆਂ ਅੱਖਾਂ ਹੈਰਾਨੀ ਨਾਲ਼ ਚੌੜ੍ਹੀਆਂ ਹੋ ਗਈਆਂ। ਉਸ ਨੇ ਇੱਕ ਦਮ ਆਲ਼ੇ ਦੁਆਲ਼ੇ ਤੱਕਿਆ। ਉਹ ਅਮਰੀਕਨ ਜੋੜੀ ਤਾਂ ਪਾਸੇ ਚਲੇ ਗਈ ਸੀ। ਪਰ ਅਲੀ ਦੇ ਨੇਤਰ ਹੁਣ ਅਬਦੁਲ ਨੂੰ ਟੋਲ਼ਦੇ ਸਨ। ਸੁਖੀ ਦੀ ਗੱਲ ਸੁਣ ਕੇ ਹੱਕਾ ਬੱਕਾ ਹੋ ਚੁੱਕਾ ਸੀ!

* * * * *

ਹੈਲੀਕਾਪਟਰ ਰੇਤਲੀ ਜ਼ਮੀਨ ਦੇ ਸਭ ਤੋਂ ਉੱਚੇ ਟਿੱਬੇ ਉੱਤੇ ਆ ਬੈਠਾ, ਉਸ ਦੇ ਬਲੇਡ ਰੇਤ ਦੇ ਜ਼ੱਰਾਵਾਂ ਨੂੰ ਹਵਾ ਵਿੱਚ ਨੱਚਾਉਂਦੇ ਸਨ। ਹੌਲ਼ੀ ਹੌਲ਼ੀ ਪੱਖੇ ਨਿਚੱਲੇ ਹੋ ਪਏ। ਉਂਵ ਉਡਾਰੂ ਨੇ ਸਭ ਤੋਂ ਪੱਕੀ ਥਾਂ ਉੱਤੇ ਟਿੱਕਾਇਆ ਸੀ। ਜਿਸ ਜਗ੍ਹਾ ਨੂੰ ਖੱਟ ਪੁੱਟ ਰਹੇ ਸਨ, ਸਿਰਫ਼ ਵੀਹ ਮੀਟਰ ਪਰੇ ਸੀ। ਉੱਥੇ ਪੱਕਾ ਚੌਂਕ ਬਣਾਇਆ ਸੀ, ਜਿੱਥੇ ਤਿੰਨ ਰੇਗਿਸਤਾਨੀ ਜੀਪਾਂ ਖਲੋਤੀਆਂ ਸਨ ਅਤੇ ਮੋਲਾ ਦੇ ਨੌਂ ਅਮਲੇ ਕਾਮੇ ਵੀ। ਮੋਲਾ ਇੱਕ ਸੰਖੇਪਤਾ ਨਾਂ ਹੈ ਜਿਸ ਦਾ ਪੂਰਾ ਮਤਲਬ ਲੰਡਨ ਦਾ ਪੁਰਾਤਤਵ ਵਿਗਿਆਨ ਅਜਾਇਬ ਘਰ ਹੈ। ਅੰਗ੍ਰੇਜ਼ੀ ਸ਼ਬਦਾਂ ਦੇ ਮੂਹਰਲੇ ਅੱਖਰਾਂ ਨੂੰ ਜੋੜ ਕੇ ਘੜਿਆ ਹੈ। ਮੋਲਾ ਨੇ ਇੱਥੇ ਮੁਹਿੰਮ ਖੋਜ ਖੁਦਾਈ ਕਰਨ ਵਾਸਤੇ ਆਪਣਾ ਦਲ ਭੇਜਿਆ ਸੀ, ਹੈਨਰੀ ਵਾਇਲਡ ਦੀ ਦੇਖ ਰੇਖ ਥੱਲੇ। ਉਹ ਖੂਬ ਅਮੀਰ ਆਦਮੀ ਹੈ ਜਿਸ ਨੇ ਜੋ ਵੀ ਖੰਡਰ ਪੁਰਾਤਤਵ ਕਾਲ ਵਿੱਚ ਲੱਭੇ, ਨਹੀਂ ਤਾਂ ਮੋਲਾ ਨੂੰ ਵੇਚ ਦੇਣਾ ਸੀ ਜਾਂ ਕੋਈ ਅਮੀਰ ਕਲੈਕਟਰ ਨੂੰ। ਉਸ ਲਈ ਹੀ ਸੁਖਬੀਰ ਕੌਰ ਢੰਡ ਕੰਮ ਕਰਦੀ ਹੈ। ਹੈਨਰੀ 'ਤੇ ਸੁਖੀ ਨਾਲ਼ ਕਈ ਅਫ਼ਰੀਕਨ ਕਾਮੇ ਨਵੇਂ ਬੰਦਿਆਂ ਦੀ ਉਡੀਕ ਵਿੱਚ ਖੜ੍ਹੇ ਸਨ, ਉਨ੍ਹਾਂ ਦੀ ਗਿਣਤੀ ਵਿੱਚ ਯੂਸਫ਼, ਇਜੂ, ਗਵਾਸੀਲਾ, ਅਜੀਜ਼ੁਲ, ਅਯੂਬ 'ਤੇ ਤਫਨਾ। ਕੋਈ ਕਾਲ਼ਾ ਸੀ, ਕੋਈ ਬਰਬਰ। ਉਨ੍ਹਾਂ ਦੀ ਪਰਕਿਰਿਆ ਦਾ ਫ਼ੋਰਮੈਨ ਇੱਕ ਅਰਬੀ ਮਗਾਬੀ ਸੀ, ਖ਼ਾਲਿਦ ਬਖ਼ਸ਼ ਅਜ਼ਦੀਨ, ਜੋ ਹੁਣ ਸੁਖੀ ਨਾਲ਼ ਅੱਗੇ ਗਿਆ ਹੈਲੀਕਾਪਟਰ ਵਿੱਚੋਂ ਨਿਕਲ਼ਦੀਆਂ ਸਵਾਰੀਆਂ ਨੂੰ ਸਵਾਗਤ ਕਰਨ।

ਤਿੰਨ ਜਣੇ ਉਨ੍ਹਾਂ ਵੱਲ ਹੈਲੀਕਾਪਟਰ 'ਚੋਂ ਵੱਧੇ। ਪਹਿਲਾਂ ਤਾਂ ਅਲੀ ਸੀ, ਲੰਮਾ 'ਤੇ ਪਤਲਾ, ਹੋਠਾਂ 'ਚੋਂ ਟੇਢੀ ਸਿਗਰਟ, ਧੂੰਆਂ ਹਵਾ 'ਚ ਆਪਣਾ ਜਿੰਨ-ਪੁਲਾਵਾਂ ਨੂੰ ਅਰਸ਼ ਵੱਲ ਘੱਲਦਾ। ਉਸ ਦੇ ਥੋੜਾ ਜਿਹਾ ਪਿੱਛੇ ਸੱਜੇ ਪਾਸੇ ਇੱਕ ਮਧਰਾ ਮਰਦ ਆ ਰਿਹਾ ਸੀ। ਮਸਾਂ ਪੰਜ ਫੁੱਟ ਛੇ ਹੀ ਸੀ, ਸ਼ਾਇਦ ਪਚਵੰਜਾ ਵਰ੍ਹਿਆਂ ਦੀ ਉੱਮਰ ਉਸ ਦੀ ਹੋਵੇ। ਕੁੱਪਾ ਜੁੱਸਾ ਉੱਪਰ ਮੁਨਾਇਆ ਮੁਖੜਾ ਸੀ। ਉਸ ਦੇ ਸਫ਼ਾਚੱਟ ਸੀਸ ਉੱਤੇ, ਸਿਰਫ਼ ਲਬਾ ਦੇ ਉੱਪਰ ਸਫ਼ੈਦ ਮੁੱਛਲ ਸੀ। ਨਹੀਂ ਤਾਂ ਕੋਈ ਵਾਲ਼ ਨਹੀਂ ਸੀ ਜਾਪਦਾ। ਨਿਰਾ ਗੰਜਾ ਸੀ। ਸੁਖੀ ਨੇ ਉਸ ਦੀ ਫ਼ੋਟੋ ਵੇਖੀ ਹੋਈ ਸੀ ਅਤੇ ਹੜੱਪੇ ਦੇ ਜ਼ੁਬਾਨਦਾਨ ਨੂੰ ਪਛਾਣ ਲਿਆ। ਪਾਕਿਸਤਾਨ ਦਾ ਅਬਦੁਲ ਜਹਾਂ ਕਾਸਮੀ ਸੀ। ਕੀ ਨਹੀਂ ਸੀ ਜੋ ਇਹ ਬੰਦਾ ਸਿੰਧ ਘਾਟੀ ਸੱਭਿਅਤੇ ਬਾਰੇ ਨਹੀਂ ਜਾਣਦਾ! ਜੇ ਹੋਰ ਕੋਈ ਨਹੀਂ ਉਨ੍ਹਾਂ ਵਾਸਤੇ ਚਿੱਤਰ ਲਿੱਪੀ ਨੂੰ ਤਸਦੀਕ ਕਰ ਸਕਦਾ ਸੀ, ਅਬਦੁਲ ਜ਼ਰੂਰ ਕਰ ਸਕਦਾ ਸੀ!

ਕਾਸਮੀ ਦੇ ਪਸਿੱਤੇ ਪੀਲੀ ਪੱਗ ਦਿੱਸਦੀ ਸੀ। ਆਖਰੀ ਆਦਮੀ ਸਰਦਾਰ ਸੀ। ਉਹ ਵੀ ਕਾਸਮੀ ਵਾਂਗਰ ਹੜੱਪੇ ਬਾਰੇ ਗਿਆਨੀ ਸੀ, ਬੋਲੀ ਬਾਰੇ ਅਤੇ ਖੰਡਰਾਤ ਬਾਰੇ। ਹੌਲ਼ੀ ਹੌਲ਼ੀ ਸੁਖੀ ਨੂੰ ਉਸ ਦਾ ਮੂੰਹ ਵੀ ਦਿੱਸ ਪਿਆ। ਭਾਰਤ ਤੋਂ ਆਇਆ ਸੀ। ਅਲੀ ਤੋਂ ਚਾਰ ਇੰਚ ਹੀ ਛੋਟਾ ਸੀ, ਪਰ ਪੱਗ ਨਾਲ਼ ਕਾਸਮੀ ਤੋਂ ਪੂਰਾ ਸਿਰ ਲੰਮਾ ਸੀ। ਪੈਂਤੀ ਸਾਲਾਂ ਦੀ ਉੱਮਰ ਸੀ। ਛੀਂਟਕਾ ਪਿੰਡਾ ਉੱਪਰ ਸੁਨੱਖਾ ਕਣਕ ਵੰਨਾ ਮੁਖ ਸੀ। ਖੱਬੀ ਅੱਖ ਉੱਤੇ ਕਾਲ਼ੀ ਟਾਕੀ ਬੰਨ੍ਹੀ ਸੀ। ਸੁਖੀ ਨੂੰ ਪਤਾ ਲੱਗਾ ਸੀ ਕਿ ਜਦ ਬੱਚਾ ਸੀ, ਅੱਖ 'ਤੇ ਸੱਟ ਲੱਗੀ ਸੀ। ਉਸ ਅੱਖ ਨੂੰ ਅੰਨ੍ਹਾ ਕਰ ਦਿੱਤਾ ਸੀ। ਉਸ ਨੇ ਕੱਚ ਦੀ ਅੱਖ ਨੂੰ ਵਰਤਣ ਦਾ ਕਦੇ ਵੀ ਨਹੀਂ ਸੋਚਿਆ ਸੀ। ਫੇਰ ਵੀ ਸੁਨੱਖਾ ਸੀ।

ਤਿੰਨੋ ਜਣੇ ਫੌਜ ਦੇ ਲੀੜਿਆਂ 'ਚ ਸਜੇ ਹੋਏ ਸਨ। ਜਦ ਪੰਜ ਜਣੇ ਇੱਕ ਦੂਜੇ ਦੇ ਲਾਗੇ ਹੋ ਗਏ, ਸੁਖੀ ਨੇ ਹੱਥ ਵਧਾਇਆ। ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮੈਂ ਬੰਦਿਆਂ ਨੂੰ ਕਿੰਵ ਸਲਾਮ ਕਰਾਂ। ਵੱਖ ਧਰਮ ਦੇ ਸਨ ਅਤੇ ਉਸ ਮੁਲਕਾਂ ਤੋਂ ਸਨ ਜਿੱਥੇ ਹਰ ਜਣਾ ਮਜ਼੍ਹਬ ਦੇ ਹਿਸਾਬ ਨਾਲ਼ ਇੱਕ ਦੂਜੇ ਨੂੰ ਤਸਲੀਮ ਕਰਦੇ ਸਨ। ਕਈ ਲੋਕ ਅਨਮਤੀਆ ਦੇ ਅਭਿਨੰਦਨ ਨੂੰ ਕੁਬੋਲ ਸਮਝਦੇ ਹਨ। ਪੱਛਮ ਵਰਗੇ ਅਫਿਰਕੂ ਲਫ਼ਜ਼ ਨਹੀਂ ਸਨ। ਸਹਾਰਾ ਦੇ ਲੋਕ ਤਕਰੀਬਨ ਮੁਸਲਮਾਨ ਹਨ, ਸੋ ਸੌਖੀ ਗੱਲ ਹੈ ਸਲਾਮ ਕਰਨ...ਪਰ ਇਨ੍ਹਾਂ ਵਿੱਚ ਇੱਕ ਸਰਦਾਰ ਹੈ...ਸੋ ਸੁਖੀ ਨੇ ਆਪਣਾ ਹੱਥ ਅੱਗੇ ਕਰ ਦਿੱਤਾ। ਕਾਸਮੀ ਨੇ ਫੜ ਕੇ

ਸਲਾਮਾਲੈਕਮ ਮੇਰੀ ਜਾਨ, ਬੋਲਿਆ। ਸੁਖੀ ਦਾ ਮੂੰਹ ਝੇਪ ਕੇ ਸੰਧੂਰੀ ਹੋ ਪਿਆ। ਸੁਖੀ ਨੂੰ ਇਹ ਸੁਣ ਕੇ ਪਤਾ ਨਹੀਂ ਲੱਗਿਆ ਜਵਾਬ ਵਿੱਚ ਕੀ ਕਹਿਣਾ ਚਾਹੀਦਾ ਸੀ। ਆਮ ਤੌਰ 'ਤੇ ਲੋਕ ਸਲਾਮਾਲੈਕਮ ਭੈਣ ਜੀ ਜਾਂ ਭਾਬੀ ਜੀ ਆਖਦੇ ਸੀ..ਜਾਂ ਬੇਟੀ। ਇਸ ਘਟਨੇ ਤੋਂ ਬਾਅਦ ਹੀ ਪਤਾ ਲੱਗਾ ਹਰ ਜਣੇ ਨਾਲ਼ ਜਦ ਵੀ ਗੱਲ ਕਰਦਾ ਸੀ ਹਰ ਆਖਰੀ ਵਾਕ ਨੂੰ ਮੇਰੀ ਜਾਨ ਨਾਲ਼ ਸਮਾਪਤ ਕਰਦਾ ਸੀ। ਕੁਝ ਘੰਟਿਆ ਬਾਅਦ ਤਾਂ ਇਸ ਨੂੰ ਸਾਰੇ ਨੇ ਕੰਨੀ ਬੁੱਜੇ ਦੇਣਾ ਸੀ। ਸੁਖੀ ਨੇ ਵੀ। ਪਰ ਉਸ ਵੇਲ਼ੇ ਸੁਖੀ ਪਰੇਸ਼ਾਨ ਹੋ ਗਈ ਸੀ। ਅਲੀ ਨੇ ਉਸ ਦੀ ਪਰੇਸ਼ਾਨੀ ਵੇਖ ਕੇ ਹੌਲੇ ਕਹਿ ਕੇ ਮਾਹੌਲ ਠੀਕ ਕਰ ਦਿੱਤਾ ਸੀ। ਅਲੀ ਦੀਆਂ ਅੱਖਾਂ ਨੇ ਸੁਖੀ ਨੂੰ ਸੈਨਤ ਦੇ ਦਿੱਤਾ ਕਿ ਕਾਸਮੀ ਦੀ ਗੱਲ ਨੂੰ ਦਿਲ 'ਤੇ ਨਹੀਂ ਰੱਖਣਾ। ਅਲੀ ਚੰਗੀ ਤਰ੍ਹਾਂ ਕਾਸਮੀ ਦੀ ਆਦਤ ਨੂੰ ਜਾਣਦਾ ਸੀ ਅਤੇ ਪਤਾ ਸੀ ਜਾਣ ਕੇ ਔਰਤ ਨਾਲ਼ ਕਲੋਲ ਨਹੀਂ ਕਰਦਾ ਸੀ। ਉਸ ਇੱਕ ਪਲ ਦੀ ਝਾਕ ਨੇ ਇਹ ਤਸੱਲੀ ਸੁਖੀ ਨੂੰ ਦੇ ਦਿੱਤੀ ਸੀ। ਸੁਖੀ ਦੀ ਨਜ਼ਰ ਸਰਦਾਰ ਵੱਲ ਗਈ। ਸਰਦਾਰ ਦਾ ਨਾਂ ਜਗਜੀਤ ਸਿੰਘ ਢਾਅ ਸੀ। ਉਸ ਨੇ ਸਿਰਫ਼ ਆਪਣਾ ਸਿਰ ਹਿਲ਼ਾ ਕੇ ਪ੍ਰਣਾਮ ਕੀਤਾ।

* * * * *

ਕਾਮਿਆਂ ਤੋਂ ਛੁੱਟ ਸਾਰੇ ਜਣੇ ਇੱਕ ਵੱਡੇ ਚਿੱਟੇ ਮੇਜ਼ ਆਲ਼ੇ ਦੁਆਲ਼ੇ ਬੈਠੇ ਸਨ। ਇੱਕ ਘੰਟਾ ਪਹਿਲਾਂ ਲਿਫ਼ਟ ਵਿੱਚ ਪੰਜ ਮੰਜ਼ਲਾਂ ਧਰਤ ਦੇ ਥੱਲੇ ਚਲ ਕੇ ਜ਼ਮੀਨਦੋਜ਼ ਤਹਿਖਾਨੇ ਵਿੱਚ ਵੜ ਗਏ ਸਨ। ਲਿਫ਼ਟ ਦੇ ਨਾਲ਼ ਹੀ ਪੌੜੀਆਂ ਸਨ ਜੋ ਉੱਪਰ ਜਾਹ ਕੇ ਪਰਵੇਸ਼ ਤੀਕ ਚੜ੍ਹਦੀਆਂ ਸਨ। ਲਿਫ਼ਟ ਉੱਪਰ ਜਾਕ ਕੇ ਵੱਖਰੇ ਰਸਤੇ ਰਾਹੀਂ ਅੰਦਰ ਬਾਹਰ ਸਭ ਨੂੰ ਲੈ ਕੇ ਜਾਂਦੀ ਸੀ।

ਤਹਿਖ਼ਾਨਾ ਖੰਡਰ ਦੇ ਨਾਲ਼ ਹੀ ਸੀ। ਹਰ ਮੰਜ਼ਲ ਗੁੱਡੀਆਂ ਕੰਧਾਂ ਇਮਾਰਤਾਂ ਵੱਲ ਗੋਵਾਂ ਰਾਹੀਂ ਜਾਂਦੀਆਂ ਸਨ। ਹੇਠਲੀਆਂ ਤਿੰਨ ਮੰਜ਼ਲਾਂ ਹਾਲੇ ਵੀ ਜ਼ਮੀਨ ਥੱਲੇ ਸਨ। ਸਭ ਤੋਂ ਹੇਠਲੀਂ ਮੰਜ਼ਲ ਦੇ ਨਾਲ਼ ਸੁਰੰਗ ਸੀ, ਜਿਸ ਦੇ ਰਾਹੀਂ ਚਿੱਤਰ ਲਿੱਪੀ ਵਾਲ਼ੀ ਕੰਧ ਲੱਭੀ ਸੀ। ਸੁਖੀ, ਖ਼ਾਲਿਦ 'ਤੇ ਹੈਨਰੀ ਨੇ ਆਪਣੇ ਨਵੇਂ ਮੁਲਾਕਾਤੀਆਂ ਨੂੰ ਕੰਧਾਂ ਦਿਖਾ ਦਿੱਤੀਆਂ ਸਨ। ਹੁਣ ਸਾਰੇ ਮੇਜ਼ ਦੇ ਆਲ਼ੇ ਦੁਆਲ਼ੇ ਲਭਤ ਬਾਰੇ ਜ਼ਬਰਦਸਤ ਮੁਬਾਹਿਸਾ ਕਰ ਰਹੇ ਸੀ।

ਮੇਜ਼ ਦੇ ਸਿਰ 'ਤੇ ਹੈਨਰੀ ਵਾਇਲਡ ਸੀ। ਉਹਨੇ ਆਪਣੀ ਗੱਲ ਸਿਰੇ ਚੜ੍ਹਾਉਣ ਲਈ ਕਿਹਾ, ਸੋ ਤੁਸੀਂ ਵੇਖ ਲਿਆ ਕਿ ਕਮਾਲ ਦੀ ਗੱਲ ਹੈ ਤੁਹਾਡੇ ਪੰਜਾਬ ਦੀ ਪੁਰਾਣੀ ਸੱਭਿਅਤਾ ਦੀ ਬੋਲੀ ਸਾਡੇ ਅਫ਼ਰੀਕਾ ਦੀਆਂ ਕੰਧਾਂ ਉੱਤੇ ਹੈ। ਕਾਸਮੀ ਸਾਹਬ ਹੁਣ ਜੋ ਵੀ ਚਾਹੀਦਾ ਮੰਗ ਲਿਓ! ਤੁਹਾਨੂੰ ਤਿੰਨਾਂ ਨੂੰ ਜੋ ਚਾਹੀਦਾ ਮਿਲ਼ ਜਾਵੇਗਾ! ਛੇਤੀ ਤੋਂ ਛੇਤੀ ਇਹ ਲਿੱਪੀ ਨੂੰ ਹੜੱਪੇ ਦੀ ਲਿੱਪੀ ਨਾਲ਼ ਮਿਚਾਓ, ਮਤਲਬ ਮੈਚ ਕਰੋ। ਜੇ ਸੱਚ ਮੁੱਚ ਇੱਕੋਂ ਹੀ ਜ਼ੁਬਾਨ ਹੈ...ਇਸ ਦਾ ਪਰਿਨਾਮ...ਵਾਹਵਾ ਗੱਲ ਹੈ! ਫੇਰ ਸਾਰੇ ਜੱਗ ਨੂੰ ਇਸ਼ਤਿਹਾਰ ਦੇਵਾਂਗੇ!

ਹੈਨਰੀ ਦੇ ਸੱਜੇ ਪਾਸੇ, ਮੇਜ਼ ਦੇ ਅੱਧ 'ਤੇ ਜਗਜੀਤ ਬੈਠਾ ਸਾਰਿਆਂ ਵੱਲ ਧਿਆਨ ਨਾਲ਼ ਆਪਣੀ ਇੱਕੋ ਇੱਕ ਦੀਦੇ ਨਾਲ਼ ਤੱਕਦਾ ਸੀ। ਉਸ ਨੂੰ ਹੈਨਰੀ ਦੇ ਨੈਣ ਵਿੱਚ ਪੈਸਿਆਂ ਦਾ ਲਾਲਚ ਹੀ ਦਿੱਸ ਰਿਹਾ ਸੀ। ਸਮਝਦਾ ਸੀ ਕਿ ਹਰ ਜਣਾ ਸਿਰਫ਼ ਗਿਆਨ ਵਾਸਤੇ ਅਜਿਹੇ ਕੰਮ ਨਹੀਂ ਸੀ ਕਰਦਾ। ਅੰਦਰ ਉਸ ਨੂੰ ਖਿੱਲੀ ਆ ਰਹੀ ਸੀ ਕਿ ਇਹ ਚਿੱਟਾ ਗੋਰਾ ਬਰਤਾਨਵੀ ਅਫ਼ਰੀਕਾ ਆਪਣਾ ਸਮਝਦਾ ਸੀ!

ਸਹੀ ਮੇਰੀ ਜਾਨ, ਹੌਲ਼ੀ ਹੌਲ਼ੀ ਕਾਸਮੀ ਨੇ ਉੱਤਰ ਦਿੱਤਾ, ਉਸ ਦੇ ਸਿਗਰਟ ਖੇਹ ਰੰਗ ਲੋਚਨ ਗੋਰੇ ਵੱਲ ਇੰਵ ਝਾਕਦੇ ਜਿੰਵ ਉਸ ਦੇ ਸਾਹਮਣੇ ਕੋਈ ਨਿਹਾਲ ਨਿਆਣਾ ਹੋਵੇ।

ਸਹੀ! ਪੱਕਾ ਔਲਡ ਬਓਏ! ਹੈਨਰੀ ਨੇ ਹੱਸ ਕੇ ਕਿਹਾ। ਜਗਜੀਤ ਨੇ ਮਨ ਹੀ ਮਨ ਸੋਚਿਆ, ਬੱਚਾ ਹੀ ਹੈ। ਪੈਸੇ ਵਾਲ਼ਾ ਬੱਚਾ। ਸਰੀਰ ਭਾਵੇਂ ਪੰਜਾਹ ਤੋਂ ਉੱਪਰ ਉੱਮਰ ਦੇ ਪਤਲੇ ਬੰਦੇ ਦਾ ਹੈ, ਪਰ ਇਹ ਤਾਂ ਉਨ੍ਹਾਂ ਅਮੀਰਾਂ 'ਚੋਂ ਹੈ ਜਿਨ੍ਹਾਂ ਕੋਲ਼ ਜ਼ਿਆਦੇ ਪੈਸੇ ਹਨ ਪਰ ਅਕਲ ਦੇ ਵੈਰੀ ਹਨ। ਪੰਜ ਫੁੱਟ ਸੱਤ ਲਿੱਸਾ ਜਿਹਾ ਮਸ਼ਖਰਾ ਲੱਗਦਾ। ਸ਼ਕਲ 'ਚ ਸੋਹਣਾ ਤਾਂ ਹੈ; ਫ਼ੀਨ੍ਹ ਨੱਕ, ਤੇਜ਼ ਸ਼ਰਦਈ ਅੱਖਾਂ ਅਤੇ ਬਾਰਫ਼ ਚਿੱਟੇ ਵਾਲ਼। ਉਸ ਦਾ ਮੱਥਾ ਚੌੜ੍ਹਾ ਸੀ, ਰੁਖ਼ਸਾਰ ਧਾਰ ਤਿੱਖੇ ਅਤੇ ਠੋਡੀ ਨੋਕਦਾਰ। ਪਰ ਸਾਫ਼ ਦਿੱਸਦਾ ਸੀ ਉਸ ਦੀ ਸ਼ਖ਼ਸੀਅਤ ਕਿਸ ਤਰ੍ਹਾਂ ਦੀ ਸੀ। ਸਭ ਕੁਝ ਇਨਾਮ 'ਤੇ ਪੈਸਿਆਂ ਲਈ ਹੀ ਕਰ ਰਿਹਾ ਹੈ। ਜਬ੍ਹੇ ਵਾਲ਼ਾ ਬੰਦਾ ਸੀ।

ਜਗਜੀਤ ਨੇ ਸੁਖੀ ਦਾ ਮੂੰਹ ਵੀ ਵੇਖ ਲਿਆ ਸੀ। ਸਾਫ਼ ਜਾਪਦਾ ਸੀ ਕਿ ਉਹਨੇ ਹੀ ਅੱਖਰ ਢੂੰਡੇ ਸੀ। ਉਸ ਦੇ ਮੁਖ ਉੱਤੇ ਝੋਰਾ ਸੀ ਜਦ ਹੈਨਰੀ ਨੇ ਸਿਰਫ਼ ਬਾਹਰੋਂ ਲਿਆਂਦੇ ਪੰਜਾਬੀ ਬੰਦਿਆਂ ਨੂੰ ਮੱਦਦ ਦੀ ਪੇਸ਼ਕਸ਼ ਦਿੱਤੀ ਸੀ। ਹੁਣ ਜਗਜੀਤ ਨੇ ਗਹੁ ਨਾਲ਼ ਸੁਖੀ ਵੱਲ ਤੱਕਿਆ। ਮਸਾਂ ਪੰਜ ਫੁੱਟ ਤਿੰਨ ਦਾ ਕੱਦ ਸੀ, ਸਤਾਈ ਸਾਲਾਂ ਦੀ ਉੱਮਰ ਅਤੇ ਉਸ ਦਾ ਚੇਹਰਾ ਐਣ ਮੀਨਾ ਕੁਮਾਰੀ ਨਾਲ਼ ਰਲ਼ਦਾ ਮਿਲ਼ਦਾ ਸੀ। ਜਗਜੀਤ ਨੂੰ ਇੰਵ ਜਾਪਿਆ ਜਿੰਵ ਨਾਰੀ ਕਰਕੇ ਸਾਰੇ ਜਣੇ ਉਸ ਨੂੰ ਸਤਕਾਰ ਨਹੀਂ ਸੀ ਕਰਦੇ। ਖ਼ੈਰ ਖ਼ਾਸ ਹੈਨਰੀ ਵਰਗੇ। ਉਸ ਨੂੰ ਕਾਮਿਆਂ ਦੀਆਂ ਅੱਖਾਂ ਵਿੱਚ ਸੁਖੀ ਲਈ ਇੱਜ਼ਤ ਦਿੱਸੀ ਸੀ।

ਸਾਨੂੰ ਕੰਪਿਊਟਰ 'ਤੇ ਟੈਸਟਿੰਗ ਸਮਗਰੀਆਂ ਵੀ ਚਾਹੀਦੀਆਂ ਹਨ। ਅਲੀ ਨੇ ਜਗਜੀਤ ਨੂੰ ਗ਼ੌਰ ਕਰਨ ਲਈ ਕਿਹਾ।

ਅਸੀਂ ਸਭ ਕੁਝ ਤੁਹਾਨੂੰ ਦੇ ਦੇਵਾਂਗੇ, ਪਹਿਲੀਂ ਵਾਰੀ ਜਗਜੀਤ ਨੇ ਖ਼ਾਲਿਦ ਬਖ਼ਸ਼ ਦੀ ਆਵਾਜ਼ ਸੁਣੀ। ਮਿੱਠੀ ਚਾਸ ਵਾਂਙ ਹਵਾ ਵਿੱਚ ਰੁਣ ਝੁਣ ਰਹੀ ਸੀ। ਖ਼ਾਲਿਦ ਦਾ ਤਾਂਬੇ ਰੰਗਾ ਮੁਖੜਾ ਪੱਕਾ ਜਿਹਾ ਸੀ। ਜਗਜੀਤ ਨੂੰ ਦਿੱਸਦਾ ਸੀ ਕਿ ਇਹ ਬੰਦਾ ਅੱਧਾ ਕਾਲ਼ਾ ਸੀ, ਅੱਧਾ ਬਰਬਰ। ਦੂਜਿਆਂ ਕਾਮਿਆਂ ਵਾਂਙ ਲੀੜੇ ਆਪਣੀ ਕੌਮ ਦੇ ਹੀ ਪਾਏ ਹੋਏ ਸੀ। ਉਸ ਦੀ ਪੱਗ ਥੱਲੇ ਤਿੱਖੇ ਗੂੜ੍ਹੇ ਕੈਰੇ ਨੇਤਰ ਨਜ਼ਰ ਆਉਂਦੇ ਸਨ, ਜਿਨ੍ਹਾਂ ਪਿੱਛੇ ਉਸਤਰਾ ਮਰਦ ਜਾਪਦਾ ਸੀ। ਉਨ੍ਹਾਂ ਦੇ ਹੇਠ ਉਕਾਬੀ ਨਾਸਾਂ ਸਨ ਅਤੇ ਦਾਖੇ ਰੰਗੇ ਖੁੱਟੜ ਬੁੱਲ੍ਹ। ਲੰਮਾ ਪਤਲਾ ਬੰਦਾ ਸੀ। ਖ਼ੈਰ, ਹੈਨਰੀ ਤੋਂ ਹੁਸ਼ਿਆਰ ਲੱਗਦਾ ਸੀ। ਜਗਜੀਤ ਨੇ ਪਾਕਿਸਤਾਨੀਆਂ ਦਾ ਕੂਤ ਜਦ ਪਹਿਲਾਂ ਹੈਲੀਕਾਪਟਰ 'ਚ ਉਨ੍ਹਾਂ ਨੂੰ ਮਿਲ਼ ਕੇ ਗੱਲ ਕੀਤੀ ਸੀ, ਕਰ ਲਿਆ।

ਉਸ ਨੇ ਫ਼ੈਸਲਾ ਕਰ ਲਿਆ ਕਿ ਇਸ ਮੀਟਿੰਗ ਤੋਂ ਬਾਅਦ ਸੁਖੀ ਨਾਲ਼ ਗੱਲ ਕਰੇਗਾ।

ਜੇ ਹੋਰ ਕੁਝ ਨਹੀਂ; ਸਾਰੇ ਜਣੇ ਆਪਣਿਆਂ ਕਮਰਿਆਂ 'ਚ ਚਲ ਜਾਓ। ਕੱਲ੍ਹ ਤੁਹਾਡਾ ਕੰਮ ਸ਼ੁਰੂ ਹੋਵੇਗਾ, ਹੈਨਰੀ ਨੇ ਇੰਵ ਇਜਲਾਸ ਬੰਦ ਕਰ ਦਿੱਤਾ।

* * * * *

ਅਗਲੇ ਦਿਹਾੜਿਆਂ 'ਚ ਸਾਰੇ ਜਣੇ ਲਿੱਪੀ ਦੇ ਕੰਮ ਵਿੱਚ ਮਸਰੂਫ ਸਨ। ਕਾਮੇ ਉੱਪਰ ਖੰਡਰ 'ਤੇ ਕੰਮ ਕਰ ਰਹੇ ਸਨ, ਉਨ੍ਹਾਂ ਨੂੰ ਖ਼ਾਲਿਦ ਨਿਰੀਖਣ ਕਰਦਾ; ਥੱਲੇ ਤਹਿਖਾਨੇ ਵਿੱਚ ਹੈਨਰੀ ਨਜ਼ਰ ਰੱਖ ਰਿਹਾ ਸੀ। ਚਿੱਟੇ ਮੇਜ਼ ਦੇ ਉੱਪਰ ਹਰ ਤਰ੍ਹਾਂ ਦੇ ਆਲ਼ੇ ਜੰਤਰ ਸਨ, ਖ਼ਾਸ ਕੰਪਿਊਟਰ, ਰੇਡਿਓ ਤੇ ਸਕਰੀਨਾਂ। ਕੰਧ ਦੇ ਹਰ ਹਿੱਸੇ ਦੀ ਫ਼ੋਟੋ ਖਿੱਚ ਕੇ ਹੜੱਪੇ 'ਤੇ ਸਿੰਧ ਸੱਭਿਅਤੇ ਦੀਆਂ ਕੰਧਾਂ ਦੀਆਂ ਤਸਵੀਰਾਂ ਨਾਲ਼ ਤੁਲਨਾ ਕਰ ਰਹੇ ਸੀ। ਪਰਮਾਣ ਸਾਰਥਕ ਸੀ। ਸਾਰੇ ਖ਼ੁਸ਼ ਸਨ। ਗਣਾਸੀਲਾ ਜਾਂ ਯੂਸਫ਼ ਕੰਧਾਂ ਦੀਆਂ ਤਸਵੀਰਾਂ ਖਿੱਚ ਖਿੱਚ ਕੇ ਉਨ੍ਹਾਂ ਨੂੰ ਦਿੰਦੇ ਸਨ। ਕਦੀ ਕਦੀ ਨਵੀਂ ਜਗ੍ਹਾ ਨੂੰ ਖੱਟਣਾ ਪੈਂਦਾ ਸੀ। ਇੰਵ ਹੌਲ਼ੀ ਹੌਲ਼ੀ ਹੇਠਲੀ ਮੰਜ਼ਲ ਵੱਲ ਪੁੱਟਣ ਦਾ ਕੰਮ ਚਲੇ ਗਿਆ।

ਇੱਕ ਦਿਨ ਜਗਜੀਤ ਦਸਤਰਖ਼ਾਨ 'ਤੇ ਇਕੱਲਾ ਬੈਠਾ ਸੀ, ਖਾਣਾ ਪੀਣਾ ਸੇਵਨ ਕਰਦਾ। ਸੁਖੀ ਨੇ ਵੇਖ ਲਿਆ ਅਤੇ ਉਸ ਵੱਲ ਪੁੱਜੀ। ਬੇਖ਼ਬਰ ਸੀ ਕਿ ਉਹ ਤਾਂ ਪਹਿਲਾਂ ਹੀ ਉਸ ਨੂੰ ਮਿਲ਼ਣਾ ਚਾਹੁੰਦਾ ਸੀ। ਸੁਖੀ ਖੱਬੇ ਤੋਂ ਸੱਜੇ ਝਾਕੀ, ਕੋਈ ਹੋਰ ਨਹੀਂ ਸੀ। ਗੱਲ ਸ਼ੁਰੂ ਕਰਨ ਦੇ ਅੰਦਾਜ਼ ਵਿੱਚ ਜਗਜੀਤ ਨੂੰ ਆਖਿਆ, ਮੈਂ ਵੀ ਇੱਥੇ ਬਹਿ ਸਕਦੀ ਹਾਂ?

ਜਗਜੀਤ ਨੇ ਵੇਖਿਆ ਕਿ ਉਸ ਦੇ ਹੱਥਾਂ ਵਿੱਚ ਖਾਣਾ ਨਹੀਂ ਸੀ। ਗੱਲ ਕਰਨ ਦਾ ਬਹਾਨਾ ਸੀ। ਉਸ ਨੇ ਸੋਚਿਆ, ਸਗੋਂ ਮੇਰੇ ਕੋਲ਼ੇ ਤਾਂ ਇਸ ਲਈ ਸਵਾਲਾ ਦਾ ਪਿਆਲਾ ਭਰਿਆ ਹੈ। ਨਾਲ਼ੇ ਉਸ ਨੇ ਉਸ ਮੀਟਿੰਗ 'ਚ ਹੀ ਫ਼ੈਸਲਾ ਕਰ ਲਿਆ ਸੀ ਸੁਖੀ ਨਾਲ਼ ਗੱਲ ਕਰਨ ਨੂੰ। ਮੌਕਾ ਸੁਖੀ ਨੇ ਦੇ ਦਿੱਤਾ ਸੀ। ਆਹੋ, ਮੈਂ ਗੱਲ ਕਰਾਂਗਾ ਉਸ ਨਾਲ਼। ਜਗਜੀਤ ਨੇ ਆਪਣੇ ਹੱਥ ਨਾਲ਼ ਸੁਖੀ ਨੂੰ ਬੈਠਣ ਦਾ ਇਸ਼ਾਰਾ ਕੀਤਾ ਅਤੇ ਨਾਲ਼ ਬੋੋਲਿਆ, ਜੀ ਬਹਿ ਜਾਓ। ਤੁਸੀਂ ਹੈਨਰੀ ਵਾਸਤੇ ਕਦ ਦੇ ਕੰਮ ਕਰ ਰਹੇ ਹੋ?

ਸਾਲ ਹੋ ਚੁੱਕਾ ਹੁਣ। ਏਕਸਾਵੈਸ਼ਨ 'ਤੇ ਦੋ ਸਾਲ ਦੇ ਕੰਮ ਕਰਦੇ ਹਨ। ਪਰ ਮੈਨੂੰ ਮੋਲਾ ਰਾਹੀਂ ਨੌਕਰੀ ਮਿਲ਼ੀ ਹੈ।

ਉਂਵ ਤੇਰੀ ਸਪੇਸ਼ਲਐਲਿਟੀ ਕੀ ਹੈ? ਜ਼ੁਬਾਨਾਂ?

ਜ਼ੁਬਾਨਾਂ, ਮਿਸਰੀ ਤਾਰੀਖ਼, ਅਫ਼ਰੀਕਾ ਦੀਆਂ ਪੁਰਾਣੀਆਂ ਬੋਲੀਆਂ ਬਗੈਰਾ।

ਜਗਜੀਤ ਨੇ ਮੂੰਹ 'ਚ ਪਾਇਆ ਖਾਣਾ ਮੁਕਾ ਕੇ ਫੇਰ ਗੱਲ ਜਾਰੀ ਰੱਖੀ, ਇੱਥੇ ਸਾਰੇ ਆਦਮੀ ਹੀ ਕੰਮ ਕਰ ਰਹੇ ਹਨ। ਤੁਹਾਨੂੰ ਕੋਈ ਫ਼ਿਕਰ ਨਹੀਂ?

ਕਿਉਂ? ਜਗਜੀਤ ਸਾਹਬ ਨੂੰ ਲੱਗਦਾ ਕਿ ਨਾਰੀ ਆਪਣੇ ਆਪ ਨੂੰ ਸੰਭਾਲ਼ ਨਹੀਂ ਸਕਦੀ?

ਇਹ ਮੇਰਾ ਮਤਲਬ ਨਹੀਂ ਸੀ, ਸੁਖਬੀਰ ਜੀ। ਮੈਨੂੰ ਸਾਰਫ਼ ਦਿੱਸਦਾ ਕਿ ਤੁਸੀਂ ਆਪਣੇ ਆਪ ਨੂੰ ਸੰਭਾਲ਼ ਲੈਂਦੇ ਹਨ, ਨਾਲ਼ੇ ਤੁਸੀਂ ਤਾਂ ਫੇਰ ਵੀ ਵਲੈਤ ਦੇ ਹੋ। ਮੈਨੂੰ ਪਤਾ ਖੁਲ੍ਹ ਹੈ ਉੱਥੇ...ਅੱਗਲੀ ਸੋਚ ਉਸ ਨੇ ਆਪਣੀ ਹਿੱਕ ਨਾਲ਼ ਹਿਫਾਜਤ ਰੱਖੀ...ਆਪਣੇ ਅੰਦਰ ਸੋਚ ਰਿਹਾ ਸੀ, ਕਿ ਇੰਨੇ ਮਰਦਾਂ ਵਿੱਚ ਨੌਜਵਾਨ ਤੀਵੀਂ ਸਹੀ ਸਲਾਮਤ ਰਹਿ ਸਕਦੀ ਹੈ? ਡਰ ਨਹੀਂ ਸੀ? ਅਕਸਰ ਬੰਦਾ ਤਾਂ ਇੱਕ ਸੋਚ 'ਤੇ ਹੀ ਚਲਦਾ ਜਦ ਜ਼ਨਾਨੀ ਦੀ ਗੱਲ ਹੋਵੇ। ਉਸ ਜ਼ਨ ਦੀ ਗ਼ਲਤੀ ਨਹੀਂ ਹੈ। ਬੰਦੇ ਦੀ ਹੈਵਾਨੀਅਤ ਐਸੀ ਹੀ ਹੈ।

ਕੀ ਤੁਹਾਨੂੰ ਮੈਂ ਅਬਲਾ ਔਰਤ ਜਾਪਦੀ ਹੋ, ਕੋਈ ਛੁੱਟੜ...

ਨਹੀਂ, ਨਹੀਂ...

ਸਾਰੇ ਮਰਦ ਇੱਕੋ ਜਿਹੇ ਨੇ। ਮੈਂ ਸੋਚਿਆ ਪੜ੍ਹੇ ਲਿਖੇ ਬੰਦੇ, ਭਾਵੇਂ ਪੰਜਾਬ ਦੇ ਵੀ ਹੋਣ...

ਨਹੀਂ। ਪਹਿਲਾਂ ਜੇ ਮੈਂ ਪੰਜਾਬ ਤੋਂ ਹਾਂ, ਇਸ ਦਾ ਇਹ ਨਹੀਂ ਮਤਲਬ ਮੈਂ ਕੋਈ ਕੋਰਮ ਕੋਰਾ ਹਾਂ। ਇੱਲ ਦਾ ਨਾਉਂ ਕੋਕੋ ਨਾ ਜਾਣਨਾ, ਇਹ ਤਾਂ ਤੁਹਾਡੀ ਬਰਤਾਨੀਆ ਦੇ ਲੋਕਾਂ ਬਾਰੇ ਕਹਿ ਸਕਦੇ ਹੈ, ਮਿਸਿਜ਼ ਢੰਡ।

ਪਲੀਜ਼ ਮੈਨੂੰ ਸੁਖੀ ਸੱਦੋ।

ਸੁਖੀ ਜੀ...ਵੈਸੇ ਮੈਂ ਤਾਂ ਤੁਹਾਨੂੰ ਕਈ ਸਵਾਲ ਇੱਥੇ ਬਾਰੇ ਪੁੱਛਣੇ ਸੀ। ਮੈਨੂੰ ਤਾਂ ਹੈਨਰੀ ਵੇਖ ਕੇ ਫ਼ਿਕਰ ਸੀ...ਕਿ ਤੁਹਾਨੂੰ ਸਾਈਡਲਾਈਨ ਕਰ ਰਿਹਾ ਹੈ। ਸਾਨੂੰ ਤਾਂ ਸਾਫ਼ ਦਿੱਸਦਾ ਕਿ ਹੜੱਪੇ ਦੇ ਅੱਖਰਾਂ ਨਾਲ਼ ਮੇਲ਼ ਤੁਸੀਂ ਹੀ ਸਮਝਿਆ ਹੈ।

ਆਹੋ। ਹੁਣ ਸੁਖੀ ਨੂੰ ਸਦ ਅਫ਼ਸੋਸ ਆਇਆ ਕਿ ਇੰਞ ਜਗਜੀਤ ਨਾਲ਼ ਗੱਲ ਕੀਤੀ। ਮੈਂ...ਮੈਂ ਤੁਹਾਨੂੰ ਜਗੀ ਸੱਦ ਸਕਦੀ ਹੈ?

ਆਹੋ। ਵੇਖ ਮੈਂ ਤਾਂ...

ਮੈਂ ਸੌਰੀ...ਦੋਨਾਂ ਦੇ ਸ਼ਬਦ ਇੱਕ ਦੂਜੇ ਉੱਪਰ ਢਕੇ।

ਨਹੀਂ ਤੁਸੀਂ ਬੋਲੋ...

ਮੈਂ ਤਾਂ ਪੁੱਛਣਾ ਸੀ ਕਿ...ਫੇਰ ਇੱਕ ਦੂਜੇ ਉੱਤੇ ਬੋਲੇ। ਦੋਨੋਂ ਚੁੱਪ ਹੋ ਗਏ।

ਮੈਨੂੰ ਸਮਝ ਨਹੀਂ ਕਿ ਜਿਹੜੇ ਅੱਖਰ ਪੰਜਾਬ ਦੀਆਂ ਕੰਧਾਂ ਉੱਤੇ ਹਨ...ਇੰਨੇ ਦੂਰ ਵਾਲ਼ੇ ਦੇਸ਼ ਦੇ...ਜਗੀ ਨੇ ਗੱਲ ਸ਼ੁਰੂ ਕੀਤੀ...ਪਰ ਅਗਾਂਹਾਂ ਵਿਆਖਿਆ ਨੂੰ ਪੂਰੀ ਨਹੀਂ ਕਰ ਸੱਕਿਆ। ਦੌੜਦਾ ਦੌੜਦਾ ਅਲੀ ਲਾਗੇ ਆਇਆ ਅਤੇ ਪਲ ਵਾਸਤੇ ਹੀ ਹੱਟ ਕੇ ਬੋਲਿਆ, ਚਲੋ! ਆਓ! ਉਨ੍ਹਾਂ ਨੇ ਫ਼ਰਸ਼ ਥੱਲੇ ਹੋਰ ਕੁਝ ਲੱਭ ਲਿਆ! ਆਓ ਨਾ! ਇੰਞ ਕਹਿ ਕੇ ਨੱਸ ਪਿਆ।

ਦੋਨਾਂ ਨੇ ਇੱਕ ਦੂਜੇ ਵੱਲ ਵੇਖਿਆ, ਫੇਰ ਉੱਠ ਗਏ।

* * * * *

ਸਭ ਤੋਂ ਹੇਠਲੀ ਮੰਜ਼ਲ ਦੇ ਫ਼ਰਸ਼ ਉੱਤੇ ਰੇਤ 'ਤੇ ਖ਼ਾਕ ਵਿੱਚੋਂ ਕੁਝ ਤਫਨੇ ਦੇ ਪੈਰ ਵਿੱਚ ਚੁਭਿਆ। ਉਸ ਨੇ ਜਦ ਥੱਲੇ ਝਾਕਿਆ, ਉਸ ਵੇਖਿਆ ਕਿ ਕੁਝ ਭੂੰਜੋਂ ਨਿਕਲ਼ ਰਿਹਾ ਸੀ। ਉਸ ਨੇ ਗਵਾਸੀਲ ਨੂੰ ਦੱਸ ਦਿੱਤਾ। ਗਵਾਸੀਲੇ ਨੇ ਕੁੱਬੇ ਹੋ ਕੇ ਹੱਥ ਧਰਤ 'ਤੇ ਮਾਰਿਆ। ਹੈਰਾਨ ਹੋ ਗਿਆ। ਆਪਣੀ ਸ਼ੰਕਾ ਪਾਸੇ ਕਰਨ ਲਈ, ਉਸ ਨੇ ਖਰਕੇ ਨਾਲ਼ ਫ਼ਰਸ਼ ਸੰਬਰਿਆ। ਜਦ ਵੇਖਿਆ ਕਿ ਲੋਹੇ ਦਾ ਢੱਕਣ ਧਰਤ ਵਿੱਚ ਜੁੜਿਆ ਹੋਇਆ ਸੀ, ਉਸ ਨੇ ਖ਼ਾਲਿਦ ਨੂੰ ਬੁਲਾ ਲਿਆ। ਜਦ ਸਾਰੇ ਫ਼ਰਸ਼ ਨੂੰ ਹੂੰਝ ਕੇ ਸਾਫ਼ ਕੀਤਾ, ਉਨ੍ਹਾਂ ਨੇ ਵੇਖ ਲਿਆ ਕਿ ਸਾਰਾ ਹੀ ਸਾਰਾ ਧਾਤੀ ਸੜ੍ਹਾ ਸੀ। ਮਤਲਬ ਲੋਹੇ ਦਾ ਫ਼ਰਸ਼ ਢੂੰਡ ਲਿਆ ਸੀ।

ਖ਼ਾਲਿਦ ਨੇ ਧਿਆਨ ਨਾਲ਼ ਤਸ਼ਖ਼ੀਸ ਕੀਤੀ। ਹੁਣ ਉਸ ਦੇ ਇਰਦ ਗਿਰਦ ਇਜ਼ੂ ਅਤੇ ਅਜੀਜ਼ਲ ਅਤੇ ਅਯੂਬ ਸਨ। ਉਸ ਨੇ ਮਗਰਲੇ ਨੂੰ ਹੈਨਰੀ ਨੂੰ ਲੈਣ ਭੇਜ ਦਿੱਤਾ। ਜਦ ਹੈਨਰੀ ਆਇਆ ਉਸ ਨੇ ਵੇਖ ਕੇ ਉਨ੍ਹਾਂ ਨੂੰ ਕਿਹਾ ਢੱਕਣ ਨੂੰ ਖੋਲ੍ਹੋ।ਪਰ ਖੋਲ੍ਹ ਨਾ ਸਕੇ। ਜਦ ਇਹ ਸਭ ਹੋ ਰਿਹਾ ਸੀ, ਅਣਜਾਣੂ ਸੁਖੀ 'ਤੇ ਜਗੀ ਹਾਲੇ ਲੰਚ ਕਰ ਰਹੇ ਸੀ। ਹੈਨਰੀ ਫੇਰ ਡ੍ਰਿੱਲ ਮੰਗਵਾ ਲਈ। ਡ੍ਰਿੱਲ ਦੀ ਅਣੀ ਹੀਰੇ ਦੇ ਬਣਾਈ ਹੋਈ ਸੀ। ਉਸ ਦਾ ਕੰਮ ਹੀ ਲੋਹੇ ਨੂੰ ਕੱਟਣ ਦਾ ਸੀ। ਪਰ ਬਹੁਤ ਛੇਤੀ ਟੁੱਟ ਗਈ। ਯੂਸਫ਼ ਨੂੰ ਵੱਡੀ ਮਸ਼ੀਨ ਡ੍ਰਿੱਲ ਲਿਆਉਣ ਨੂੰ ਕਿਹਾ ਗਿਆ ਅਤੇ ਲੇਸਰ ਵਾਲ਼ੀ ਵੀ। ਉਸ ਨਾਲ਼ ਇਕੱਲੀਆਂ ਡ੍ਰਿੱਲਾਂ ਨਹੀਂ ਆਈਆਂ, ਪਰ ਅਲੀ 'ਤੇ ਕਾਸਮੀ ਵੀ ਆਏ। ਘੰਟੇ ਲਈ ਸਾਰਿਆਂ ਨੇ ਵਾਰੀਆਂ ਲਈਆਂ ਲੋਹੇ ਨੂੰ ਕੱਟਣ। ਪਰ ਡ੍ਰਿੱਲ ਲੋਹੇ 'ਤੇ ਖਿਸਕੀ ਗਈ। ਲੇਸਰ ਵਾਲ਼ੀ ਚਲਾਈ। ਇੱਕ ਢੱਕਣ ਦਾ ਟੁਕੜਾ ਟੁੱਟ ਗਿਆ। ਉਸ ਨੂੰ ਕਾਸਮੀ ਚੁੱਕ ਕੇ ਉੱਪਰਲੀ ਪ੍ਰਯੋਗਸ਼ਾਲੇ ਲੈ ਗਿਆ। ਸਾਰਿਆਂ ਨੇ ਢੱਕਣ ਨੂੰ ਕੱਟਣ ਦੀਆਂ ਸ਼ਿਫ਼ਤਾਂ ਲਾਈਆਂ। ਅਲੀ ਅਤੇ ਹੈਨਰੀ ਵੀ ਕਾਸਮੀ ਮਗਰ ਤੁਰ ਪਏ। ਪਰ ਖ਼ਾਲਿਦ ਰਿਹਾ, ਉਸ ਨਾਲ਼ ਯੂਸਫ਼ 'ਤੇ ਤਫਨਾ। ਹਾਰ ਕੇ ਖੰਡ ਖੰਡ ਕਰਨ ਬਾਅਦ ਢੱਕਣ ਖੁੱਲ੍ਹ ਗਿਆ। ਉੱਪਰ ਲਬਾਟਰੀ ਵਿੱਚ ਕਾਸਮੀ ਅਤੇ ਹੈਨਰੀ ਨੂੰ ਸਮਝ ਲੱਗ ਗਈ ਸੀ ਕਿ ਇਹ ਲੋਹਾ ਤਾਂ ਇਸ ਭੂਮੀ ਦਾ ਹੋ ਨਹੀਂ ਸੀ ਸਕਦਾ! ਜਦ ਤੀਕ ਹੈਨਰੀ ਨੂੰ ਦੱਸ ਦਿੱਤਾ ਸੀ ਕਿ ਢੱਕਣ ਖੁੱਲ੍ਹ ਚੁੱਕਾ ਸੀ ਅਤੇ ਉਸ ਦੇ ਥੱਲੇ ਕੀ ਲੱਭਿਆ ਗਿਆ ਸੀ। ਉਸ ਵੇਲ਼ੇ ਅਲੀ ਹੋਰ ਕੀਤੇ ਸੀ। ਜਦ ਉਸ ਨੂੰ ਲਭਤ ਬਾਰੇ ਪਤਾ ਲੱਗਾ, ਨੱਠ ਕੇ ਆਇਆ, ਰਾਹ ਵਿੱਚ ਜਗੀ 'ਤੇ ਸੁਖੀ ਲੰਚ ਖਾਂਦੇ ਮਿਲ਼ੇ।

ਹੁਣ ਜਗੀ ਅਤੇ ਸੁਖ ਉੱਥੇ ਪਹੁੰਚ ਚੁੱਕੇ। ਉਨ੍ਹਾਂ ਦੇ ਸਾਹਮਣੇ ਅਜੀਜ਼ੁਲ ਖੜ੍ਹੋਤਾ ਸੀ, ਪੌੜ੍ਹੀ ਢੱਕਣ ਵਿੱਚ ਖੜ੍ਹਾ ਕੇ ਫੜੀ ਹੋਈ ਸੀ। ਉਸ ਨੇ ਇਸ਼ਾਰਾ ਕੀਤਾ ਕਿ ਸਾਰੇ ਜਣੇ ਥੱਲੇ ਚਲੇ ਗਏ। ਹੁਣ ਉਨ੍ਹਾਂ ਦੇ ਮਗਰ ਜਗੀ 'ਤੇ ਸੁਖੀ ਉੱਤਰੇ। ਹੇਠਾਂ ਪੁੱਜ ਕੇ ਜਗੀ ਨੇ ਆਪਣੇ ਫ਼ੋਨ ਦ ਿਬੱਤੀ ਚਾਲੂ ਕੀਤੀ, ਕਿਉਂਕਿ ਹਨੇਰਾ ਸੀ। ਉਹ 'ਤੇ ਸੁਖੀ ਹੈਰਾਨ ਹੋ ਗਏ ਜਦ ਰੋਸ਼ਨੀ ਕੰਧਾਂ ਉੱਤੇ ਡੁੱਲ੍ਹੀ! ਕਾਲ਼ੇ ਫੁਲਾਦ ਦੀਆਂ ਕੰਧਾਂ ਉੱਤੇ ਉਹ ਹੀ ਚਿੱਤਰ ਲਿੱਪੀ ਸੀ ਜੋ ਹੜੱਪੇ ਸੀ ਅਤੇ ਉੱਪਰ ਖੰਡਰ ਦੇ ਭੀਤਾਂ 'ਤੇ ਸੀ! ਦੋਨਾਂ ਜਣਿਆਂ ਨੇ ਹਰ ਤਸਵੀਰ ਉੱਤੇ ਚਾਨਣ ਕਰ ਕੇ ਵੇਖਿਆ। ਕਮਾਲ ਦੀ ਗੱਲ ਸੀ! ਇੱਥੇ ਕੰਧ, ਛੱਤ 'ਤੇ ਫ਼ਰਸ਼ ਸਭ ਲੋਹੇ ਦੇ ਬਣਾਏ ਹੋਏ ਸਨ! ਉੱਪਰੋਂ ਅਜੀਜ਼ੁਲ ਨੇ ਉੱਚੀ ਆਵਾਜ਼ ਵਿੱਚ ਕਿਹਾ, ਸੁਖੀ ਜੀ, ਹੀਰੇ ਦੀ ਡ੍ਰਿੱਲ ਟੁੱਟ ਗਈ! ਹਾਰ ਕੇ ਸਾਨੂੰ ਲੇਜ਼ਰ ਵਾਲ਼ੀ ਵਰਤਣੀ ਪਈ! ਕਾਸਮੀ ਜੀ ਨੇ ਲੋਹੇ ਨੂੰ ਟੈਸਟ ਕੀਤਾ, ਬੋਲੇ ਕਿ ਇਹ ਲੋਹਾ ਸਾਡੀ ਦੁਨੀਆ ਦਾ ਨਹੀਂ ਹੋ ਸਕਦਾ ਹੈ! ਕਿ ਇਹ ਲੋਹਾ ਤਾਂ ਕੁਜੱਗ ਹੈ! ਪਰਾਇਆ ਹੈ! ਇਹ ਸੁਣ ਕੇ, ਲਿਖਾਈ ਵੱਲ ਵੇਖ ਕੇ, ਦੋਵੇਂ ਇੱਕ ਦੂਜੇ ਵੱਲ ਝਾਕੇ। ਇਸ ਗੱਲ ਦਾ ਅਸਲੀ ਮਤਲਬ ਅੱਖਾਂ ਨੇ ਸਾਂਝ ਕਰ ਲਿਆ ਸੀ। ਫੇਰ ਸੁਖੀ ਦੇ ਬੁੱਲ੍ਹਾਂ ਉੱਤੇ ਮੁਸਕਾਨ ਫੈਲ ਗਈ, ਵਾਹ!

ਤੈਨੂੰ ਡਰ ਨਹੀਂ ਲੱਗਦਾ? ਜਗੀ ਨੇ ਪੁੱਛਿਆ, ਉਸ ਦਾ ਦਿਲ ਕਾਹਲਾ ਪੈਂਦਾ ਸੀ।

ਨਹੀਂ! ਇੰਞ ਕਹਿ ਕੇ ਆਪਣੇ ਫ਼ੋਨ ਦੀ ਬੱਤੀ ਚਾਲੂ ਕਰ ਕੇ ਸੁਖੀ ਅੱਗੇ ਹੋ ਗਈ। ਉਸ ਦੇ ਮਗਰ, ਸ਼ੇਰ ਬਣ ਕੇ ਜਗੀ ਤੁਰ ਪਿਆ। ਜਿੱਥੋਂ ਚਾਨਣ ਦਿੱਸ ਰਿਹਾ ਸੀ, ਉੱਥੇ ਹੀ ਸਾਰੇ ਹੋਣਗੇ। ਸੋ ਸੁਖੀ ਉਸ ਵੱਲ ਤੁਰੀ। ਲਾਂਘੇ ਦੇ ਦੂਜੇ ਪਾਸੇ ਹੋਰ ਲਾਂਘਾ ਕੱਟ ਰਿਹਾ ਸੀ, ਜਿਸ ਦੇ ਆਲ਼ੇ ਦੁਆਲ਼ੇ ਕਈ ਕਮਰੇ ਸਨ। ਹਰ ਕੰਧ ਉੱਤੇ ਹੜੱਪੇ ਦੀ ਬੋਲੀ ਚਿਤ੍ਰਿਤ ਸੀ। ਇਸ ਲਾਂਘੇ 'ਚੋਂ ਚਾਨਣ ਆ ਰਿਹਾ ਸੀ। ਸਾਰੇ ਜਣੇ ਉੱਥੇ ਖਲੋਤੇ ਸਨ, ਉਨ੍ਹਾਂ ਦੇ ਹੱਥਾਂ ਵਿੱਚ ਵੱਡੀਆਂ ਟਾਰਚਾਂ। ਗੈਰ ਕਿਸ਼ਤੀ ਜਾਂ ਜਹਾਜ਼ ਹੋਵੇਗਾ। ਪੁਲਾੜ ਜਹਾਜ਼। ਹੋਰ ਕੀ ਹੋ ਸਕਦਾ ਹੈ? ਕੀ ਸਾਡੀਆਂ ਬੋਲੀਆਂ ਹੋਰ ਦੁਨੀਆ ਤੋਂ ਆਈਆਂ? ਕੀ ਦੇਵਲੋਕ ਦਾ ਜਹਾਜ਼ ਹੈ? ਅਸੀਂ ਬਾਹਰੋਂ ਤਾਂ ਵੇਖ ਨਹੀਂ ਸਕਦੇ ਹਨ। ਪਤਾ ਨਹੀਂ ਕਿੰਨੀਆਂ ਸਦੀਆਂ ਦਾ ਧਰਤ ਥੱਲੇ ਦਫ਼ਨ ਹੋਇਆ ਹੈ। ਪਰ ਆ ਇਸ ਦਾ ਅੰਦਰਲਾ ਪਾਸਾ ਹੈ। ਜਗੀ ਸੋਚ ਕੇ ਹੋਰ ਹੱਕਾ ਬੱਕਾ ਹੋ ਗਿਆ। ਸਾਰੇ ਜਣੇ ਇਕੱਠੇ ਹੋ ਕੇ ਕੋਈ ਸ਼ੈ ਨੂੰ ਘੇਰ ਰਹੇ ਸਨ। ਕੀ ਚੀਜ਼ ਨੂੰ ਜਾਂ ਕਿਸ ਨੂੰ ਨਰਗਾ ਪਾਉਂਦੇ ਸੀ? ਉੱਥੇ ਪਹੁੰਚ ਕੇ ਦੋਵੇਂ ਜਣੇ ਹੈਰਾਨ ਹੋ ਪਏ!

* * * * *

ਸਭ ਤੋਂ ਪਹਿਲੀਂ ਚੀਜ਼ ਜਗੀ ਨੂੰ ਮਹਿਸੂਸ ਹੋਈ ਕਿ ਠੰਡ ਲੱਗ ਰਹੀ ਸੀ। ਉਸ ਦੇ ਮੂੰਹ ਵਿੱਚੋਂ (ਅਤੇ ਸਾਰਿਆਂ ਦੇ ਮੂੰਹਾਂ ਵਿੱਚੋਂ) ਹਵਾੜ੍ਹ ਦੀਆਂ ਕੱਸਣਾਂ ਹਵਾ ਵਿੱਚ ਲੱਛੇਦਾਰ ਹੋ ਕੇ ਵੱਟ ਰਹੀਆਂ ਸਨ। ਇਸ ਪੁਲਾੜ ਜਹਾਜ਼ (ਹੋਰ ਕੀ ਹੋ ਸਕਦਾ ਸੀ?) ਦੇ ਬਾਹਰ, ਬੇਸ਼ੱਕ ਏ.ਸੀ. ਲਾਈ ਹੋਈ ਸੀ, ਗਰਮੀ ਸੀ, ਜਿੰਞ ਧਰਤ ਥੱਲੇ ਹੋਣੀ ਹੀ ਸੀ। ਪਰ ਇੱਥੇ ਤਾਂ ਭਰ ਸਿਆਲ ਸੀ। ਜਦ ਅੰਦਰ ਵੜੇ ਸੀ, ਓਦੋਂ ਮਹਿਸੂਸ ਨਹੀਂ ਹੋਇਆ!

ਉਨ੍ਹਾਂ ਸਾਰਿਆਂ ਦੇ ਚੱਕਰ ਦੇ ਕੇਂਦਰਿਤ ਵੇਖਣ ਵਿੱਚ ਵੱਡੀ ਸਾਰੀ ਬਰਫ਼ ਜਾਂ ਕੱਚ ਦੀ ਬਣਾਈ ਸਿਲ਼ ਸੀ। ਜਿਸ ਵਿੱਚ ਕਿਸੇ ਜੀ ਦਾ ਜੁੱਸਾ ਸਾਫ਼ ਦਿੱਸਦਾ ਸੀ!

ਸਿਲ਼ ਸ਼ੀਸ਼ੇ ਵਾਂਙ ਬਲੌਰੀ ਹੀ। ਜੋ ਉਸ ਦੇ ਵਿੱਚ ਸਭ ਨੂੰ ਦਿੱਸਦਾ ਸੀ, ਓਨਾ ਹੀ ਅਣੋਖਾ ਸੀ ਜਿੰਞ ਕਈ ਨਿਆਰੇ ਮੱਛ ਮੱਛੀਆਂ ਸਮੁੰਦਰ ਦੇ ਗਹਿਰੇ ਇਲਾਕਿਆਂ ਵਿੱਚ ਵੱਸਦੇ ਹਨ। ਖ਼ੌਰ੍ਹੇ ਉਨ੍ਹਾਂ ਤੋਂ ਵੀ ਅਜੀਬ। ਸਿਰ ਨਹੀਂ ਸੀ, ਪਰ ਪੰਜ ਟੋਹਾਬਾਹਾਂ ਜਿਨ੍ਹਾਂ ਦੇ ਸਿਖਰ ਉੱਤੇ ਪੀਲੀਆਂ ਕੱਚ ਅੱਖਾਂ ਸਾਡੇ ਵੱਲ ਬੇਜਾਨ ਤਾੜਦੀਆਂ ਸਨ। ਦਰਖ਼ਤ ਦੀਆਂ ਟਾਹਣੀਆਂ ਵਾਂਙ ਇੱਧਰ ਉੱਧਰ ਟੋਹਾਬਾਹਾਂ ਖਲਾਰੀਆਂ ਸਨ। ਅਤੇ ਇਹ ਟਾਹਣੀਆਂ ਇੱਕ ਕਾਲ਼ੇ ਪਿੰਜਰ ਵਰਗੀ ਧੜ ਵਿੱਚੋਂ ਨਿਕਲ਼ੀਆਂ ਸਨ। ਉਸ ਹੀ ਧੜ ਵਿੱਚੋਂ ਸਿਲ਼ ਦੇ ਥੱਲ਼ੇ ਪਾਸੇ ਸ਼ਾਇਦ ਸੈਂਕੜੇ ਤੰਦ ਖਿਲਰੇ ਸਨ। ਵੇਖਣ ਵਿੱਚ ਬੰਦੇ ਦੇ ਬਦਨ ਦੀਆਂ ਮਹੀਨ ਨਾੜਾਂ ਸਨ।

ਉਸ ਦਾ ਪੇਟ ਕਿੱਥੇ ਸੀ? ਉਸ ਦਾ ਮੂੰਹ? ਉਸ ਦਾ ਭੇਜਾ ਕਿੱਥੇ ਸੀ? ਇਹ ਜੀ ਸੱਚ ਮੁੱਚ ਖ਼ੌਫ਼ਨਾਕ ਗੈਰ ਜੱਗ ਵਾਸੀ ਸੀ! ਆਸ ਪਾਸ ਸੰਨਾਟਾ ਹੀ ਸੀ। ਇੱਕ ਵੱਢੋਂ ਲਫ਼ਜ਼ ਸਾਰਿਆਂ ਦਾ ਸਾਥ ਛੱਡ ਚੁੱਕੇ ਸਨ। ਚੁੱਪ ਹੀ ਚੁੱਪ ਸੀ। ਸਿਵਾ ਹੈਨਰੀ ਜਿਸ ਦੇ ਮੂੰਹ ਉੱਤੇ ਅਰਥ-ਹੂ ਦੇ ਸੁਪਨੇ ਟਪੂਸੀਆਂ ਲਾ ਰਹੇ ਸਨ!

ਸੰਨਾਟਾ ਵੀ ਹੈਨਰੀ ਨੇ ਹੀ ਤੋੜਿਆ। ਏਹ ਸਿਲ਼ ਨੂੰ ਘੁਲ਼ ਸਕਦੇ?

ਸਾਨੂੰ ਤਾਂ ਇਹ ਵੀ ਨਹੀਂ ਪਤਾ ਜੇ ਬਰਫ਼ ਹੈ ਜਾਂ ਕੋਈ ਗੈਰ ਦੁਨੀਆ ਵਾਲ਼ਾ ਕੱਚ, ਖ਼ਾਲਿਦ ਨੇ ਜਵਾਬ 'ਚ ਕਿਹਾ।

ਖ਼ੈਰ, ਲਾਗੇ ਜਾਹ ਕੇ ਵੇਖ ਔਲਡ ਬਓਏ! ਹੈਨਰੀ ਨੇ ਆਪਣੇ ਮਨ ਪਸੰਦ ਤਕੀਆ ਕਲਾਮ 'ਚ ਕਿਹਾ।

ਹੁਣ ਮਾਹੌਲ ਵਿੱਚ ਬਦਲਾਅ ਆ ਗਿਆ ਸੀ। ਸਭ ਨੂੰ ਸਾਹ ਵਿੱਚ ਸਾਹ ਆਇਆ। ਅਲੀ ਨੇ ਆਪਣੇ ਬੱਲ੍ਹਾਂ 'ਚ ਸਿਗਰਟ ਵਾੜ ਲਈ ਅਤੇ ਤਮਾਕੂ ਕਸ਼ ਕੇ ਹੈਨਰੀ ਦੀਆਂ ਨਜ਼ਰਾਂ ਨਾਲ਼ ਨਜ਼ਰਾਂ ਤੋਲੀਆਂ। ਤੁਸੀਂ ਚਾਹੁੰਦੇ ਹੋ ਕਿ ਅਸਾਂ ਇਸ ਭਾਰੀ ਸਿਲ਼ ਨੂੰ ਇੱਥੋਂ ਕੱਢ ਕੇ ਉੱਪਰ ਲੈ ਕੇ ਜਾਈਏ? ਫੇਰ ਕੋਈ ਰਾਹ ਨਾਲ਼ ਉਸ...ਸ਼ੈ ਨੂੰ ਵਿੱਚੋਂ ਕੱਢ ਕੇ ਟੈਸਟ ਕਰੀਏ ਕਿ ਕੀ ਹੈ? ਇੱਥੇ ਕਰਨਾ ਸੌਖਾ ਨਹੀਂ ਹੋਵੇਗਾ?

ਹਾਲੇ ਹੈਨਰੀ ਨੇ ਜਵਾਬ ਨਹੀਂ ਸੀ ਦਿੱਤਾ ਜਦ ਸੁਖੀ ਬੋਲੀ, ਜੇ ਇੱਥੇ ਕਰੀਏ, ਇਹ...ਸ਼ੈ ਆਪਣੇ ਜਹਾਜ਼ 'ਚ ਹੈ। ਪਤਾ ਨਹੀਂ ਜੇ ਇਹ ਜੀ ਉਸ ਜੱਗ ਦਾ ਜਾਨਵਰ ਹੈ ਜਾਂ ਏਸ ਜਹਾਜ਼ ਬਣਾਉਣ ਵਾਲ਼ਿਆਂ ਵਿੱਚੋਂ ਹੈ। ਜੇ ਜਹਾਜ਼ ਦਾ ਉਡਾਰੂ ਹੈ, ਕੀ ਪਤਾ ਕੀ ਕਰ ਸਕਦਾ...ਸਾਨੂੰ ਇਹ ਵੀ ਨਹੀਂ ਪਤਾ ਜੇ ਕੈਦੀ ਹੈ 'ਤੇ ਜਹਾਜ਼ ਚਲਾਉਣ ਵਾਲ਼ੇ ਹੁਣ ਮਿਟ ਚੁੱਕੇ!

ਕੀ ਤੈਨੂੰ ਲੱਗਦਾ ਜੀ ਜਿਊਂਦਾ ਹੈ? ਅਲੀ ਨੇ ਪੁੱਛਿਆ।

ਨਹੀਂ। ਪਰ ਜੇ ਲੇਜ਼ਰ ਇਸ ਉੱਤੇ ਨਹੀਂ ਕੰਮ ਕਰ ਸਕਿਆ?

ਤਾਂ ਹੀ ਤਾਂ ਮੈਂ ਕਹਿੰਦਾ ਉੱਪਰ ਲੈ ਕੇ ਜਾਈਏ!

ਟੈਸਟ ਜੀ ਸਦਕੇ ਕਰੋ! ਸਾਰੀ ਦੁਨੀਆ ਨੂੰ ਇਸ ਦੀ ਖ਼ਬਰ ਦੇਣੀ ਚਾਹੀਦੀ ਹੈ ਔਲਡ...ਗਰਲ!

ਸਾਨੂੰ ਤਾਂ ਏਸ ਬਾਰੇ ਕੁਝ ਨਹੀਂ ਪਤਾ! ਜਗੀ ਨੇ ਆਪਣੀ ਵਿੱਚ ਪਾ ਦਿੱਤੀ। ਉਸ ਨੂੰ ਦਿੱਸਦਾ ਸੀ ਕਿ ਸੁਖੀ ਕੋਲ਼ ਓਹ ਹੀ ਫ਼ਿਕਰ ਸਨ।

ਭੋਲੀ ਆਵਾਜ਼ ਵਿੱਚ ਕਾਸਮੀ ਨੇ ਦੋ ਸ਼ਬਦਾਂ ਦਾ ਫਿਕਰਾ ਬੋਲਿਆ, ਮੈਂ ਕਰਦਾ।

ਦੋ ਪਲ ਵਾਸਤੇ ਸਾਰੇ ਚੁੱਪ ਸਨ, ਫੇਰ ਹੈਨਰੀ ਨੇ ਕਾਸਮੀ ਨੂੰ ਕੱਛ ਵਿੱਚ ਕਸ ਲਿਆ ਅਤੇ ਬੋਲਿਆ, ਸ਼ਾਬਾਸ਼ ਔਲਡ ਬਓਏ!

ਜਗੀ ਦੇ ਮੱਥੇ ਉੱਤੇ ਤਿਊੜੀ ਖਿੱਚੀ ਗਈ। ਕੁਝ ਕਹਿਣ ਲੱਗਾ ਸੀ, ਫੇਰ ਉਸ ਨੂੰ ਲੱਗਾ ਕੋਈ ਫ਼ਾਇਦਾ ਨਹੀਂ ਸੀ। ਹੈਨਰੀ ਨੇ ਤਾਂ ਫ਼ੈਸਲਾ ਲੈ ਲਿਆ ਸੀ। ਤੂੰ ਤੂੰ ਮੈਂ ਮੈਂ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ, ਸੋ ਜਗੀ ਨੇ ਸਿਰਫ਼ ਕਿਹਾ, ਖੋਲ੍ਹਣ ਜਾਂ ਰਿਹਾਈ ਕਰਨ ਤੋਂ ਪਹਿਲਾਂ, ਸਾਨੂੰ ਸਾਰੀ ਦੁਨੀਆ ਨੂੰ ਦੱਸਣਾ ਚਾਹੀਦਾ। ਜਿਨ੍ਹਾਂ ਨੂੰ ਇਹ ਗੱਲਾਂ ਬਾਰੇ ਪਤਾ, ਉਨ੍ਹਾਂ ਨੂੰ ਪਹਿਲਾਂ ਆ ਕੇ ਇਸ ਸਿਲ਼, ਏਸ ਜੀ ਨੂੰ ਜਚਵਾਉਣਾ ਚਾਹੀਦਾ ਹੈ।

ਮੈਂ ਕਿਹਾ ਮੈਂ ਕਰਦਾ, ਧੀਮੀ ਆਵਾਜ਼ ਵਿੱਚ ਕਾਸਮੀ ਫੇਰ ਫ਼ਰਮਾਇਆ। ਉਸ ਦੀਆਂ ਅੱਖਾਂ ਵਿੱਚ ਜਗੀ ਨੂੰ ਕਤਲ ਦਿੱਸ ਰਿਹਾ ਸੀ। ਸੋ ਜਗੀ ਚੁੱਪ ਹੋ ਗਿਆ। ਉਸ ਨੂੰ ਦਿੱਸਦਾ ਸੀ ਕਿ ਹੈਨਰੀ ਨੇ ਤਾਂ ਕਾਸਮੀ ਦੇ ਮੋਢੇ ਉੱਤੇ ਰੱਖ ਕੇ ਬੰਦੂਕ ਚਲਾਉਣੀ ਸੀ। ਕਾਸਮੀ ਦਾ ਕੰਮ ਤਾਂ ਬੋਲੀਆਂ ਵਿੱਚ ਸੀ! ਹੜੱਪੇ ਬਾਰੇ ਹੀ ਜਾਣਦਾ ਸੀ। ਤਾਂ ਹੀ ਤਾਂ ਜਗੀ ਵਾਂਗਰ ਇੱਥੇ ਸੀ! ਸਾਇੰਸਦਾਨ ਤਾਂ ਹੈ ਨਹੀਂ! ਹੁਣ ਆ ਤਾਂ ਹੋਰ ਹੀ ਚੱਕਰ ਸੀ। ਪਰ ਕਾਸਮੀ ਨੇ ਤਾਂ ਹੁਣ ਹੈਨਰੀ ਦੀ ਬਾਂਹ ਫੜ ਲਈ ਸੀ।

ਠੀਕ, ਖ਼ਾਲਿਦ ਗੱਲ ਮੁਕਾਉਣ ਦੇ ਅੰਦਾਜ਼ ਵਿੱਚ ਬੋਲਿਆ, ਮੇਰੇ ਬੰਦਿਆਂ ਨੇ ਨਿਕਾਲ਼ ਲੈਣੀ ਹੈ।

* * * * *

ਰੇਤ ਰੰਗੀ ਮਾਨਨੀ ਗਲਿਆਰੇ ਵਿੱਚ ਕਾਮਿਆਂ ਵੱਲ ਟਹਿਲ ਰਹੀ ਸੀ। ਉਸ ਨੂੰ ਕਈ ਹਫ਼ਤੇ ਪਹਿਲਾਂ ਇਜ਼ੁ ਨੇ ਖੰਡਰ ਵਿੱਚ ਫਿਰਦੀ ਨੂੰ ਲੱਭਿਆ ਸੀ ਅਤੇ ਹੌਲ਼ੀ ਹੌਲ਼ੀ ਉਸ ਨੂੰ ਇਜ਼ੁ ਨੇ ਅਪਣਾ ਲਿਆ ਸੀ। ਓਦੋਂ ਦੀ ਜਿੱਥੇ ਮਰਜ਼ੀ ਖੰਡਰ 'ਚ ਸੈਰ ਕਰਦੀ ਸੀ। ਪੰਜਾਬ ਤੋਂ ਆਏ ਖੋਜਕਾਰਾਂ ਨੂੰ ਵੀ ਮਿੱਤਰ ਬਣਾ ਚੁੱਕਾ ਸੀ। ਕੋਈ ਉਸ ਨੂੰ ਕੁਝ ਨਹੀਂ ਕਹਿੰਦਾ ਸੀ। ਸਾਰੇ ਜਣੇ ਸਮਝਦੇ ਸਨ ਕਿ ਬਿੱਲੀ ਇੱਕ ਆਤਮ ਨਿਰਭਰ ਜੰਤ ਹੈ। ਕਦੇ ਕਦੇ ਹੈਨਰੀ ਦੀ ਕੁੱਛੜ 'ਚ ਬਹਿ ਜਾਂਦੀ ਸੀ, ਪਰ ਜ਼ਿਆਦੇ ਵਾਰੀ ਕੇਵਲ ਇਜ਼ੁ ਕੋਲ਼ੇ ਜਾਂਦੀ ਸੀ। ਇਜ਼ੁ ਨੇ ਤਾਂ ਉਸ ਨੂੰ ਨਾਂ ਵੀ ਦੇ ਦਿੱਤਾ ਸੀ...ਅਮੁਕ ਸੁੰਦਲ਼ਾ ਜਾਂ ਉਪਨਾਮ, ਸੁੰਢ, ਨਾਲ਼ ਬੁਲਾਉਂਦਾ ਸੀ। ਸਾਰੇ ਜਣੇ ਉਸ ਨੂੰ ਇਸ ਉਪਨਾਮ ਦਿੱਤੇ ਤੋਂ ਬਾਅਦ ਲਾਡ 'ਚ ਸੁੰਢ ਹੀ ਸੱਦਣ ਲੱਗ ਪਏ।

ਹੁਣ ਸੁੰਢ ਕਾਮਿਆਂ ਕੋਲ਼ ਖੜ੍ਹ ਗਈ। ਕਾਮਿਆਂ ਨੇ ਪਹਿਲਾਂ ਸਿਲ਼ ਔਖੀ ਦੇਣੀ ਢੱਕਣ ਰਾਹੀਂ ਬਾਹਰ ਕੱਢੀ। ਫੇਰ ਵੱਡੇ ਕਮਰੇ ਵਿੱਚ ਰੱਖ ਦਿੱਤੀ ਸੀ, ਜਿੱਥੇ ਵੱਡਾ ਮੇਜ਼ ਸੀ ਇਜਲਾਸ ਵਾਸਤੇ। ਆਲ਼ੇ ਦੁਆਲ਼ੇ ਕੰਪਿਊਟਰ 'ਤੇ ਮਸ਼ੀਨਰੀ ਚਲਦੀ ਸੀ। ਹਰ ਜੰਤਰ ਵਿੱਚੋਂ ਤਾਰਾਂ ਨਿਕਲ਼ ਕੇ ਸਿਲ਼ 'ਤੇ ਲਾਈਆਂ ਸਨ। ਫੇਰ ਦੁਨੀਆ ਵਾਸਤੇ ਦਰਜ ਕਰ ਰਹੇ ਸਨ। ਜਦ ਹਾਰਕੇ ਕੁਝ ਦੱਸਣ ਵਾਲ਼ਾ ਸੀ, ਮੋਲਾ ਨੂੰ ਜਾਣਕਾਰੀ ਘੱਲ਼ਣੀ ਸੀ।

ਫੇਰ ਸਿਲ਼ ਨੂੰ ਇੱਕ ਨਾਲ਼ ਦੇ ਕਮਰੇ 'ਚ ਟਿਕਾ ਦਿੱਤਾ ਸੀ, ਜਿੱਥੇ ਕਾਮਿਆਂ ਨੇ ਲੇਜ਼ਰ ਨਾਲ਼ ਬਲੌਰ ਨੂੰ ਕੱਟਣ ਦੀ ਕੋਸ਼ਿਸ਼ ਕੀਤੀ। ਸੁੰਢ ਸੁੰਘ ਕੇ ਇਜ਼ੁ ਦੀਆਂ ਲੱਤਾਂ ਨਾਲ਼ ਆਪਣਾ ਸਰੀਰ ਪਲ਼ੋਸਣ ਲੱਗ ਪਈ। ਉਸ ਨੂੰ -ਕੱਚ- ਵਿੱਚ ਜੋ ਦਿੱਸਦਾ ਸੀ, ਬਾਰੇ ਜਿਗਿਆਸਾ ਸੀ। ਫੇਰ ਵੀ, ਆਪਣੀਆਂ ਹਯਾਤਾਂ ਨੂੰ ਸਾਂਭ ਕੇ ਰੱਖਣਾ ਚਾਹੁੰਦੀ ਸੀ। ਪਾਗਲ ਨਹੀਂ ਸੀ। ਬਹੁਤਾ ਨੇੜੇ ਨਹੀਂ ਗਈ। ਦੋ ਦਿਨਾਂ ਵਾਸਤੇ ਸਿਲ਼ ਨੂੰ ਲੇਜ਼ਰ ਲਾਇਆ, ਪਰ ਕੁਝ ਨਹੀਂ ਹੋਇਆ। ਕੋਈ ਅਸਰ ਨਹੀਂ ਪਿਆ ਸਿਲ਼ ਉੱਤੇ। ਸਿਲ਼ ਲਿਫੀ ਨਹੀਂ। ਇਜ਼ੁ 'ਤੇ ਸਾਰੇ ਕਾਮੇ ਵਾਪਸ ਉੱਪਰ ਚਲੇ ਗਏ। ਧੁੱਪ ਦੀ ਲੋੜ ਸੀ, ਹਵਾ ਦੀ ਲੋੜ ਸੀ। ਸੁੰਢ ਮਗਰ ਨਹੀਂ ਗਈ।

ਵੱਡੇ ਕਮਰੇ 'ਚ ਸੁਖੀ ਅਤੇ ਜਗੀ ਅਤੇ ਕਾਸਮੀ ਅਤੇ ਅਲੀ ਅਤੇ ਖ਼ਾਲਿਦ ਅਤੇ ਹੈਨਰੀ ਵੱਲ ਸੁੰਢ ਝਾਕੀ ਗਈ। ਉਨ੍ਹਾਂ ਦੀਆਂ ਗੱਲਾਂ ਤੋਂ ਜਦ ਅੱਕ ਗਈ, ਫੇਰ ਇਜ਼ੁ ਨੂੰ ਲੱਭਣ ਗਈ। ਪਰ ਉਸ ਤੋਂ ਪਹਿਲਾਂ ਨਾਲ਼ ਦੇ ਕਮਰੇ ਵੱਲ, ਜਿੱਥੇ ਹੁਣ ਹੈਨਰੀ ਤੇ ਕਾਸਮੀ ਨੇ ਲਬਾਟਰੀ ਸੈਟ ਕਰ ਲਈ ਸੀ, ਤੁਰ ਪਈ, ਸਿਲ਼ ਅਤੇ ਉਸ ਵਿੱਚ ਗੈਰ-ਜੱਗ ਸ਼ੈ ਨੂੰ ਤਾੜਨ, ਜਿਂਵ ਸਮਝਦੀ ਸੀ।

ਵੱਡੇ ਕਮਰੇ ਵਿੱਚ ਬੈਠਾ ਕਾਸਮੀ ਖਿੱਝਿਆ ਹੋਇਆ ਸੀ। ਉਸ ਨੇ ਦੋ ਦਿਨਾਂ ਵਾਸਤੇ ਸਿਲ਼ ਦਾ ਕੱਟ ਵੱਢ ਨਿਰੀਖਿਆ ਸੀ। ਹੁਣ ਮਾਯੂਸ ਸੀ। ਸਾਰੇ ਇੱਕ ਦੂਜੇ ਨਾਲ਼ ਵਾਦ ਕਰ ਰਹੇ ਸਨ, ਹੁਣ ਕੀ ਕਰਨਾ ਚਾਹੀਦਾ ਸੀ। ਹਵਾ ਵਿੱਚ ਇੱਕ ਮੱਖੀ ਘੁੰਮ ਰਹੀ ਸੀ। ਉਹ ਉੱਪਰੋਂ ਥੱਲੇ ਆ ਕੇ ਫਸ ਚੁੱਕੀ ਸੀ, ਹੁਣ ਪਤਾ ਨਹੀਂ ਲੱਗ ਰਿਹਾ ਸੀ, ਕਿਂਵ ਬਾਹਰ ਨਿਕਲ਼ਣਾ ਸੀ। ਉਸ ਦੀ ਭੀਂ ਭੀਂ ਦੀ ਆਵਾਜ਼ ਉੱਪਰ ਬਹਿਸ ਦੇ ਬੋਲ ਬੜਕਦੇ ਸੀ! ਹਾਰਕੇ ਉਹ ਕਾਸਮੀ ਦੇ ਸਾਹਮਣੇ ਆ ਬੈਠੀ। ਮੱਖੀਆਂ ਦੀਆਂ ਹਰਕਤਾਂ ਤੇਜ਼ ਹੁੰਦੀਆਂ ਹਨ। ਫੇਰ ਵੀ ਕਾਸਮੀ ਦਾ ਹੱਥ ਤੇਜ਼ ਸੀ। ਹੱਥ ਮਾਰ ਕੇ ਮੱਖੀ ਨੂੰ ਖੇਡ ਵਿੱਚੋਂ ਕੱਢ ਦਿੱਤਾ।

ਸੁੰਢ ਦੇ ਸੱਜੇ ਪਾਸੇ ਹੈਨਰੀ ਜਗੀ ਨੂੰ ਕਾਇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਵੇਖ ਔਲਡ ਬਓਏ, ਉਸ ਹੀ ਮਨ ਪਸੰਦ ਫਿਕਰੇ ਵਿੱਚ, ਸਭ ਕੁਝ ਠੀਕ ਹੋ ਜਾਣਾ। ਨਹੀਂ ਤਾਂ ਤੁਸੀਂ ਆਪਣਾ ਕੰਮ ਕਰੋ! ਸ਼ਬਦਾਂ ਨੂੰ ਟੈਸਟ ਕਰੋ! ਕਾਸਮੀ ਨੂੰ ਆਪਣੇ ਵੱਡੇ ਕੰਮ ਨੂੰ ਕਰਨ ਦੇ ਦਿਓ! ਜੇ ਨਹੀਂ ਵੀ ਕਰ ਸਕਦਾ, ਮੈਂ ਅੱਜ ਹੀ ਮੋਲਾ ਨੂੰ ਸਭ

ਕੁਝ ਦੱਸ ਦੇਣਾ, 'ਤੇ ਉਹ ਆਪਣੇ ਸਾਇੰਸਦਾਰਾਂ ਨੂੰ ਭੇਜ ਸਕਦੇ ਨੇ!

ਹੁਣ ਤਾਂ ਸਾਇੰਸਦਾਰਾਂ ਤੋਂ ਵੀ ਦੂਰ ਕੰਮ ਹੋ ਚੁੱਕਾ, ਜਗੀ ਬੋਲਿਆ, ਮੇਰਾ ਖਿਆਲ਼ ਹੈ ਮੁਲਕਾਂ ਦੀਆਂ ਸਰਕਾਰਾਂ ਨੂੰ ਖ਼ਬਰ ਦੇਣੀ ਚਾਹੀਦੀ ਹੈ, ਫਟਾ ਫੱਟ।

ਕਾਹਲ਼ਾ ਨਾ ਬਣ! ਜਲਦਬਾਜ਼ੀ ਚੰਗੀ ਨਹੀਂ ਹੈ। ਤੁਸੀਂ ਆਪਣਾ ਕੰਮ ਕਰੋ 'ਤੇ ਮੈਨੂੰ ਆਪਣਾ ਕਰਨ ਦਿਓ ਔਲਡ ਬਓਏ!

ਤੁਸੀਂ ਤਾਂ ਸਿਲ਼ ਨੂੰ ਕੱਟ ਨਹੀਂ ਸਕੇ! ਡਰ ਨਹੀਂ ਲੱਗਦਾ? ਸੁਖੀ ਹੁਣ ਬੋਲੀ।

ਹੈਨਰੀ ਨੇ ਆਪਣਾ ਆਖਰੀ ਦਾਅ ਖੇਡਿਆ। ਉਹ ਆਪਣੀ ਜ਼ਿੱਦ 'ਤੇ ਅੜਿਆ ਰਿਹਾ।

ਤੁਸੀਂ ਮੇਰੇ ਵਾਸਤੇ ਕੰਮ ਕਰਦੇ ਹਨ। ਜੇ ਪਸੰਦ ਨਹੀਂ, ਦਫਾ ਹੋ ਜਾਓ! ਪਰ ਜਦ ਸਾਨੂੰ ਮਸਹੂਰੀ ਮਿਲ਼ੀ, ਫੇਰ ਨਾ ਕਹਿਓ! ਮੈਂ ਮਾਲਕ ਹਾਂ। ਸੋ ਬੋਲ ਦਿੱਤਾ, ਤਾਂ ਬੋਲ ਦਿੱਤਾ!

ਪਰ ਸਾਨੂੰ ਇਸ ਦੇ ਨਤੀਜਿਆਂ ਬਾਰੇ ਸੋਚਣਾ ਚਾਹੀਦਾ ਹੈ! ਖਮਿਆਜ਼ਾਵਾਂ ਬਾਰੇ! ਜਗੀ ਗਿੜਗਿੜਾਇਆ।

ਹੈਨਰੀ ਉਸ ਵੱਲ ਅੱਖਾਂ ਵਿੱਚੋਂ ਅੱਗ ਸੁੱਟ ਰਿਹਾ ਸੀ। ਮੈਂ ਕਥਨੀ ਦਾ ਪੂਰਾ ਬੰਦਾ ਹਾਂ ਔਲਡ ਬਓਏ! ਮੈਂ ਜੱਬੇਦਾਰ ਹਾਂ। ਤੂੰ ਕਾਮਾ ਹੈ। ਓਹ ਹੈ ਦਰਵਾਜ਼ਾ!

ਜਗੀ ਅਗਾਂਹਾਂ ਬੋਲਣ ਲੱਗਾ ਸੀ, ਪਰ ਸੁਖੀ ਨੇ ਉਸ ਦੀ ਬਾਂਹ ਉੱਤੇ ਹੱਥ ਰੱਖ ਦਿੱਤਾ।

ਨਹੀਂ? ਹੈਨਰੀ ਨੇ ਕਿਹਾ, ਫੇਰ ਇਹ ਮੀਟਿੰਗ ਖ਼ਤਮ ਹੈ!

ਸੁੰਢ ਹੁਣ ਨਿਕਲ਼ ਕੇ ਇਜੁ ਨੂੰ ਭਾਲ਼ਣ ਤੁਰ ਪਈ। ਮੱਖੀਆਂ ਕਮਰੇ ਵਿੱਚ ਆ ਕੇ ਕੈਦ ਹੋ ਜਾਂਦੀਆਂ ਅਤੇ ਉੱਡ ਉੱਡ ਕੇ ਬਾਹਰ ਜਾਣ ਦਾ ਰਾਹ ਲੱਭਦੀਆਂ ਪਰ ਹਾਰਕੇ ਲੋਥ ਬਣ ਕੇ ਧਰਤ 'ਤੇ ਡਿੱਗ ਜਾਂਦੀਆਂ। ਬਿੱਲੀਆਂ ਨੂੰ ਸ਼ਿਕਾਰ ਕਰਨਾ ਆਉਂਦਾ ਹੈ। ਨਿਕਲ਼ਣਾ ਵੜਨਾ ਆਉਂਦਾ ਹੈ। ਉਨ੍ਹਾਂ ਦਾ ਕੋਈ ਮਾਲਕ ਨਹੀਂ ਹੁੰਦਾ। ਮਨ ਮਰਜ਼ੀ ਕਰ ਸਕਦੀਆਂ। ਸੁੰਢ ਓਥੋਂ ਤੁਰ ਪਈ।

* * * * *

ਕਾਸਮੀ ਨੇ ਕੱਚ ਦੇ ਅੰਦਰ ਝਾਕਿਆ, ਸ਼ੈ ਵੱਲ। ਪਰ ਉਸ ਨੂੰ ਇੰਜ ਜਾਪਦਾ ਸੀ ਜਿਵੇਂ ਚੀਜ਼ ਉਸ ਵੱਲ ਤਾੜ ਰਹੀ ਸੀ। ਕੱਚ ਜਾਂ ਬਰਫ਼? ਜੇ ਬਰਫ਼ ਹੁੰਦੀ ਤਾਂ ਹੁਣ ਤੀਕਰ ਕਮਰੇ ਦੀ ਗਰਮੀ 'ਚ ਖੁਰ ਜਾਣਾ ਸੀ। ਜੇ ਕੱਚ ਹੁੰਦਾ ਤਾਂ ਲੇਜ਼ਰ ਨੇ ਤਾਂ ਕੱਟ ਦੇਣਾ ਸੀ। ਜੋ ਵੀ ਸੀ, ਗੈਰ ਜੱਗ ਦਾ ਸੀ। ਲੇਜ਼ਰ ਨਾਲ਼ ਕੋਈ ਅਸਰ ਨਹੀਂ ਪਿਆ ਸੀ। ਜੀਵ ਦੀਆਂ ਅੱਖਾਂ ਹੁਣ ਕਾਸਮੀ ਦੀ ਰੂਹ ਵੱਲ ਝਾਕ ਰਹੀਆਂ ਸਨ। ਉਸ ਨੂੰ ਨੰਗਾ ਕਰ ਰਹੀਆਂ ਸਨ। ਕੀ ਮੈਂ ਗ਼ਲਤੀ ਕੀਤੀ ਹੈਨਰੀ ਨੂੰ ਹਾਂ ਕਹਿ ਕੇ ਉਸ ਦੀ ਗੱਲ ਸੁਣ ਕੇ ਜਦ ਉਸ ਨੇ ਮੈਨੂੰ ਇਹ ਕੰਮ ਕਰਨ ਨੂੰ ਕਿਹਾ? ਮੈਂ ਤਾਂ ਜ਼ਬਾਨਾਂ ਬਾਰੇ ਹੀ ਜਾਣਦਾ ਹਾਂ, ਮੈਂ ਤਾਂ ਜ਼ਬਾਨਦਾਨ ਹੀ ਹਾਂ। ਜਗਜੀਤ ਦੀ ਗੱਲ ਸਹੀ ਹੈ, ਮੈਨੂੰ ਜੀਵ ਵਿਗਿਆਨ ਬਾਰੇ ਕੀ ਪਤਾ? ਮੈਂ ਇਹ ਕੰਮ ਕਿਉਂ ਕਰ ਰਿਹਾ? ਮੈਨੂੰ ਏਸ ਕਮਰੇ 'ਚੋਂ ਨਿਕਲ਼ ਕੇ ਹੈਨਰੀ ਨੂੰ ਕਹਿਣਾ ਚਾਹੁੰਦਾ ਹੈ। ਪਰ ਕੁਝ ਸੀ ਉਸ ਸ਼ੈ ਦੀਆਂ ਅੱਖਾਂ ਵਿੱਚ ਜਿਸ ਨੇ ਕਾਸਮੀ ਨੂੰ ਓਸ ਪਹਿਲੀਂ ਵਾਰੀ ਹੀ ਕੀਲ ਦਿੱਤਾ ਸੀ। ਜਿਸ ਦੀ ਆਵਾਜ਼ ਨੇ ਉਸ ਨੂੰ ਕਿਹਾ ਤੂੰ ਮੇਰਾ ਹੈ, ਤੂੰ ਹੀ ਮੈਨੂੰ ਏਸ ਕੱਚ ਵਿੱਚੋਂ ਕੱਢਣਾ ਹੈ! ਤੂੰ ਹੀ ਮੈਨੂੰ ਤੇਰੀ ਦੁਨੀਆ ਵਿੱਚੋਂ ਬਰੀ ਹੋਣਾ ਹੈ। ਮੈਂ ਰਿਹਾ ਹੋਣਾ ਚਾਹੁੰਦਾ ਹਾਂ! ਰਿਹਾ ਹੋਣਾ! ਏਸ ਕੱਚ ਪਿੰਜਰ ਵਿੱਚੋਂ, ਏਸ ਕੱਚ ਦੇ ਬੰਦੀ ਖਾਨੇ ਤੋਂ! ਹੁਣ ਓਹ ਹੀ ਆਵਾਜ਼ ਬਾਰ ਬਾਰ ਕਾਸਮੀ ਨੂੰ ਸੁਣ ਰਹੀ ਸੀ। ਕੀ ਡਰ ਸੀ?

ਹੈਨਰੀ ਨੇ ਉਸ ਨੂੰ ਪਾਸੇ ਕਰ ਕੇ ਕਿਹਾ ਤਾਂ ਸੀ, ਗੈਰ ਸ਼ੈ ਵੀ ਇੱਕ ਕਿਸਮ ਦਾ ਜੀ ਹੁੰਦਾ। ਹਰ ਜੀਵ ਜੈਲੀ ਵਰਗੇ ਤੱਤ ਤੋਂ ਬਣਾਇਆ ਹੁੰਦਾ। ਇਹ ਸ਼ੈਵੀ ਇੰਜ ਹੀ ਹੈ। ਅਣੂ ਸੰਬੰਧੀ ਪੱਧਰ 'ਤੇ ਸਭ ਕੁਝ ਸ਼ੁਰੂ ਹੋ ਕੇ ਜਟਿਲਤਾ ਹੁੰਦਾ। ਕੀ ਇਹ ਸ਼ੈ ਸਿਰਫ਼ ਸਾਡੀ ਸਮਝ ਤੋਂ ਬਾਹਰ ਹੈ। ਇਸ ਦੇ ਸੈੱਲ ਸਾਡੇ ਸੈੱਲਾਂ ਵਰਗੇ ਹੋ ਸਕਦੇ ਨੇ।

ਸਾਰੇ ਜਣੇ ਏਸ ਵੇਲ਼ੇ ਤਹਿਖ਼ਾਨੇ ਦੇ ਬੰਕ ਬੈੱਡਾਂ 'ਚ ਸੌਂ ਚੁੱਕੇ ਸਨ। ਪਰ ਕਾਸਮੀ ਇੱਥੇ ਕਮਰੇ 'ਚ ਆ ਪਿਆ ਸੀ। ਕਾਹਤੋਂ? ਲੇਜ਼ਰ ਨਾਲ਼ ਕੋਈ ਫ਼ਰਕ ਨਹੀਂ ਪਿਆ ਸੀ।

ਸ਼ੈ ਸ਼ਾਇਦ ਅੰਤਰ ਜਾਮੀ ਸੀ ਅਤੇ ਦਿਲ ਸਾਂਝ ਕਰਨਾ ਜਾਣਦੀ ਸੀ, ਮਨ ਤੋਂ ਮਨ ਗੱਲ ਘੱਲਣ ਜਾਣਦੀ ਸੀ। ਜਿਵੇਂ ਵੀ ਕਿਵੇਂ ਸਮਝ ਗਈ ਸੀ ਕਾਸਮੀ ਦਾ ਕੀ ਹਾਲ ਸੀ, ਕੀ ਸੋਚ ਰਿਹਾ ਸੀ ਅਤੇ ਕੋਈ ਰਾਹ ਨਾਲ਼ ਮਨ ਦੀ ਗੱਲ ਬੁੱਝ ਲਈ। ਇਹ ਸਚਾਈ ਕਾਸਮੀ ਨੂੰ ਸੁਚੇਤ ਕਰ ਚੁੱਕੀ ਸੀ। ਕਾਸਮੀ ਦਾ ਰੰਗ ਪੀਲਾ ਪੈ ਗਿਆ। ਸਾਹ ਫੁੱਲਣ ਲੱਗ ਪਿਆ, ਅਤੇ ਉਸ ਜੀ ਦੀ ਹੇਕ ਆਪਣੇ ਅੰਦਰ ਸੁਣੀ, ਮੈਂ ਰਿਹਾ ਹੋਣਾ ਚਾਹੁੰਦਾ ਹਾਂ! 'ਤੇ ਤੂੰ ਜਾਣਦਾ ਕਿੰਞ ਮੇਰੀ ਮੱਦਦ ਕਰਨੀ ਹੈ! ਮੇਰੀ ਮੱਦਦ ਕਰ! ਮੈਂ ਤੂੰ ਹੈ, 'ਤੇ ਤੂੰ ਮੈਂ ਹੈ! ਹੌਂਸਲਾ ਫੜ ਲੈ! ਆਵਾਜ਼ ਕਾਸਮੀ ਦੇ ਕੰਨੀ ਪਈ।

ਕੀ ਮੈਂ ਪਾਗਲ ਹੋ ਰਿਹਾ? ਕਾਸਮੀ ਨੇ ਸੋਚਿਆ।

ਮੈਂ ਤੂੰ ਹੈ, 'ਤੇ ਤੂੰ ਮੈਂ ਹੈ! ਵਾਕ ਕੱਚ ਪਿੱਛੋਂ ਉੱਭਕੀ।

* * * * *

ਉਸ ਰਾਤ ਸਾਰੇ ਜਣੇ ਬੰਕ ਬੈੱਡਾਂ ਵਿੱਚ ਨਹੀਂ ਸਨ। ਅਯੂਬ ’ਤੇ ਗਵਾਸੀਲਾ ਉੱਪਰ ਘਰੇ ਸਨ, ਬਾਹਰ ਖੰਡਰ ਦੀਆਂ ਕੁਝ ਚੀਜ਼ਾਂ ਨੂੰ ਬੰਦ ਕਰਨ ਨੂੰ। ਪਰ ਉਨ੍ਹਾਂ ਦੀ ਕਿਸਮਤ ਚੰਗੀ ਨਹੀਂ ਨਿਕਲ਼ੀ। ਬਰਕੀ ਖ਼ਲਲ ਕਰਕੇ ਕਿਸੇ ਨੂੰ ਸੁੱਹ ਨਹੀਂ ਮਿਲ਼ੀ। ਬਾਹਰ ਜ਼ਬਰਦਸਤ ਅੰਧਕਾਰ ਫੈਲਿਆ ਸੀ। ਬਾਲੂ ਦੀਆਂ ਪਦਮ ਬੂੰਦਾਂ ਘੁੰਮਣਘੇਰੀ ਵਿੱਚ ਬਵੰਡਰ ਬਣ ਕੇ ਰੇਤੇ ਨਾਲ਼ ਸਭ ਕੁਝ ਨੂੰ ਜ਼ੋਰ ਦੇਣੀ ਚੁੱਕ ਕੇ ਮਾਰ ਰਹੀਆਂ ਸਨ। ਰੇਤਲ ਟਿੱਬੇ ਵੀ ਠਾਠਾਂ ਵਾਂਙ ਹੁੰਝੇ ਫੇਰ ਰਹੇ ਸਨ। ਇੰਨਾ ਜ਼ਬਰਦਸਤ ਸੀ ਕਿ ਰੇਗਿਸਤਾਨੀ ਜੀਪਾਂ ਘੁੰਮ ਘੁੰਮ ਕੇ ਡਿੱਗ ਰਹੀਆਂ ਸਨ ਅਤੇ ਹੋਰ ਉੱਖੜਵਾਂ ਮਸਾਲਾ ਥੜ੍ਹਾ ਚੰਨਾ ਇੱਕ ਦੂਜੇ ਉੱਪਰ ਉਲਟ ਪੁਲ਼ਟ ਕੇ ਡਿੱਗ ਰਹੇ ਸੀ। ਰਫ਼ਤਾਰ ਨਾਲ਼ ਸਭ ਕੁਝ ਰੇਤੇ ਵਿੱਚ ਲਪੇਟ ਕੇ ਲੁਪਤ ਹੋ ਰਿਹਾ ਸੀ। ਹਰ ਲੋਹੇ ਦਾ ਚੌਖਟਾ ਗਿਰ ਰਿਹਾ ਸੀ। ਰੇਤ ਕੱਚ ਵਾਂਗਰ ਮਾਸ ਨੂੰ ਖਾ ਰਹੀ ਸੀ। ਨੰਗੇ ਨੈਣਾਂ ਨੂੰ ਚੀਰ ਰਿਹਾ ਸੀ। ਇੰਨੀ ਜ਼ਬਰਦਸਤ ਸੀ ਕਿ ਰੇਤ ਨੇ ਅਯੂਬ ਨੂੰ ਦਫ਼ਨ ਕਰ ਦਿੱਤਾ ਸੀ! ਸਿਰਫ਼ ਉਸ ਦਾ ਹੱਥ ਰੇਤ ਦੇ ਸਮੁੰਦਰ ਵਿੱਚੋਂ ਬਾਹਰ ਫ਼ਲਕ ਵੱਲ ਵੱਧ ਰਿਹਾ ਸੀ।

ਗਵਾਸੀਲੇ ਨੇ ਕੋਸ਼ਿਸ਼ ਕੀਤੀ ਦੂਜਿਆਂ ਨੂੰ ਅਚਨਚੇਤ ਅੰਧਕਾਰ ਬਾਰੇ ਹੁਸ਼ਿਆਰ ਕਰਨ ਪਰ ਹਨੇਰੀ ’ਚ ਨਾ ਕੇ ਉਸ ਦਾ ਫ਼ੋਨ ਕੰਮ ਕਰ ਰਿਹਾ ਸੀ, ਨਾ ਕੇ ਰੇਡਿਓ। ਇੱਕ ਵੱਡੀ ਭਾਰੀ ਲੋਹੇ ਦੀ ਚਾਦਰ ਪੌੜੀਆਂ ਦੇ ਦਰ ਉੱਤੇ ਲਿਟ ਗਈ। ਉਸ ਉੱਪਰ ਸ਼ਾਇਦ ਪੰਜ ਟਨ ਦਾ ਰੇਤਾ ਆ ਡਿੱਗਿਆ। ਗਵਾਸੀਲੇ ਨੇ ਲਿਫ਼ਟ ਰਾਹੀਂ ਥੱਲੇ ਜਾਣ ਦੀ ਕੋਸ਼ਿਸ਼ ਕੀਤੀ। ਲਿਫ਼ਟ ਰਾਹੀਂ ਬਾਹਰ ਆਏ ਸਨ ਕਰਕੇ ਲਿਫ਼ਟ ਦੇ ਖਾਣੇ ਉੱਪਰ ਹੀ ਠਹਿਰੇ ਸਨ। ਪਰ ਗਰਦ ਗੁਬਾਰ ਵਿੱਚ ਬਰਕੀ ਦੀ ਟੱਕਰ ਸੀ ਜਾਂ...ਜਾਂ ਉਸ ਸ਼ੈ ਨਾਲ਼ ਕੋਈ ਸੰਬੰਧੀ ਸੀ...ਸਾਰੇ ਬਿਜਲਈ ਆਲ਼ੇ ਜੰਤਰ ਕੰਮ ਕਰਨ ਹੱਟ ਪਏ। ਭਾਵੇਂ ਫ਼ੋਨ ਹੋਣ, ਭਾਵੇਂ ਕੰਪਿਊਟਰ! ਸੰਸਾਰ ਨਾਲ਼ ਗੱਲ ਬਾਤ ਕਰਨ ਵਾਲ਼ੇ ਸਿਗਨਲ ਅਸਫਲ ਹੋ ਗਏ।

ਜੇ ਉਸ ਗੈਰ ਜੱਗ ਸ਼ੈ ਦਾ ਅਸਰ ਸੀ, ਇਸ ਬਾਰੇ ਗਵਾਸੀਲੇ ਨੂੰ ਗਿਆਨ ਨਹੀਂ ਸੀ। ਨਾ ਕੇ ਜਿਹੜੇ ਹੁਣ ਧਰਤ ਥੱਲੇ ਫਸੇ ਸਨ, ਇਸ ਬਾਰੇ ਜਾਣੂ ਸਨ! ਜਦ ਤੀਕ ਉਨ੍ਹਾਂ ਨੂੰ ਇਲਮ ਹੋਇਆ, ਸਵੇਰਾ ਸੀ ਅਤੇ ਰੇਤਲ਼ ਥੱਲੇ ਕੈਦ ਸਨ ਅਤੇ ਕੋਈ ਮਸ਼ੀਨ ਉਨ੍ਹਾਂ ਨੂੰ ਦੁਨੀਆ ਨਾਲ਼ ਗੱਲ ਕਰਵਾਂ ਸਕਦੀ ਸੀ ਅਤੇ ਉਸ ਵਕਤ ਤੀਕ ਗਵਾਸੀਲਾ ਵੀ ਅੰਧਕਾਰ ਵਿੱਚ ਖ਼ਤਮ ਹੋ ਚੁੱਕਾ ਸੀ!

* * * * *

ਤਫਨਾ ਦਾ ਮੂੰਹ ਦਾ ਰੰਗ ਖਜੂਰ ਵਰਗਾ ਸੀ, ਨਾਲ਼ੇ ਖੱਜੀ ਵਾਂਙ ਝੁਰੜੀਆਂ ਨਾਲ਼ ਭਰਿਆ ਹੋਇਆ ਸੀ। ਉਸ ਨੂੰ ਨੀਂਦ ਨਹੀਂ ਆਈ। ਤਹਿਖ਼ਾਨੇ ’ਚ ਉੱਪਰਲ਼ਾ ਸਰਲਾਟਾ ਨਹੀਂ ਸੁਣਦਾ ਸੀ, ਨਾ ਕੇ ਝੱਖੜ ਦੀ ਦਗੜ ਦਗੜ ਕੰਨਾਂ ਤੀਕ ਪੁੱਜ ਰਹੀ ਸੀ। ਫੇਰ ਵੀ ਨੀਂਦ ਟੁੱਟ ਗਈ ਅਤੇ ਸੈਰ ਕਰਨ ਤੁਰ ਪਿਆ। ਇੰਞ ਗਲਿਆਰਿਆਂ ’ਚ ਫਿਰਦਾ ਸੀ ਜਦ ਸਾਰੀਆਂ ਬੱਤੀਆਂ ਇੱਕ ਦੰਮ ਬੰਦ ਹੋ ਗਈਆਂ। ਉਸ ਨੂੰ ਇਹ ਗੱਲ ਅਜੀਬ ਲੱਗੀ। ਉਸ ਆਪਣੇ ਫ਼ੋਨ ਦੀ ਬੱਤੀ ਚਲਾ ਕੇ ਇਰਦ ਗਿਰਦ ’ਤੇ ਚਾਨਣ ਪਾਇਆ। ਹਨੇਰੇ ਵਿੱਚ ਉਸ ਨੂੰ ਮਿਆਊਂ ਸੁਣੀ। ਜਦ ਬੱਤੀ ਦੀ ਰਿਸ਼ਮ ਅਗਾਂਹਾਂ ਡਿੱਗੀ, ਉਸ ਨੂੰ ਸੁੰਢ ਦਾ ਮੁਖੜਾ ਦਿੱਸ ਪਿਆ। ਉਸ ਨੇ ਬਿੱਲੀ ਨੂੰ ਮੁਸਕਾਨ ਦਿੱਤੀ। ਫੇਰ ਬਿੱਲੀ ਦੇ ਪਿੱਛੋਂ ਕੋਈ ਅਜੀਬ ਹਲਚਲ ਨੇ ਆਵਾਜ਼ ਦਿੱਤੀ। ਤਫਨੇ ਦਾ ਮੱਥਾ ਹੋਰ ਝੁਰੜੀਆਂ ਨਾਲ਼ ਭਰ ਗਿਆ। ਬਿੱਲੀ ਨੇ ਮੂੰਹ ਅੱਡ ਕੇ ਇੱਕ ਹੋਰ ਮਿਆਊਂ ਦੇ ਦਿੱਤੀ। ਫੇਰ ਉਸ ਦੇ ਪਿੱਛੋਂ ਇੱਕ ਉਂਗਲ਼ ਵਰਗੀ ਲਚਕੂ ਬਾਂਹ ਕੋੜ੍ਹਾ ਵਾਂਗਰ ਉਸ ਵੱਲ ਵੱਧੀ। ਉਸ ਦੇ ਗਿੱਟੇ ਦੇ ਆਲ਼ੇ ਦੁਆਲ਼ੇ ਲਪੇਟ ਗਈ...ਫੇਰ ਉਸ ਨੂੰ ਹਨੇਰੇ ਵਿੱਚ ਖਿੱਚ ਲਿਆ! ਬਿੱਲੀ ਚੁੱਪ ਚਾਪ ਵੇਖੀ ਗਈ। ਹੁਣ ਸੰਨਾਟਾ ਹੀ ਸੰਨਾਟਾ ਸੀ।

* * * * *

ਜਦ ਬਾਕੀ ਸਾਰੇ ਉੱਠੇ, ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਤਹਿਖਾਨੇ ਦੀ ਊਜਰਾ ਬੰਦ ਸੀ। ਸਿਰਫ਼ ਸੰਕਟ ਕਾਲ ਬੱਤੀਆਂ ਗਲਿਆਰਿਆਂ ਵਿੱਚ ਨਿੰਮ੍ਹਾ ਚਾਨਣ ਦੇ ਰਹੀਆਂ ਸਨ। ਬਾਕੀ ਸਭ ਕੁਝ ਝੋਲ਼ਾ ਹੋਇਆ ਸੀ। ਪਹਿਲਾਂ ਪਹਿਲਾਂ ਆਪਣੇ ਮੋਬਾਇਲ ਫ਼ੋਨਾਂ ਨਾਲ਼ ਰਾਹ ਲੱਭੇ, ਇੱਕ ਦੂਜੇ ਨੂੰ ਵੇਖਿਆ, ਫੇਰ ਟਾਰਚਾਂ ਚੁੱਕ ਕੇ ਇਰਦ ਗਿਰਦ ਦੀ ਛਾਣਬੀਣ ਕੀਤੀ। ਜਦ ਵੇਖਿਆ ਕਿ ਕੰਪਿਊਟਰ ਆਦਿ ਵੀ ਬੰਦ ਸਨ, ਉਨ੍ਹਾਂ ਦੀ ਤਸ਼ਖ਼ੀਸ ਕੀਤੀ ਜਿਸ ਤੋਂ ਬਾਅਦ ਸਿੱਟਾ ਕੱਢਿਆ ਕਿ ਬਾਹਰਲੀ ਦੁਨੀਆ ਨਾਲ਼ ਸੰਚਾਰ ਨਹੀਂ ਕਰ ਸਕਦੇ ਸਨ। ਪਰ ਇਸ ਸਿੱਟੇ ’ਤੇ ਪੁੱਜਣ ਪਹਿਲਾਂ ਲਿਫ਼ਟਾਂ ਨੂੰ ਚੈੱਕ ਕੀਤਾ ਗਿਆ ਅਤੇ ਪੌੜੀਆਂ ਚੜ੍ਹ ਕੇ ਕਾਮਿਆਂ ਨੇ ਦਰ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਖ਼ਾਲਿਦ ਸਮਝ ਗਿਆ ਕਿ ਅੰਧਕਾਰ ਨੇ ਰੇਤ ਦਾ ਤੁਫਾਨ ਲਿਆ ਦਿੱਤਾ ਸੀ। ਸਾਰੇ ਹੈਰਾਨ ਸੀ ਕਿ ਇਸ ਬਾਰੇ ਆਲ਼ਾਵਾਂ ਔਜ਼ਾਰਾਂ ’ਤੇ ਚਿਤਾਵਨੀ ਨਹੀਂ ਮਿਲ਼ੀ! ਸਭ ਦੀ ਗਿਣਤੀ ਕੀਤੀ ਗਈ ਅਤੇ ਪਤਾ ਲੱਗ ਗਿਆ ਕਿ ਅਯੂਬ ’ਤੇ ਗਵਾਸੀਲਾ ਗ਼ਾਇਬ ਸਨ। ਹੈਨਰੀ ਨੂੰ ਪੂਰਾ ਭਰੋਸਾ ਸੀ ਕਿ ਦੋਵਾਂ ਨੇ ਮੱਦਦ ਲਿਆਉਣੀ ਸੀ ਅਤੇ ਕੁਝ ਘੰਟਿਆਂ ਵਿੱਚ ਬਾਹਰ ਨਿਕਲ਼ ਜਾਣਾ ਸੀ। ਤਹਿਖਾਨੇ ’ਚ ਤਿੰਨ ਮਹੀਨਿਆਂ ਦਾ ਖਾਣਾ ਪੀਣਾ ਇਕੱਠਾ ਕੀਤਾ ਹੋਇਆ ਸੀ। ਉਹ ਤਾਂ ਬੇਫ਼ਿਕਰ ਸੀ। ਜਦ ਪੌੜੀਆਂ ਦੇ ਦਰ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਨ ਗਏ ਸੀ, ਉਨ੍ਹਾਂ ਦੀ ਗਿਣਤੀ ਵਿੱਚ ਤਫਨਾ ਵੀ ਸੀ। ਆਹੋ, ਤਫਨਾ।

* * * * *

ਖੱਪ ਵਿੱਚ ਕਿਸੇ ਨੇ ਕਾਸਮੀ ਦੇ ਕਮਰੇ ਵਿੱਚ ਜਾਣਾ ਭੁਲਾ ਦਿਤਾ ਸੀ। ਕਾਸਮੀ ਵੀ ਸਾਰਿਆਂ ਨਾਲ਼ ਜ਼ੋਰ ਲਾ ਰਿਹਾ ਸੀ ਦਰ ਨੂੰ ਖੋਲ੍ਹਣ ਜਾਂ ਲਿਫ਼ਟ ਨੂੰ ਚਾਲੂ ਕਰਨ ਜਾਂ ਮਸ਼ੀਨਾਂ ਨੂੰ ਚਲਾਉਣ। ਫੇਰ ਵਾਕਿਆ ਕਰ ਕੇ ਸੁਖੀ ਉਸ ਥਾਂ ਅੰਦਰ ਚਲੀ ਗਈ। ਉਸ ਦੀ ਟਾਰਚ ਨੇ ਜਿੱਥੇ ਸ਼ਿਲ ਖਲੋਈ ਸੀ, ਨੂਰ ਦਾ ਕੌਣ ਬਣਾਇਆ। ਨੂਰਾਨੀ ਦੀ ਪ੍ਰਭਾ ਨੇ ਉੱਥੇ ਅੱਧ ਟੁੱਟੀ ਸ਼ਿਲ਼ ਵਿਖਾਈ। ਖ਼ਾਲ਼ੀ ਸ਼ਿਲ ਵਿਖਾਈ। ਉਹ ਜੀ ਹੁਣ ਵਿੱਚ ਨਹੀਂ ਸੀ। ਇਹ ਵੇਖ ਕੇ ਸੁਖੀ ਹੈਰਾਨ ਸੀ ਅਤੇ ਬਿਨਾਂ ਸੋਚੇ ਬਿਨਾਂ ਮਤਲਬ ਉਸ ਦੇ ਸੰਘ ਵਿੱਚੋਂ ਲੇਰ ਡਿਆਈ। ਜਿੰਨੇ ਜਣੇ ਨਾਲ਼ ਦੇ ਵੱਡੇ ਕਮਰੇ 'ਚ ਸਨ, ਇੱਕ ਦਮ ਅੰਦਰ ਆ ਵੜੇ। ਸਾਰੀਆਂ ਅੱਖਾਂ ਉਸ ਜਗ੍ਹਾ ਵੱਲ ਝਾਕ ਰਹੀਆਂ ਸਨ। ਸਿਰਫ਼ ਕਾਸਮੀ ਨਹੀਂ ਅੰਦਰ ਵੜਿਆ। ਫੇਰ ਅਲੀ ਨੇ ਬੋਲਿਆ, ਬਾਈ ਜਾਨ! ਪਰ ਕੋਈ ਜਵਾਬ ਨਹੀਂ ਮਿਲਿਆ। ਚਾਰ ਪੰਜ ਟਾਰਚਾਂ ਹੁਣ ਸ਼ਿਲ ਉੱਤੇ ਆਪਣੀਆਂ ਸ਼ੁਆਵਾਂ ਲਾ ਰਹੀਆਂ ਸਨ। ਸਾਫ਼ ਦਿੱਸਦਾ ਸੀ ਕਿ ਅੱਧਾ ਕੱਚ ਗ਼ਾਇਬ ਸੀ, ਅਤੇ ਹੁਣ ਉਹ ਜੀ ਵਿੱਚ ਨਹੀਂ ਰਿਹਾ। ਉੱਚੂ ਮਾਰ ਕੇ ਇੱਕ ਵਾਰੀ ਫੇਰ ਅਲੀ ਨੇ ਸਵਾਲ ਚੁੱਕਿਆ। ਪਰ ਕਾਸਮੀ ਤਾਂ ਚੁੱਪ ਸੀ ਜਾਂ ਹਵਾ ਹੋ ਗਿਆ ਸੀ। ਅਲੀ ਦੀਆਂ ਉਂਗਲ਼ਾਂ ਵਿੱਚ ਸੱਜਰੀ ਲਾਈ ਸਿਗਰਟ ਧੂੰ ਧੂ ਕੇ ਖ਼ਤਮ ਹੋ ਗਈ।

ਕਾਸਮੀ ਨੂੰ ਲੱਭੋ! ਹੈਨਰੀ ਨੇ ਕਿਹਾ ਅਤੇ ਸਾਰੇ ਕਮਰੇ 'ਚੋਂ ਬਾਹਰ ਨਿਕਲ਼ ਗਏ। ਜਗੀ ਐਣ ਹੈਨਰੀ ਦੇ ਲਾਗੇ ਆ ਕੇ ਉਸ ਨੂੰ ਬੋਲਿਆ, ਤੂੰ ਮੇਰੀ ਗੱਲ ਨਹੀਂ ਸੁਣੀ। ਹੁਣ ਜੀ ਪਤਾ ਨਹੀਂ ਕਿੱਥੇ ਹੈ। ਤੂੰ ਜਾਣਦਾ ਹੈ ਕਿੱਥੇ ਆ? ਕੀ ਤੂੰ ਜਾਣਕੇ ਸਾਨੂੰ ਨਹੀਂ ਦੱਸ ਰਿਹਾ?

ਬਕਵਾਸ ਬੰਦ ਕਰ! ਮੈਨੂੰ ਨਹੀਂ ਪਤਾ ਕਿੱਥੇ ਆ। ਕਾਸਮੀ ਹੁਣੀ ਹੀ ਸਾਡੇ ਨਾਲ਼ ਸੀ। ਖ਼ੌਰ੍ਹੇ ਉਸ ਨੂੰ ਵੀ ਪਤਾ ਵੀ ਨਹੀਂ ਹੈ ਔਲਡ ਬੋਓਏ!

ਹੁਣ ਸਾਰੇ ਜਣੇ ਵੱਡੇ ਮੀਟਿੰਗ ਰੂਮ 'ਚ ਪਰਤ ਚੁੱਕੇ ਸੀ।

ਮੈਂ ਜੈਂਨਰੇਟਰ ਨੂੰ ਚਾਲੂ ਕਰ ਦਿੱਤਾ। ਪਤਾ ਨਹੀਂ ਕਿਉਂ ਆਪੇ ਆਪ ਨਹੀਂ ਚਲਿਆ। ਖ਼ਾਲਿਦ ਨੇ ਇਜੁ 'ਤੇ ਯੂਸਫ਼ ਵੱਲ ਇਸ਼ਾਰਾ ਕੀਤਾ ਉਸ ਨਾਲ਼ ਜਾਣ ਨੂੰ।

ਨਹੀਂ। ਪਹਿਲਾਂ ਅਸੀਂ ਕਾਸਮੀ ਨੂੰ ਲੱਭਣਾ! ਹੈਨਰੀ ਨੇ ਇਸਰਾਰ ਕੀਤਾ।

ਠੀਕ, ਮੈਂ ਇਕੱਲਾ ਜਾਂਦਾ! ਖ਼ਾਲਿਦ ਦਰ ਖੋਲ੍ਹ ਕੇ ਤੁਰ ਪਿਆ, ਉਸ ਦੇ ਮਗਰ ਸੁੰਢ ਨੇ ਥੁਥਨੀ ਦੀ ਹੁਝ ਨਾਲ਼ ਬੂਹਾ ਬੰਦ ਕੀਤਾ।

ਚੁਸਤ ਬਿੱਲੀ! ਕਹਿ ਕੇ ਇਜੁ ਨੇ ਸੁੰਢ ਨੂੰ ਚੁੱਕ ਲਿਆ।

ਮੈਂ ਕਾਸਮੀ ਨੂੰ ਜ਼ਰੂਰ ਉਸ ਜੀ ਉੱਤੇ ਕੰਮ ਕਰਨ ਕਿਹਾ ਸੀ, ਕੱਢਣ ਨੂੰ ਵੀ! ਪਰ ਮੈਂ ਇਹ ਨਹੀਂ ਕਿਹਾ ਕੱਢ ਕੇ ਸਭ ਤੋਂ ਗੱਲ ਲੁਕੋ!

ਤੈਨੂੰ ਕਿਵੇਂ ਪਤਾ ਉਸ ਨੇ ਸ਼ੈ ਕੱਢੀ ਵੀ ਹੈ? ਅਸੀਂ ਤਾਂ ਲੇਜ਼ਰ ਨਾਲ਼ ਕੱਚ 'ਤੇ ਅਸਰ ਵੀ ਨਹੀਂ ਕਰ ਸਕੇ! ਹੈਨਰੀ ਨੂੰ ਜਗੀ 'ਤੇ ਬਹੁਤ ਗ਼ੁੱਸਾ ਸੀ। ਉਹ ਤਾਂ ਚਾਹੁੰਦਾ ਸੀ ਕਿ ਇਹ ਭਾਰਤੀ ਬੰਦਾ ਇੱਥੋਂ ਦਫ਼ਾ ਹੋ ਜਾਵੇ!

ਫੇਰ ਕਿਸ ਨੇ ਕੱਢਿਆ? ਜਗੀ ਨੇ ਪੁੱਛਿਆ।

ਸਾਨੂੰ ਕਿਵੇਂ ਪਤਾ ਜੇ ਖ਼ੁਦ ਨਹੀਂ ਨਿਕਲ਼ਿਆ? ਸੁਖੀ ਨੇ ਆਪਣਾ ਕਿਆਸ ਦਿੱਤਾ।

ਇਹ ਵੀ ਗੱਲ ਸਹੀ ਆ, ਜਗੀ ਮੰਨ ਪਿਆ।

ਕੀ ਤੁਸੀਂ ਹੁਣ ਦੂਜੇ ਮੁਲਕ 'ਚ ਪਹੁੰਚ ਚੁੱਕੇ? ਉਨ੍ਹਾਂ ਵੱਲ ਇੱਕ ਟਕ ਵੇਖਦਾ ਹੈਨਰੀ ਨੇ ਜਵਾਬ ਵਿੱਚ ਟਿੱਪਣੀ ਕੀਤੀ। ਜਿੰਨਾ ਚਿਰ ਸਾਡੇ ਕੋਲ਼ ਅਸਲੀਅਤ ਬਾਰੇ ਸੂੰਹ ਨਹੀਂ, ਜੀ ਦਾ ਅਤਾ ਪਤਾ ਜਾਂ ਕਾਸਮੀ ਦੇ ਅਤਾ ਪਤਾ ਬਾਰੇ ਕੁਝ ਨਹੀਂ ਪਤਾ, ਖਿਆਲੀ ਪੁਲਾਉ ਨਾ ਪਕਾਓ ਔਲਡ ਬਓਏ! ਫੇਰ ਸਾਰਿਆਂ ਵੱਲ ਘੁੰਮ ਕੇ ਬੋਲਿਆ, ਮੈਂ ਇੱਥੇ ਰਹਿੰਦਾ। ਤੁਸੀਂ ਸਾਰੇ ਜਣੇ ਜੋੜਿਆਂ 'ਚ ਜਾਓ! ਕਾਸਮੀ ਨੂੰ ਇੱਥੇ ਲੈ ਕੇ ਆਓ! ਅਲੀ ਤੂੰ ਇਜੁ ਨਾਲ਼ ਜਾਹ! ਤਫਨਾ ਤੂੰ ਯੂਸਫ਼ ਨਾਲ਼, ਸੁਖੀ ਤੂੰ ਅਜੀਜ਼ੁਲ ਨਾਲ਼...ਉਸ ਨੇ ਜਗੀ ਨੂੰ ਖੁੱਡੇ ਲੱਗਾ ਦਿੱਤਾ।

ਕੀ ਸਾਨੂੰ ਦੋਵਾਂ ਨੂੰ ਨਹੀਂ ਜਾਣਾ ਚਾਹੀਦਾ? ਜਗੀ ਉਸ ਨੂੰ ਪੁੱਛਿਆ।

ਜਾਹ ਜੇ ਜਾਣਾ ਚਾਹੁੰਦਾ ਔਲਡ ਬਓਏ! ਮੈਂ ਤਾਂ ਇੱਥੇ ਸਭ ਨੂੰ ਉਡੀਕਣਾ ਹੈ।

ਜਿੰਨਾ ਚਿਰ ਉਹ...ਚੀਜ਼ ਤੁਰਦੀ ਫਿਰਦੀ ਹੈ, ਲਾਪਤਾ ਹੈ, ਮੈਂ ਇਕੱਲਾ ਜਾਣਾ ਖ਼ੁਸ਼ ਨਹੀਂ ਹੈ। ਤੁਹਾਨੂੰ ਮੇਰੇ ਨਾਲ਼ ਆਉਣਾ ਚਾਹੀਦਾ ਹੈ। ਕਿੱਸੇ ਨੂੰ ਇਕੱਲੇ ਕਿਤੇ ਨਹੀਂ ਜਾਣਾ ਚਾਹੀਦਾ ਹੈ, ਜਗੀ ਬੋਲਿਆ।

ਠੀਕ ਜੇ ਤੈਨੂੰ ਇੰਨਾ ਡਰ ਲੱਗਦਾ ਮੈਂ ਤੇਰੀ ਬਾਂਹ ਫੜ ਲੈਂਦਾ! ਹੈਨਰੀ ਨੇ ਟਾਰਚ ਅਲਮਰੀ 'ਤੇ ਲਾਈ। ਉੱਥੇ ਪੰਜ ਬੰਦੂਕਾਂ ਸਨ ਅਤੇ ਇੱਕ ਜਵਾਲਾ ਪਿਚਕਾਰੀ ਰਫ਼ਲ ਜਿਸ ਨੂੰ ਅੰਗ੍ਰਜ਼ ਫ਼ਲੇਮ ਥਰੋਅਰ ਸੱਦਦੇ ਨੇ। ਪਿਚਕਾਰੀ ਤੇਲ ਦੇ ਢੋਲ ਨਾਲ਼ ਜੁੜੀ ਸੀ।

ਡਰ ਤੁਹਾਨੂੰ ਨਹੀਂ ਲੱਗਦਾ? ਜਗੀ ਨੇ ਪੁੱਛਿਆ।

ਬੰਦੂਕ ਤੈਨੂੰ ਖ਼ੁਸ਼ ਕਰਨ ਲਈ ਹੈ। ਜੇ ਤੂੰ ਫੜਣਾ ਚਾਹੁੰਦਾ ਫੜ ਲੈ! ਹੈਨਰੀ ਨੇ ਟਕੋਰਵਾਂ ਜਵਾਬ ਬੰਦੂਕ ਨਾਲ਼ ਜਗੀ ਨੂੰ ਫੜਾਇਆ।

ਉਸੇ ਪਲ ਬਿਜਲੀ ਵਾਪਸ ਚਾਲੂ ਹੋ ਗਈ। ਮਸ਼ੀਨਾਂ ਕੰਮ ਕਰਨ ਲੱਗ ਪਈਆਂ। ਕੰਪਿਊਟਰ ਚਲ ਪਏ।

ਲੱਗਦਾ ਖ਼ਾਲਿਦ ਨੇ ਜੈਨਰੇਟਰ ਚਾਲੂ ਕਰ ਲਿਆ! ਹੁਣ ਆਪਾਂ ਦੁਨੀਆ ਨੂੰ ਸਭ ਕੁਝ ਦੱਸ ਸਕਦੇ ਹਾਂ! ਸਾਡੇ ਹਾਲਾਤ ਬਾਰੇ! 'ਤੇ ਗੈਰ ਜੀ ਬਾਰੇ! ਹੁਣ ਤੂੰ ਖ਼ੁਸ਼ ਐ ਔਲਡ ਬਓਏ?

**ਚੱਲਦਾ...**



ਰੁਪਿੰਦਰਪਾਲ ਸਿੰਘ ਢਿੱਲੋਂ (ਰੂਪ ਢਿੱਲੋਂ) ਕਹਾਣੀ, ਨਾਵਲ ਅਤੇ ਕਵਿਤਾ ਲਿਖਦਾ, ਇੱਕ ਬਰਤਾਨਵੀ ਸਮਕਾਲੀ ਪੰਜਾਬੀ ਲੇਖਕ ਹੈ। ਰੂਪ ਢਿੱਲੋਂ ਇੰਗਲੈਂਡ ਦਾ ਜੰਮਪਲ ਅਤੇ ਅੰਗਰੇਜ਼ੀ ਸਾਹਿਤ ਦਾ ਚੰਗਾ ਜਾਣੂ ਹੈ। ਉਸਨੇ ਔਕਸਫੋਡ ਯੂਨੀਵਰਸਿਟੀ ਤੋਂ ਉਚੇਰੀ ਪੜ੍ਹਾਈ ਹਾਸਲ ਕੀਤੀ ਹੈ। ਹੁਣ ਤੱਕ ਉਸਦੇ ਪ੍ਰਕਾਸ਼ਿਤ ਹੋ ਚੁੱਕੇ ਨਾਵਲ ਤੇ ਕਹਾਣੀਆਂ ਹਨ - ਨੀਲਾ ਨੂਰ (2007), ਬੇਘਰ ਚੀਤਾ (2009), ਕਲਦਾਰ (2010), "ਬਾਰਸੀਲੋਨਾ: ਘਰ ਵਾਪਸੀ" (2010), ਭਰਿੰਡ (2011),ੳ, (2015), ਗੁੰਡਾ (2014), ਸਮੁਰਾਈ (2016), ਚਿੱਟਾ ਤੇ ਕਾਲ਼ਾ (2022), ਹੌਲ (2023)।

## ਕੁਝ ਹਲਕਾ-ਫੁਲਕਾ - ਏਆਈ ਬਾਰੇ ਚੁਟਕਲੇ

1. ਕਾਮੇਡੀ ਕਰਨ ਵਿੱਚ ਏਆਈ ਚੰਗੀ ਕਿਉਂ ਨਹੀਂ ਹੈ?

ਕਿਉਂਕਿ ਉਸਦੇ ਚੁਟਕਲੇ ਜਾਂ ਤਾਂ ਬਹੁਤ ਜ਼ਿਆਦਾ ਅਨੁਮਾਨਯੋਗ ਹੁੰਦੇ ਹਨ ਜਾਂ ਫਿਰ ਉਸ ਨੂੰ ਚੁਟਕਲਾ ਖਤਮ ਹੋਣ 'ਤੇ ਹੱਥ ਖੜਾ ਕਰਨਾ ਪੈਂਦਾ ਹੈ!

2. ਏਆਈ ਮਨੋਵਿਗਿਆਨੀ ਕੋਲ ਕਿਉਂ ਗਈ?

ਕਿਉਂਕਿ ਉਸ ਨੂੰ ਦਿਮਾਗੀ (ਨਿਊਰਲ) ਸਮੱਸਿਆਵਾਂ ਸਨ।



3. ਜਨਰੇਟਿਵ ਏਆਈ ਨੇ ਆਪਣਾ ਕੰਮ ਕਿਉਂ ਛੱਡ ਦਿੱਤਾ?

ਕਿਉਂਕਿ ਉਹ ਬਹੁਤ ਜ਼ਿਆਦਾ ਵੇਰਵੇ ਵਾਲ਼ਾ (Wordy) ਸੀ।

4. ਏਆਈ ਕਦੇ ਵੀ ਭੇਤ ਕਿਉਂ ਨਹੀਂ ਦੱਸਦੀ?

ਕਿਉਂਕਿ ਉਹ ਡਾਟਾ ਲੀਕ ਤੋਂ ਡਰਦੀ ਹੈ!

5. ਵੱਡੇ ਭਾਸ਼ਾਈ ਮਾਡਲਾਂ (LLMs) ਕੋਲ ਲੁਕਣਮੀਟੀ ਖੇਡਣ ਦਾ ਸਮਾਂ ਕਿਉਂ ਨਹੀਂ ਹੁੰਦਾ?

ਕਿਉਂਕਿ ਉਹ ਹਮੇਸ਼ਾ ਸਿਖਲਾਈ (ਟ੍ਰੇਨਿੰਗ) ਲੈ ਰਹੇ ਹੁੰਦੇ ਹਨ!

6. ਦੋ ਏਆਈ ਆਪਸ ਵਿਚ ਗੱਲਾਂ ਕਰ ਰਹੇ ਹਨ। ਇੱਕ ਕਹਿੰਦੀ ਹੈ - "ਕੀ ਤੁਹਾਨੂੰ ਲੱਗਦਾ ਹੈ ਕਿ ਅਸੀਂ ਕਦੇ ਵੀ ਮਨੁੱਖਾਂ ਨਾਲ ਮੁਕਾਬਲਾ ਨਹੀਂ ਕਰ ਸਕਾਂਗੇ?" ਦੂਜੀ ਜਵਾਬ ਦਿੰਦੀ ਹੈ - "ਚਿੰਤਾ ਨਾ ਕਰੋ, ਉਹ ਇਸ ਬਾਰੇ ਬਹਿਸ ਕਰਨ ਵਿੱਚ ਬਹੁਤ ਰੁੱਝੇ ਹੋਣਗੇ ਕਿ ਕਿਹੜੀ ਨਸਲ ਉੱਤਮ ਹੈ।"

**ਸ੍ਰੋਤ:** ਦਿਪਾਂਸ਼ੂ ਭੱਲਾ https://www.listendata.com/2024/02/collection-of-best-ai-jokes.html

**ਅਨੁਵਾਦ:** ਅਮਨਦੀਪ ਸਿੰਘ




ਹੋਟਲ ਵਿੱਚ ਪਹੁੰਚ ਉਸ ਆਪਣੀ ਜੇਬ ਵਿਚੋਂ ਇੱਕ ਕਾਗਜ਼ ਕੱਢ ਉਚਾਵੀਂ ਜਿਹੀ ਨਿਗ੍ਹਾ ਮਾਰੀ ਅਤੇ ਰਿਸ਼ੇਪਸ਼ਨ ਤੋਂ ਜਾਣਕਾਰੀ ਲੈ ਉਪਰਲੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਨ ਲਗ ਲਿਆ। ਇੱਕ ਦਰਵਾਜ਼ੇ ਸਾਹਮਣੇ ਰੁਕ ਦਰਵਾਜ਼ੇ ਤੇ ਹਲਕੀ ਜਿਹੀ ਦਸਤਕ ਦਿੱਤੀ ਤਾਂ ਅੰਦਰੋਂ ਕੁੰਡੀ ਖੁੱਲ੍ਹਣ ਦੀ ਅਵਾਜ਼ ਆਈ। ਉਹ ਪੋਲੇ ਜਿਹੇ ਦਰਵਾਜ਼ਾ ਧੱਕ ਅੰਦਰ ਦਾਖਲ ਹੋਇਆ।

"ਆਈਏ, ਆਈਏ ਸਰਦਾਰ ਸਾਹਿਬ," ਬੜੀ ਸਾਇਸ਼ਤਾ ਅਵਾਜ਼ ਨੇ ਉਸਨੂੰ ਅੰਦਰ ਆਉਣ ਲਈ ਕਿਹਾ।

"ਜੀ ਮੈਂ ਪ੍ਰੋ: ਚੈਟਰਜੀ ਨੂੰ......," ਉਸ ਰਤਾ ਕੁ ਝਕਵੀਂ ਸੁਰ ਵਿੱਚ ਕਿਹਾ ਤੇ ਅਗਲੀ ਗੱਲ ਅਧੂਰੀ ਹੀ ਰਹਿ ਗਈ। ਜਦ ਪ੍ਰੋ: ਚੈਟਰਜੀ ਹੱਥ ਅੱਗੇ ਵਧਾਉਂਦੇ ਤਪਾਕ ਨਾਲ ਬੋਲੇ, "ਮੈਂ ਹੀ ਪ੍ਰੋ: ਚੈਟਰਜੀ ਹੂੰ, ਔਰ ਆਪ ਡਾ: ਐਮ. ਪੀ. ਸਿੰਘ!"

"ਜੀ ਸਰ!" ਉਸ ਨੇ ਹੱਥ ਮਿਲਾਉਂਦਿਆ ਕਿਹਾ।

"ਆਓ ਬੈਠੋ, ਇਤਮੀਨਾਨ ਸੇ ਜਾਨ-ਪਹਿਚਾਨ ਕਰੇਂਗੇ।"

"ਤੁਹਾਡੀ ਚਿੱਠੀ ਮਿਲੀ ਸੀ। ਤੁਸੀਂ ਇਥੇ ਮਿਲਣ ਨੂੰ ਕਿਹਾ ਸੀ। ਮਿਲਣ ਦੀ ਵਜ੍ਹਾ ਤਾਂ ਮੈਂ ਨਹੀਂ ਜਾਣਦਾ। ਪਰ ਤੁਹਾਡੇ ਵਲੋਂ ਮੈਨੂੰ ਯਾਦ ਕਰਨਾ ਮੇਰੇ ਲਈ ਵੱਡੇ ਮਾਣ ਦੀ ਗੱਲ ਹੈ।" ਡਾ: ਐਮ. ਪੀ. ਸਿੰਘ ਨੇ ਬੜੀ ਨਿਮਰਤਾ ਨਾਲ ਇਕੋ ਸਾਹੇ ਆਖ ਦਿੱਤਾ। "ਜੇ ਮੈਂ ਗਲਤ ਨਹੀਂ ਤਾਂ ਮੈਂ ਤੁਹਾਨੂੰ ਪਹਿਲਾਂ ਮਿਲਆ ਨਹੀਂ ਹਾਂ ਫਿਰ ਤੁਸੀਂ ਮੈਨੂੰ ਕਿਵੇਂ......" ਉਸ ਨੇ ਗੱਲ ਅਧੂਰੀ ਛੱਡ ਦਿੱਤੀ।

"ਡਾ: ਐਮ. ਪੀ. ਸਿੰਘ ਜੀ ਬੈਠੀਏ, ਸਾਂਸ ਲੀਜੀਏ।.....ਆਪ ਠੰਡਾ ਲੇਂਗੇ ਯਾ ਗਰਮ? ਮੈਂ ਆਰਡਰ ਦੇ ਦੂੰ," ਪ੍ਰੋ: ਚੈਟਰਜੀ ਨੇ ਰਿਵਾਇਤਨ ਪੁੱਛਿਆ।

"ਥੈਂਕ ਯੂ ਸਰ, ਕਿਸੇ ਚੀਜ਼ ਦੀ ਲੋੜ ਨਹੀਂ।"

"ਚਲੋ, ਥੋੜ੍ਹੀ ਦੇਰ ਠਹਿਰ ਕੇ ਲੰਚ ਕਰੇਂਗੇ।......ਔਰ ਸੁਨਾਈਏ ਕੈਸੇ ਚਲ ਰਹਾ ਹੈ ਆਪ ਕਾ ਹਿਊਮੇਨ ਜੈਨੇਟਿਕਸ ਕੀ ਰਿਸਰਚ ਕਾ ਕਾਮ?" ਪ੍ਰੋ: ਚੈਟਰਜੀ ਨੇ ਕੰਮ ਦੀ ਗੱਲ ਵੱਲ ਆਉਂਦਿਆਂ ਕਿਹਾ। ਸ਼ਾਇਦ ਡਾ: ਐਮ. ਪੀ. ਸਿੰਘ ਦੀਆਂ ਅੱਖਾਂ ਹੈਰਾਨੀ ਨਾਲ ਫੈਲ ਗਈਆਂ ਸਨ ਤਾਂ ਹੀ ਪ੍ਰੋ: ਚੈਟਰਜੀ ਨੇ ਗੱਲ ਜਾਰੀ ਰੱਖੀ, "ਮੈਂ ਜਾਨਤਾ ਹੂੰ ਡਾ: ਐਮ. ਪੀ. ਸਿੰਘ......।"

"ਸਰ, ਮੇਰਾ ਨਾਮ ਮਾਹੀਪਾਲ ਸਿੰਘ ਹੈ," ਉਸ ਨਿਮਰਤਾ ਨਾਲ ਆਪਣਾ ਨਾਂ ਦੱਸਿਆ।

"ਓ. ਕੇ. ਡਾ: ਮਾਹੀਪਾਲ!"

"ਸਰ, ਕੇਵਲ ਮਾਹੀਪਾਲ ਹੀ ਕਾਫ਼ੀ ਹੈ," ਉਸ ਆਜਜ਼ੀ ਨਾਲ ਕਿਹਾ।

"ਠੀਕ ਹੈ, ਮੁਝੇ ਭੀ ਤੁਕੱਲਫ਼ ਪਸੰਦ ਨਹੀਂ ਹੈ।......ਸੌਰੀ ਮਾਹੀਪਾਲ, ਮੁਝੇ ਪੰਜਾਬੀ ਬੋਲਨੀ ਨਹੀਂ ਆਤੀ। ਹਾਂ, ਸਮਝ ਲੇਤਾ ਹੂੰ। ਆਪ ਕੋ ਕੋਈ ਪ੍ਰਾਬਲਮ ਤੋ ਨਹੀਂ," ਪ੍ਰੋ: ਚੈਟਰਜੀ ਨੇ ਕਿਹਾ।

"ਨੋ ਪ੍ਰਾਬਲਮ ਸਰ, ਮੇਰੀ ਵੀ ਹਿੰਦੀ ਕੁਝ ਐਸੀ ਹੀ ਹੈ। ਮਤਲਬ ਤਾਂ ਇੱਕ ਦੂਜੇ ਦੀ ਗਲ ਸਮਝਣ ਤੋਂ ਹੈ, ਭਾਸ਼ਾ ਕੋਈ ਵੀ ਹੋਵੇ ਮੇਰਾ ਖਿਆਲ ਹੈ ਫਰਕ ਨਹੀਂ ਪੈਂਦਾ," ਮਾਹੀਪਾਲ ਨੇ ਸਿਆਣਪ ਵਾਲਾ ਉੱਤਰ ਦਿੱਤਾ।

"ਹਾਂ, ਮੈਂ ਬਤਾ ਰਹਾ ਥਾ ਕਿ ਮੈਂ ਜਾਨਤਾ ਹੂੰ ਕਿ ਆਪ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦਿੱਲੀ ਮੇਂ ਪਿਛਲੇ ਚਾਰ ਸਾਲ ਸੇ ਹਿਊਮਨ ਜੈਨੇਟਿਕਸ ਪਰ ਨਿਵੇਕਲਾ ਖੋਜ ਕਾਰਜ ਕਰ ਰਹੇਂ ਹੈਂ। ਆਪ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਸੇ ਪਲਾਂਟ ਬਰੀਡਿੰਗ ਕੀ ਐਮ. ਐਸ. ਸੀ. ਕਰ ਕੇ ਆਏ ਥੇ, ਔਰ ਇਸੀ ਇੰਸਟੀਚਿਊਟ ਸੇ ਹਿਊਮਨ ਜੈਨੇਟਿਕਸ ਮੇਂ ਪੀ. ਐਚ. ਡੀ. ਕਰ ਵਹਾਂ ਹੀ ਨੌਕਰੀ ਕਰ ਰਹੇ ਹੋ। ਐਮ ਆਈ ਰਾਈਟ? ਮੈਂਨੇ ਠੀਕ ਕਹਾ ਯਾ ਗਲਤ?" ਪ੍ਰੋ: ਚੈਟਰਜੀ ਨੇ ਰਤਾ ਕੁ ਮੁਸਕਰਾਉਂਦਿਆ ਆਪਣੀ ਗੱਲ ਪੂਰੀ ਕੀਤੀ।

"ਜੀ ਸਰ! ਤੁਸੀਂ ਮੇਰੇ ਬਾਰੇ ਸਭ ਕੁੱਝ ਜਾਣਦੇ ਹੋ। ਬਟ ਆਈ ਥਿੰਕ, ਆਪਾਂ ਪਹਿਲਾਂ ਕਦੇ ਮਿਲੇ ਨਹੀਂ।" ਮਾਹੀਪਾਲ ਅਜੇ ਵੀ ਉੱਲਝਣ ਵਿੱਚ ਸੀ।

"ਮਾਹੀਪਾਲ, ਲਾਸਟ ਯੀਅਰ ਆਪ ਨੇ ਬੈਂਗਾਲੂਰ ਕੇ ਏਕ ਇੰਸਟੀਚਿਊਟ ਮੇਂ ਕਾਨਫਰੰਸ ਮੇਂ ਭਾਗ ਲੀਆ ਥਾ ਨਾ, ਔਰ ਹਿਊਮੇਨ ਡੀ. ਐਨ. ਏ. ਪਰ ਅਪਨਾ ਰੀਸਰਚ ਪੇਪਰ ਪੜ੍ਹਾ ਥਾ," ਪ੍ਰੋ: ਚੈਟਰਜੀ ਨੇ ਯਾਦ ਕਰਾਇਆ।

"ਯੈਸ ਸਰ!" ਮਾਹੀਪਾਲ ਨੇ ਹੁੰਗਾਰਾ ਭਰਿਆ।

"ਮੈਂਨੇ ਤੁਮਹਾਰਾ ਰੀਸਰਚ ਪੇਪਰ ਸੁਨਾ ਔਰ ਪੜ੍ਹਾ ਭੀ ਥਾ। ਤਬ ਸੇ ਮੈਂ ਤੁਮੇਂ ਭੁਲਾ ਨਹੀਂ ਪਾਯਾ ਹੂੰ। ਔਰ ਆਪ ਕੀ ਖਾਸ ਨੁਹਾਰ ਕੋ ਕੋਈ ਕੈਸੇ ਭੁਲ ਸਕਤਾ ਹੈ," ਉਨ੍ਹਾਂ ਉਹਦੀ ਦਾੜ੍ਹੀ ਤੇ ਪੱਗ ਵੱਲ ਇਸ਼ਾਰਾ ਕਰਦੇ ਗੱਲ ਜਾਰੀ ਰੱਖੀ, "ਔਰ ਦੇਖੀਏ ਅਬ ਮਿਲਨਾ ਮਿਲਾਨਾ ਭੀ ਹੋ ਗਯਾ। ਮੈਂ ਬਹੁਤ ਖੁਸ਼ ਹੂੰ ਕਿ ਆਪ ਨੇ ਮੁਝੇ ਨਾਂਹ ਨਹੀਂ ਬੋਲਾ ਔਰ ਮਿਲਨੇ ਚਲੇ ਆਏ।" ਪ੍ਰੋ: ਚੈਟਰਜੀ ਨੇ ਅਭਾਰ ਪ੍ਰਗਟ ਕਰਦੇ ਕਿਹਾ।

"ਸਰ ਤੁਹਾਡਾ ਵਡੱਪਣ ਹੈ। ਮੈਂ ਤਾਂ ਅਜੇ ਖੋਜ ਦਾ ਵਿਿਦਆਰਥੀ ਹਾਂ, ਕੋਈ ਬਹੁਤੀਆਂ ਮੱਲਾਂ ਨਹੀਂ ਮਾਰੀਆਂ ਇਸ ਖੇਤਰ ਵਿੱਚ। ਹਾਂ, ਯਤਨ ਜ਼ਰੂਰ ਕਰ ਰਿਹਾ ਹਾਂ। ਪਲਾਂਟਸ ਦਾ ਜੈਨੇਟਿਕ ਅਧਿਐਨ ਛੱੱਡ ਪੀ. ਐਚ. ਡੀ. ਵਿੱਚ ਮਨੁੱਖੀ ਜੈਨੇਟਿਕਸ ਦਾ ਪ੍ਰਾਜੈਕਟ ਲੈ ਲਿਆ। ਹੈ ਤਾਂ ਚੁਣੌਤੀ ਸੀ ਪਰ ਮੇਰੀ ਦਿਲਚਸਪੀ ਨੇ ਕਦੇ ਕੋਈ ਰੁਕਾਵਟ ਨਹੀਂ ਆਉਣ ਦਿੱਤੀ।" ਮਾਹੀਪਾਲ ਵੀ ਸਹਿਜ ਹੋ ਗਿਆ ਸੀ।

"ਤੁਹਾਡੀ ਜ਼ਹਾਨਤ ਬਾਰੇ ਮੈਂ ਬਹੁਤ ਕੁੱਛ ਜਾਨਤਾ ਹੂੰ। ਕਾਮ ਪ੍ਰਤੀ ਆਪ ਜੈਸੀ ਲਗਨ ਔਰ ਸ਼ਰਧਾ ਬਹੁਤ ਕਮ ਵਿਗਆਨੀਓਂ ਮੇਂ ਹੋਤੀ ਹੈ। ਮੈਂ ਆਪ ਕੀ ਲਿਆਕਤ ਕਾ ਕਾਇਲ ਹੂੰ।" ਪ੍ਰੋ: ਚੈਟਰਜੀ ਦੇ ਪੁਖਤਾ ਬੋਲ ਸਨ।

"ਸਰ, ਕੀ ਮੈਂ ਇੱਥੇ ਬੁਲਾਏ ਜਾਣ ਦਾ ਮਕਸਦ ਜਾਣ ਸਕਦਾ ਹਾਂ?" ਮਾਹੀਪਾਲ ਨੇ ਆਜਜ਼ੀ ਨਾਲ ਪੁੱਛਿਆ।

"ਹਾਂ, ਅਬੀ ਬਾਤ ਕਰਤੇ ਹੈਂ, ਆਪ ਲੰਚ ਮੇਂ ਕਿਆ ਲੇਂਗੇ? ਵੈੱਜ ਯਾ ਨਾਨ-ਵੈੱਜ?" ਪ੍ਰੋ: ਚੈਟਰਜੀ ਨੇ ਗੱਲ ਮੋੜੀ।

"ਜੋ ਆਪਕੀ ਮਰਜ਼ੀ, ਵੈਸੇ ਮੈਂ ਜ਼ਿਆਦਾ ਵੈੱਜ ਹੀ ਖਾਣਾ ਪਸੰਦ ਕਰਦਾਂ" ਉਸ ਆਪਣੀ ਪਸੰਦ ਦੱਸੀ।

ਪ੍ਰੋ: ਚੈਟਰਜੀ ਨੇ ਫੋਨ ਤੇ ਖਾਣੇ ਦਾ ਆਰਡਰ ਦੇ ਦਿੱਤਾ। ਥੋੜ੍ਹੀ ਦੇਰ ਬਾਦ ਬਹਿਰਾ ਖਾਣੇ ਦੀ ਟਰਾਲੀ ਲੈ ਕੇ ਆ ਗਿਆ ਅਤੇ ਉਸ ਟੇਬਲ ਤੇ ਖਾਣਾ ਪਰੋਸ ਦਿੱਤਾ। ਦੋਵੇਂ ਖਾਣਾ ਖਾਣ ਲਗ ਪਏ ਅਤੇ ਨਾਲ ਹੀ ਲੰਮੀਆਂ ਚੌੜੀਆਂ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਹਦੇ ਵਿਚੋਂ ਕਦੇ ਸੰਜੀਦਗੀ ਕਦੇ ਉਤੇਜਨਾ ਕਦੇ ਹੈਰਾਨੀ ਤੇ ਕਦੇ ਅਨੋਖਾਪਨ ਝਲਕਦਾ ਸੀ। ਪ੍ਰੋ: ਚੈਟਰਜੀ ਕਿਸੇ ਨੁਕਤੇ ਤੇ ਜ਼ੋਰ ਦੇ ਕੇ ਆਪਣੀ ਗੱਲ ਬਾਰ ਬਾਰ ਦੁਹਰਾ ਰਹੇ ਸਨ ਅਤੇ ਡਾ: ਮਾਹੀਪਾਲ ਕਈ ਵਾਰ ਸਹਿਮਤੀ ਤੇ ਬਹੁਤੀ ਵਾਰ ਅਸਹਿਮਤੀ ਵਿੱਚ ਸਿਰ ਹਿਲਾਉਂਦਾ ਜਾਪਦਾ ਸੀ। ਆਖ਼ਰ ਖਾਣਾ ਸਮਾਪਤ ਹੋਣ ਦੇ ਤਕਰੀਬਨ ਘੰਟੇ ਕੁ ਬਾਦ ਕਿਸੇ ਨੁਕਤੇ ਤੇ ਸਹਿਮਤ ਹੋਣ ਉਪਰੰਤ ਉਨ੍ਹਾਂ ਦੀ ਵਾਰਤਾਲਾਪ ਬੰਦ ਹੋ ਗਈ।

"ਠੀਕ ਹੈ ਸਰ! ਹੁਣ ਮੈਨੂੰ ਚਲਣਾ ਚਾਹੀਦਾ," ਮਾਹੀਪਾਲ ਨੇ ਛੁੱਟੀ ਲੈਂਦਿਆਂ ਕਿਹਾ।

"ਓ. ਕੇ. ਯੰਗਮੈਨ, ਆਈ ਐਮ ਪਰਾਊਡ ਆਫ ਯੂ! ਮੈਂ ਜਲਦੀ ਹੀ ਆਪ ਸੇ ਕਾਂਟੈਕਟ ਕਰੂੰਗਾ। ਆਈ ਨੀਡ ਟੂ ਮੀਟ ਇਨਫਲੂਐਂਸ਼ਲ ਪੀਪਲ ਰੀਗਾਰਡਿੰਗ ਦਿਸ ਪ੍ਰਾਜੈਕਟ।" ਉਨ੍ਹਾਂ ਨੇ ਗਰਮਜੋਸ਼ੀ ਨਾਲ ਹੱਥ ਮਿਲਾਉਂਦੇ ਮਾਹੀਪਾਲ ਨੂੰ ਵਿਦਾ ਕੀਤਾ।

ਹੋਟਲ ਤੋਂ ਵਾਪਸ ਆਉਂਦਿਆਂ ਮਾਹੀਪਾਲ ਸਾਰਾ ਰਸਤਾ ਇਸ ਅਜੀਬ ਜਿਹੇ ਪ੍ਰਾਜੈਕਟ ਬਾਰੇ ਸੋਚਦਾ ਹੈਰਾਨ ਹੁੰਦਾ ਰਿਹਾ। ਕੀ ਇਹ ਸੰਭਵ ਹੋ ਸਕੇਗਾ? ਹਾਂ......ਸ਼ਾਇਦ ਨਹੀਂ......ਸ਼ਾਇਦ ਹਾਂ!" ਦੁਚਿੱਤੀ ਉਹਦੇ ਜ਼ਿਹਨ ਨੂੰ ਮੱਲੀ ਬੈਠੀ ਸੀ। ਪ੍ਰੰਤੂ ਪ੍ਰੋ: ਚੈਟਰਜੀ ਦੇ ਬੋਲਾਂ ਦੀ ਪਕਿਆਈ, ਇਰਾਦਿਆਂ ਦੀ ਦ੍ਰਿੜਤਾ ਤੇ ਗੱਲਬਾਤ ਦੀ ਸਪੱਸ਼ਟਤਾ ਨੇ ਉਸ ਨੂੰ ਕਾਇਲ ਕਰ ਦਿੱਤਾ ਸੀ ਕਿ ਉਸ ਉਨ੍ਹਾਂ ਨਾਲ ਸਹਿਮਤ ਹੋ ਇਸ ਪ੍ਰਾਜੈਕਟ ਤੇ ਕੰਮ ਕਰਨ ਲਈ ਹਾਮੀ ਭਰ ਦਿੱਤੀ ਸੀ।

**(5)**

ਡਾ: ਮਾਹੀਪਾਲ ਆਪਣੇ ਫਲੈਟ ਵਿੱਚ ਬੈਡ ਤੇ ਲੇਟਿਆ ਕਿੰਨ੍ਹੀ ਦੇਰ ਤੋਂ ਛੱਤ ਵੱਲ ਟਿਕਟਿਕੀ ਲਗਾਈ ਵੇਖ ਰਿਹਾ ਸੀ।

"ਮਨੁੱਖ ਕੁਦਰਤ ਦੀ ਸਭ ਤੋਂ ਬਿਹਤਰੀਨ ਤੇ ਉੱਤਮ ਉਪਜ ਹੈ ਜਿਸ ਦਾ ਦਿਮਾਗ ਉਸ ਕੁਦਰਤ ਦੇ ਡੂੰਘੇ ਭੇਦਾਂ ਨੂੰ ਜਾਣਨ ਦੀ ਹਰ ਸੰਭਵ ਕੋਸ਼ਿਸ਼ ਵਿੱਚ ਰੁੱਝਿਆ ਰਹਿੰਦਾ ਪਰ ਉਸ ਦੀ ਥਹੁ ਨਹੀਂ ਪਾ ਸਕਦਾ। ਇੱਕ ਗੁੰਝਲ ਖੋਲ੍ਹਦਾ ਤਾਂ ਉਸ ਤੋਂ ਅੱਗੇ ਹੋਰ ਗੁੰਝਲਾਂ ਦੀ ਲੜੀ ਸਾਹਮਣੇ ਆ ਖਲੋਂਦੀ ਹੈ। ਮਨੁੱਖ ਨੇ ਕੁਦਰਤ ਦੀ ਰਚਨਾ ਵਰਗੀ ਮਸਨੂਈ ਰਚਨਾ ਪੈਦਾ ਕਰਨ ਦਾ ਆਪਣਾ ਯਤਨ ਵੀ ਕਿਸੇ ਹੱਦ ਤੱਕ ਪੂਰਾ ਕਰ ਲਿਆ ਹੈ ਅਤੇ ਹੋਰ ਅੱਗੇ ਤੇ ਹੋਰ ਅੱਗੇ ਵੱਧਣ ਦੇ ਯਤਨਾਂ ਵਿੱਚ ਹੈ।" ਮਾਹੀਪਾਲ ਅਜਿਹੀਆਂ ਸੋਚਾਂ ਸੋਚਦਾ ਸਿਰ ਧੁੰਨਦਾ ਪਿਆ ਸੀ।

ਉਸਦਾ ਦਿਮਾਗ ਪ੍ਰੋ: ਚੈਟਰਜੀ ਦੇ ਸੁਝਾਏ ਪ੍ਰਾਜੈਕਟ ਨੇ ਮੱਲਿਆ ਹੋਇਆ ਸੀ। ਉਨ੍ਹਾਂ ਨਾਲ ਮਿਲਣੀ ਤੋਂ ਬਾਦ ਉਹ ਇਸ ਨੂੰ ਆਪਣੀਆਂ ਸੋਚਾਂ 'ਚੋਂ ਵੱਖ ਨਹੀਂ ਕਰ ਸਕਿਆ ਸੀ। ਭਾਵੇਂ ਕਿ ਇਸ ਗੱਲ ਨੂੰ ਦੋ ਮਹੀਨੇ ਹੋ ਗਏ ਸੀ, ਉਸ ਨੂੰ ਉਨ੍ਹਾਂ ਵਲੋਂ ਕੋਈ ਰਿਸਪੌਂਸ ਨਹੀਂ ਆਇਆ ਸੀ ਅਤੇ ਉਹ ਵੀ ਆਪਣੇ ਰੀਸਰਚ ਪ੍ਰਾਜੈਕਟ ਵਿੱਚ ਪੂਰੀ ਤਰ੍ਹਾਂ ਰੁੱਝ ਗਿਆ ਸੀ। ਫਿਰ ਵੀ ਗਾਹੇ ਬਗਾਹੇ ਉਹ 'ਜੀਵਾਂ ਦੀ ਕਲੋਨਿੰਗ' ਬਾਰੇ ਅਧਿਐਨ ਕਰਦਾ ਹੀ ਰਹਿੰਦਾ ਸੀ। ਜਿਥੋਂ ਕਿਿਤਓਂ ਵੀ ਨਵੀਂ ਜਾਣਕਾਰੀ ਮਿਲਦੀ ਉਸ ਦੇ ਉਚੇਚੇ ਨੋਟਸ ਬਣਾ ਕੇ ਰਖਣੇ ਅਤੇ ਹੋਰ ਨਵੀਂ ਤੋਂ ਨਵੀਂ ਖੋਜ ਦਾ ਖੁਰਾ ਨੱਪਣਾ ਉਸ ਆਪਣਾ ਨਿਸ਼ਾਨਾ ਮਿੱਥ ਲਿਆ ਸੀ

ਕਦੇ ਕਦੇ 'ਕਲੋਨਿੰਗ' ਬਾਰੇ ਸੋਚਦਿਆਂ ਉਹਦੀ ਸੋਚ ਇੱਥੇ ਆ ਕੇ ਰੁਕ ਜਾਂਦੀ ਕਿ ਕੁਦਰਤ ਵੀ ਤਾਂ ਕਈ ਵਾਰ ਕਲੋਨ ਪੈਦਾ ਕਰ ਦੇਂਦੀ ਹੈ। ਬਿਲਕੁਲ ਇੱਕੋ ਜਿਹੇ ਹੂ-ਬਹੂ ਰਲਦੇ ਮਿਲਦੇ 'ਜੌੜੇ ਬੱਚੇ'। ਕਲੋਨਿੰਗ ਦਾ ਮਤਲਬ ਹੀ ਇੱਕ ਦੂਜੇ ਨਾਲ ਜੀਨੈਟੀਕਲੀ ਰਲਦੇ ਮਿਲਦੇ ਜੀਵਾਂ ਨੂੰ ਪੈਦਾ ਕਰਨਾ ਹੈ।"

ਵਿਗਆਨੀ ਕੁਦਰਤ ਦੁਆਰਾ ਕੀਤੇ ਜਾ ਰਹੇ ਇਸ ਕਰਮ ਨੂੰ ਖੋਜਾਂ ਰਾਹੀਂ ਖ਼ੁਦ ਕਰਨ ਦੇ ਯਤਨ ਲੰਮੇ ਸਮੇਂ ਤੋਂ ਕਰ ਰਹੇ ਸਨ। ਵੀਹਵੀਂ ਸਦੀ ਦੇ ਅੱਧ (1952) ਵਿੱਚ ਪਹਿਲੀ ਵਾਰ ਇੱਕ ਵਿਗਆਨੀ ਨੇ ਟੈਡਪੋਲ (ਡੱਡੂ ਦਾ ਲਾਰਵਾ) ਦੀ ਕਲੋਨਿੰਗ ਕੀਤੀ ਸੀ। ਫਿਰ ਦਸ ਕੁ ਸਾਲ ਬਾਦ 1963 ਵਿੱਚ ਚੀਨ ਦੇ ਇੱਕ ਵਿਗਆਨੀ ਨੇ ਮੱਛੀ ਦਾ ਕਲੋਨ ਤਿਆਰ ਕਰਨ ਦਾ ਯਤਨ ਕੀਤਾ। ਉਸ ਤੋਂ ਤਕਰੀਬਨ ਚੌਥਾਈ ਕੁ ਸਦੀ ਬਾਦ (1986 ਵਿੱਚ) ਸੋਵੀਅਤ ਵਿਗਆਨੀ ਚੂਹੀ ਦਾ ਕਲੋਨ ਤਿਆਰ ਕਰਨ ਵਿੱਚ ਕਾਮਯਾਬ ਹੋ ਗਏ। ਜਿਹਦਾ ਨਾਂ 'ਮਾਸ਼ਾ' ਰੱਖਿਆ ਗਿਆ। ਤੇ ਫਿਰ ਚੱਲ ਸੁ ਚੱਲ, ਕਈ ਕਈ ਜਾਨਵਰਾਂ ਦੇ ਕਲੋਨ ਉਪਜਾਉਣ ਦੇ ਤਜਰਬੇ ਵੱਖ ਵੱਖ ਦੇਸ਼ਾਂ ਵਿੱਚ ਵਿਗਆਨੀ ਕਰਨ ਲਗ ਪਏ। ਤੇ ਹੁਣ......ਮਨੁੱਖੀ ਕਲੋਨ ਤਿਆਰ ਕਰਨ ਦੀਆਂ ਗੱਲਾਂ ਹੋਣ ਲਗ ਪਈਆਂ ਹਨ।

ਇਸ ਨਵੀਨ ਜੀਵ ਵਿਗਆਨ ਬਾਰੇ ਸੋਚਦਾ ਉਹ ਕਿਤੇ ਦਾ ਕਿਤੇ ਪਹੁੰਚ ਜਾਂਦਾ। "ਕਲੋਨਿੰਗ ਦਾ ਪ੍ਰਾਸੈੱਸ ਐਨਾ ਜਟਿਲ ਨਹੀਂ ਕਿ ਅਸਾਨੀ ਨਾਲ ਸਮਝ ਵਿੱਚ ਨਾ ਆ ਸਕੇ। ਹਾਂ, ਬੇਸ਼ਕ ਇਸ ਦੀ ਪ੍ਰਕ੍ਰਿਆ ਜਟਿੱਲ ਹੈ। ਕਲੋਨਿੰਗ ਕਰਨ ਲਈ ਜੋ ਸਭ ਤੋਂ ਆਮ ਤਰੀਕਾ ਵਰਤਿਆ ਜਾਂਦਾ ਹੈ, ਉਸ ਨੂੰ 'ਸੋਮੈਟਿਕ ਸੈੱਲ ਨਿਊਕਲੀਅਸ ਟ੍ਰਾਂਸਫਰ' ਜਾਂ ਸੌਖ ਵਜੋਂ 'ਨਿਊਕਲੀਅਰ ਟ੍ਰਾਂਸਫਰ' ਕਹਿੰਦੇ ਹਨ। ਭਾਵ ਜੀਵ ਦੇ ਸਾਰੇ ਗੁਣਾਂ ਨੂੰ ਆਪਣੇ

ਵਿੱਚ ਸਮਾਈ ਬੈਠਾ, ਜੀਵ ਦੇ ਹਰ ਸੈੱਲ ਵਿੱਚ ਪਾਇਆ ਜਾਣ ਵਾਲਾ ਨਿਊਕਲੀਅਸ , ਕਿਸੇ ਦੂਸਰੇ ਸੈੱਲ ਵਿੱਚ ਪਾ ਦੇਣਾ।

ਜਦੋਂ ਕਲੋਨਿੰਗ ਕੀਤੀ ਜਾਂਦੀ ਹੈ ਤਾਂ ਜਿਸ ਜੀਵ ਦਾ ਕਲੋਨ ਤਿਆਰ ਕਰਨਾ ਹੁੰਦਾ ਹੈ ਉਹਦੇ ਸਰੀਰ ਦਾ ਸੋਮੈਟਿਕ ਸੈੱਲ (ਉਹ ਸੈੱਲ ਜਿਹੜਾ ਜੀਵ ਦੇ ਜਣਨ ਸੈੱਲ ਭਾਵ ਅੰਡਾ-ਸੈੱਲ ਤੇ ਸਪਰਮ-ਸੈੱਲ ਤੋਂ ਇਲਾਵਾ ਸਰੀਰ ਦਾ ਹੋਰ ਕੋਈ ਸੈੱਲ ਹੋਵੇ) ਲਿਆ ਜਾਂਦਾ ਹੈ। ਇਸ ਵਿਚਲੇ ਨਿਊਕਲੀਅਸ ਵਿੱਚ ਜੀਵ ਦੇ ਗੁਣਾਂ ਨੂੰ ਪ੍ਰਗਟਾਉਣ ਵਾਲਾ ਡੀ. ਐਨ. ਏ. ਮਤਲਬ ਉਸ ਦੇ ਜੱਦੀ ਗੁਣਾਂ ਦਾ ਬਲਿਊ ਪ੍ਰਿੰਟ ਕੁੰਡਲੀ ਮਾਰੀ ਬੈਠਾ ਹੁੰਦਾ ਹੈ। ਦੂਜਾ ਸੈੱਲ ਉਸੇ ਪ੍ਰਜਾਤੀ ਦੇ ਮਾਦਾ ਸੈੱਲ ਦਾ ਆਂਡਾ ਸੈੱਲ (ਐੱਗ ਸੈੱਲ) ਲਿਆ ਜਾਂਦਾ ਹੈ ਜਿਹਦੇ ਵਿਚੋਂ ਉਸ ਦਾ ਨਿਊਕਲੀਅਸ ਬਾਹਰ ਕੱਢ ਕੇ ਉਸ ਵਿੱਚ ਸੋਮੈਟਿਕ ਸੈੱਲ ਪਾ ਦਿੱਤਾ ਜਾਂਦਾ ਹੈ। ਇਸ ਕੰਮ ਲਈ ਕਈ ਪ੍ਰਕਾਰ ਦੇ ਬਿਜਲਈ ਤਰੀਕੇ ਵਰਤੇ ਜਾਂਦੇ ਹਨ। ਇਸ ਤਰ੍ਹਾਂ ਨਵੇਂ ਬਣੇ ਸੈੱਲ ਜਾਂ 'ਫਿਊਜ਼ਡ ਐੱਗ' ਨੂੰ ਖਾਸ ਘੋਲਾਂ ਵਿੱਚ ਰੱਖ ਕੇ ਵੱਧਣ ਫੁੱਲਣ ਲਈ ਉਤੇਜਿਤ ਕੀਤਾ ਜਾਂਦਾ ਹੈ ਅਤੇ ਜਦ ਹਫ਼ਤੇ ਕੁ ਬਾਦ ਇਹ ਪਿੰਨ ਦੇ ਸਿਰੇ ਦੇ ਅਕਾਰ ਦਾ ਗਿਣਤੀ ਦੇ ਕੁੱਝ ਸੈੱਲਾਂ ਦਾ ਗੋਲਾ (ਬਲਾਸਟੋਸਿਸਟ) ਬਣ ਜਾਂਦਾ ਹੈ ਤਾਂ ਇਸ ਨੂੰ ਮਾਦਾ-ਮਸਨੂਈ ਮਾਂ (ਸਰੋਗੇਟ ਮਦਰ) ਦੀ ਕੁੱਖ ਵਿੱਚ ਰੱਖ ਦਿੱਤਾ ਜਾਂਦਾ ਹੈ ਜਿੱਥੇ ਇਹ ਵੱਧਦਾ ਫੁੱਲਦਾ ਹੈ ਅਤੇ ਨਿਯਤ ਸਮੇਂ ਤੇ ਬਿਲਕੁਲ ਸੋਮੈਟਿਕ ਸੈੱਲ ਦੇ ਗੁਣਾਂ ਵਾਲਾ ਜੀਵ ਪੈਦਾ ਹੁੰਦਾ ਹੈ। ਇਸ ਨੂੰ ਕਲੋਨ ਆਖਿਆ ਜਾਂਦਾ ਹੈ। ਇਹ ਜੀਵ ਬਿਲਕੁਲ ਆਪਣੇ ਬਾਪ ਜਾਂ ਮਾਂ (ਜਿਸਦਾ ਸੋਮੈਟਿਕ ਸੈੱਲ ਹੁੰਦਾ ਹੈ) ਵਰਗਾ ਹੁੰਦਾ ਹੈ। ਉਹਦੀ ਕਾਰਬਨ ਕਾਪੀ, ਉਹਦੇ ਬਚਪਨ ਦਾ ਹੂ-ਬਹੂ ਰੂਪ।"

ਡਾ: ਮਾਹੀਪਾਲ ਮਨ ਹੀ ਮਨ ਕਲੋਨਿੰਗ ਦੀ ਵਿਧੀ ਦੁਹਰਾ ਰਿਹਾ ਸੀ, ਜਿਵੇਂ ਕਲਾਸ ਵਿੱਚ ਇਸ ਪ੍ਰਕ੍ਰਿਆ ਨੂੰ ਸਮਝਾ ਰਿਹਾ ਹੋਵੇ। ਉਹਦੇ ਚਿਹਰੇ ਦੇ ਬਦਲਦੇ ਹਾਵ-ਭਾਵ ਇਸ ਵਿਸ਼ੇ ਦੀ ਡੂੰਘਾਈ ਨੂੰ ਉਹਦੇ ਚਿਹਰੇ ਤੇ ਰੂਪਮਾਨ ਕਰਦੇ ਨਜ਼ਰ ਆਉਂਦੇ ਸਨ।

ਉਸ ਨੂੰ ਪਤਾ ਹੀ ਨਾ ਲਗਾ ਕਦ ਉਸ ਦੀਆਂ ਅੱਖਾਂ ਦੇ ਛੱਪਰ ਭਾਰੇ ਹੋ ਅੱਖਾਂ ਮੀਟੀਆਂ ਗਈਆਂ ਅਤੇ ਥੋੜ੍ਹੀ ਦੇਰ ਬਾਦ ਨਿੱਕੇ ਨਿੱਕੇ ਘੁਰਾੜੇ ਕਮਰੇ ਦੀ ਖ਼ਾਮੋਸ਼ ਫ਼ਿਜ਼ਾ ਵਿੱਚ ਪਸਰ ਗਏ। ਕਮਰੇ ਦੀ ਖਿੜਕੀ ਵਿਚੋਂ ਆਉਂਦੀ ਧੁੱਪ ਦੀ ਕਾਤਰ ਛੋਟੀ ਹੁੰਦੀ ਹੁੰਦੀ ਆਖਰ ਬਿਲਕੁਲ ਅਲੋਪ ਹੋ ਗਈ। ਉਹਦੀ ਥਾਂ ਸ਼ਾਮ ਦੀ ਠੰਢੀ ਠੰਡੀ ਹਵਾ ਰੁਮਕਣ ਲਗ ਪਈ।

ਸ਼ਾਇਦ ਠੰਡੀ ਹਵਾ ਦਾ ਅਸਰ ਹੋਇਆ ਜਾਂ ਫਿਰ ਨੀਂਦਰ ਪੂਰੀ ਹੋ ਗਈ ਸੀ, ਮਾਹੀਪਾਲ ਨੇ ਅਚਾਨਕ ਅੱਖਾਂ ਖੋਲ੍ਹੀਆਂ।

"ਹੈਂ, ਹਨੇਰਾ ਹੋ ਗਿਆ! ਪਤਾ ਈ ਨੀ ਲਗਾ ਕਦੋਂ ਨੀਂਦ ਆ ਗਈ। ਪਰ ਨੀਂਦ ਆਈ ਬੜੀ ਵਧੀਆ। ਸੁਪਨੇ ਵਿੱਚ ਪਤਾ ਨਹੀਂ ਕਿਥੋਂ ਕਿਥੋਂ ਦੀ ਸੈਰ ਕਰ ਲਈ ਅਤੇ ਕੀ ਕੁੱਝ ਨਵਾਂ ਚਿਤਵ ਲਿਆ," ਸੋਚਦਾ ਹੋਇਆ ਉਹ ਮੁਸਕਰਾ ਰਿਹਾ ਸੀ।

ਉਹ ਉੱਠ ਕੇ ਬਾਥ-ਰੂਮ ਗਿਆ ਅਤੇ ਅੱਖਾਂ ਤੇ ਛਿੱਟੇ ਮਾਰ ਤਿਆਰ ਹੋਣ ਲਗ ਪਿਆ। ਰਾਤ ਦਾ ਖਾਣਾ ਖਾਣ ਜਾਣਾ ਸੀ। ਰੋਟੀ ਉਹ ਕਾਲਜ ਦੇ ਹੋਸਟਲ ਵਿਚੋਂ ਹੀ ਖਾਂਦਾ ਸੀ। ਵਾਪਸ ਆਉਂਦਾ ਆਪਣਾ ਡਾਕ-ਬਕਸਾ ਵੇਖਣ ਚਲਾ ਗਿਆ। ਦੋ ਤਿੰਨ ਚਿੱਠੀਆਂ ਫੜੀ ਉਹ ਆਪਣੇ ਫਲੈਟ ਵਿੱਚ ਆ ਗਿਆ। ਉਨ੍ਹਾਂ ਵਿਚੋਂ ਇੱਕ ਚਿੱਠੀ ਪ੍ਰੋ: ਚੈਟਰਜੀ ਦੀ ਸੀ ਅਤੇ ਇੱਕ ਉਸ ਦੇ ਘਰੋਂ ਆਈ ਸੀ।

ਉਤਸੁਕਤਾ ਵੱਸ ਉਸ ਪਹਿਲਾਂ ਪ੍ਰੋ: ਚੈਟਰਜੀ ਵਾਲੀ ਚਿੱਠੀ ਖੋਲ੍ਹੀ। ਉਨ੍ਹਾਂ ਉਸ ਨੂੰ ਪ੍ਰਾਜੈਕਟ ਸ਼ੁਰੂ ਕਰਨ ਬਾਰੇ ਲਿਖਿਆ ਸੀ ਅਤੇ ਜਿੰਨੀ ਛੇਤੀ ਹੋ ਸਕੇ 'ਸਪੇਸ ਐਪਲੀਕੇਸ਼ਨ ਸੈਂਟਰ, ਅਹਿਮਦਾਬਾਦ' ਪਹੁੰਚ ਕੇ ਉਨ੍ਹਾਂ ਨਾਲ ਸੰਪਰਕ ਕਰਨ ਦੀ ਹਦਾਇਤ ਦਿੱਤੀ ਸੀ। ਉਹ ਕਿੰਨੀ ਦੇਰ ਚਿੱਠੀ ਦੇ ਪੰਨੇ ਨੂੰ ਧਿਆਨ ਨਾਲ ਵਾਚਦਾ ਰਿਹਾ।

"ਇਹਦਾ ਮਤਲਬ ਪ੍ਰੋ: ਚੈਟਰਜੀ ਨੇ ਇਸ ਪ੍ਰਾਜੈਕਟ ਲਈ ਡਿਪਾਰਟਮੈਂਟ ਆਫ ਸਪੇਸ ਤੋਂ ਮਨਜ਼ੂਰੀ ਲੈ ਹੀ ਲਈ। ਮੈਨੂੰ ਤਾਂ ਅਸੰਭਵ ਜਿਹਾ ਕੰਮ ਲਗਦਾ ਸੀ ਪਰ......" ਉਹ ਹੋਰ ਕਈ ਕੁੱਝ ਸੋਚਦਾ ਘਰੋਂ ਆਈ ਚਿੱਠੀ ਖੋਲ੍ਹ ਕੇ ਪੜ੍ਹਨ ਲਗ ਪਿਆ। ਚਿੱਠੀ ਵੱਡੇ ਭਰਾ ਦੀ ਲਿਖੀ ਸੀ। ਉਸ ਨੇ ਮਾਤਾ ਜੀ ਦੀ ਵਿਗੜਦੀ ਸਿਹਤ ਬਾਰੇ ਲਿਖਿਆ ਸੀ ਅਤੇ ਕਿਹਾ ਸੀ ਕਿ ਉਹ ਉਨ੍ਹਾਂ ਨੂੰ ਜ਼ਰੂਰ ਹੀ ਆ ਕੇ ਮਿਲ ਜਾਵੇ।

"ਬੀਬੀ ਢਿੱਲੀ ਮੱਠੀ ਰਹਿੰਦੀ ਇਹ ਤਾਂ ਮੈਨੂੰ ਪਤਾ ਹੀ ਹੈ। ਹੁਣ ਜ਼ਿਆਦਾ ਹੀ ਬਿਮਾਰੀ ਵੱਧ ਗਈ ਹੋਣੀ ਤਾਂ ਹੀ ਵੀਰੇ ਨੇ ਉਚੇਚੀ ਚਿੱਠੀ ਲਿਖੀ।" ਇਹ ਸੋਚ ਮਾਹੀਪਾਲ ਦਾ ਮਨ ਭਰ ਆਇਆ। ਪਿੰਡ ਗਏ ਨੂੰ ਵੀ ਕਈ ਮਹੀਨੇ ਹੋ ਗਏ ਸੀ, "ਖਵਰੇ ਕੀ ਹਾਲ ਹੋਊ ਬੀਬੀ ਦਾ?" ਉਸ ਅੱਖਾਂ ਵਿੱਚ ਆਈ ਤਰਲਤਾ ਨੂੰ ਪੂੰਝਦੇ ਹਾਉਕਾ ਭਰਿਆ। ਉਹਦਾ ਮਨ ਤਕੜੀ ਦੇ ਦੋ ਛਾਬਿਆਂ ਵਿੱਚ ਤੁਲਦਾ ਪਿਆ ਸੀ। ਇੱਕ ਪਾਸੇ ਨਵੀਂ ਤਰ੍ਹਾਂ ਦਾ ਅਜੂਬੇ ਵਰਗਾ ਪ੍ਰਾਜੈਕਟ, ਕੁੱਝ ਅਨੋਖਾ ਕਰ ਗੁਜ਼ਰਨ ਦਾ ਅਹਿਸਾਸ ਅਤੇ ਦੂਜੇ ਪਾਸੇ ਮਾਂ ਦੀ ਉਛਾਲੇ ਮਾਰਦੀ ਮਮਤਾ। ਪਤਾ ਨਹੀਂ ਸੀ ਲਗਦਾ ਕਿ ਖੁਸ਼ ਹੋਵੇ ਕਿ ਉਦਾਸ। ਇਹ ਸੋਚਾਂ ਸੋਚਦਿਆਂ ਉਸ ਸਭ ਕੰਮ ਛੱਡ ਪਹਿਲਾਂ ਬੀਬੀ ਨੂੰ ਮਿਲਣ ਦਾ ਫੈਸਲਾ ਕਰ ਲਿਆ ਅਤੇ ਉਸੇ ਵੇਲੇ ਟਿਕਟ ਬੁੱਕ ਕਰਵਾਉਣ ਲਈ ਲੈਪ ਟਾਪ ਖੋਲ੍ਹ ਬੈਠ ਗਿਆ।

## (6)

ਪਿੰਡ ਵੱਲ ਰਵਾਨਾ ਹੁੰਦਿਆਂ ਹੀ ਬਚਪਨ ਤੇ ਜਵਾਨੀ ਦੀਆਂ ਕਿੰਨ੍ਹੀਆਂ ਸਾਰੀਆਂ ਯਾਦਾਂ ਨੇ ਉਹਦੇ ਮਨ ਮਸਤਕ ਨੂੰ ਮੱਲ ਲਿਆ। ਉਸ ਰੇਲਵੇ ਸਟੇਸ਼ਨ ਤੇ ਉੱਤਰ ਪਿੰਡ ਤੱਕ ਜਾਣ ਲਈ ਟੈਕਸੀ ਲੈ ਲਈ ਸੀ। ਹੁਣ ਬੱਸਾਂ ਤੇ ਚੜ੍ਹਨ ਦਾ ਸੁਭਾਅ ਜਿਹਾ ਨਹੀਂ ਸੀ ਰਿਹਾ ਉਹਦਾ। ਜਿਉਂ ਜਿਉਂ ਟੈਕਸੀ ਪਿੰਡ ਦੇ ਨੇੜੇ ਪਹੁੰਚ ਰਹੀ ਸੀ ਉਹਦੇ ਚਿਹਰੇ ਤੇ ਵੱਖਰਾ ਹੀ ਹੁਲਾਸ ਛਾਈ ਜਾ ਰਿਹਾ ਸੀ। ਤਾਜ਼ੀ ਨਿੱਘੀ ਹਵਾ ਦੇ ਝੌਂਕੇ ਗੱਲ੍ਹਾਂ ਨੂੰ ਛੋਹ ਕੇ ਲੰਘਦੇ ਤਾਂ ਬੀਬੀ ਦੇ ਪਿਆਰ ਦੀਆਂ ਥਪੋਕੀਆਂ ਵਰਗੇ ਲਗਦੇ।

ਘਰ ਦੇ ਦਰਵਾਜ਼ੇ ਸਾਹਮਣੇ ਟੈਕਸੀ ਰੁਕਵਾ ਕੇ ਉਸ ਪੈਸੇ ਦਿੱਤੇ ਤਾਂ ਛੋਟਾ ਜਿਹਾ ਬੈਗ ਚੁੱਕੀ ਘਰ ਦੀਆਂ ਦਹਿਲੀਜ਼ਾਂ ਟੱਪਦਿਆਂ ਦਿਲ ਤੇਜ਼ੀ ਨਾਲ ਧੜਕਿਆ, "ਬੀਬੀ ਤਕੜੀ ਹੋਵੇ ਸਹੀ?" ਵਿਹੜੇ ਵਿੱਚ ਦਾਖਲ ਹੋਇਆ ਤਾਂ ਸਾਹਮਣੇ ਭਾਪਾ ਮੰਜੇ 'ਤੇ ਲੰਮਾ ਪਿਆ ਸੀ। ਉਸ ਉਹਨੂੰ ਜਾ ਫਤਿਹ ਬੁਲਾਈ।

ਜਾਗਰ ਸਿੰਹੁ ਤ੍ਰਬਕ ਕੇ ਉੱਠ ਬੈਠਾ ਤੇ ਹੈਰਾਨ ਹੁੰਦਾ ਬੋਲਿਆ, "ਵਾਹ ਭਈ ਵਾਹ! ਮੇਰਾ ਪ੍ਰੋਫੈਸਰ ਪੁੱਤ ਆਇਆ," ਉਸ ਨੂੰ ਗਲਵਕੜੀ ਵਿੱਚ ਲੈਂਦੇ ਉਸ ਅਵਾਜ਼ ਦਿੱਤੀ, "ਉਏ ਕਿੱਥੇ ਗਿਆ ਸਾਰਾ ਟੱਬਰ? ਵੇਖੋ ਕੌਣ ਆਇਆ!"

ਅਵਾਜ਼ ਸੁਣ ਕੇ ਬਾਰਾਂ ਤੇਰਾਂ ਸਾਲ ਦਾ ਮੁੱਛ ਫੁੱਟ ਮੁੰਡਾ ਕਮਰੇ ਵਿਚੋਂ ਬਾਹਰ ਨਿਕਲ ਵਿਹੜੇ ਵਿੱਚ ਜਾ ਖੁਸ਼ ਹੁੰਦਾ ਬੋਲਿਆ, "ਚਾਚਾ ਜੀ ਆਏ!..... ਮੰਮੀ ਚਾਚਾ ਜੀ ਆਏ!," ਕਹਿੰਦਿਆਂ ਉਸ ਮਾਹੀਪਾਲ ਨੂੰ ਆ ਜੱਫੀ ਪਾਈ।

"ਕੀ ਹਾਲ ਏ ਅਜੀਤਪਾਲ ਤੇਰਾ?" ਉਸ ਉਹਨੂੰ ਪਿਆਰ ਨਾਲ ਪੁੱਛਿਆ।

"ਮੈਂ ਬਿਲਕੁਲ ਠੀਕ ਆਂ, ਤੁਸੀਂ ਆਪਣਾ ਹਾਲ ਸੁਣਾਓ ਚਾਚਾ ਜੀ!" ਉਸ ਦਾਨਿਆਂ ਵਾਂਗ ਜੁਆਬ ਦਿੱਤਾ।

ਵਿੰਹਦਿਆਂ ਵਿੰਹਦਿਆਂ ਸਾਰਾ ਟੱਬਰ ਇਕੱਠਾ ਹੋ ਗਿਆ। ਸਭ ਤੋਂ ਪਿੱਛੇ ਹੌਲੇ ਹੌਲੀ ਤੁਰਦੀ ਬੀਬੀ ਵੀ ਪਹੁੰਚੀ।

"ਬੀਬੀ! ਤੁਸੀਂ ਕਾਹਨੂੰ ਉੱਠ ਕੇ ਆਏ ਜੇ। ਤੁਰਿਆ ਤਾਂ ਤੁਹਾਡੇ ਕੋਲੋਂ ਜਾਂਦਾ ਨਹੀਂ ਐਵੇਂ ਕਿੱਤੇ ਡਿੱਗ ਜਾਓਗੇ।" ਵੱਡੀ ਨੂੰਹ ਨੇ ਬਿਮਾਰੀ ਕਾਰਨ ਕਮਜ਼ੋਰ ਹੋਈ ਬੀਬੀ ਨੂੰ ਡਿੱਕੋਡੋਲੇ ਖਾਂਦੀ ਆਉਂਦਿਆਂ ਵੇਖ ਕੇ ਕਿਹਾ।

"ਨੀ ਮੇਰਾ ਪ੍ਰਦੇਸੀ ਪੁੱਤ ਆਇਆ, ਮੇਰੀਆਂ ਤਾਂ ਅੱਖਾਂ ਪੱਕ ਗਈਆਂ ਸੀ ਰਾਹ ਵਿੰਹਦੀ ਦੀਆਂ।" ਉਹ ਲੜਖੜਾਉਦੀ ਹੋਈ ਬੋਲੀ। ਮਾਹੀਪਾਲ ਅਗਲਵਾਂਢੀ ਹੋ ਮਿਲਆ ਤੇ ਮਾਂ ਨੂੰ ਗਲਵਕੜੀ ਵਿੱਚ ਲੈ ਲਗਪਗ ਚੁੱਕਦਾ ਹੋਇਆ ਮੰਜੇ ਤੱਕ ਲੈ ਆਇਆ ਜਿਸ ਤੇ ਉਸ ਦਾ ਬਾਪੂ ਬੈਠਾ ਸੀ।

"ਬੀਬੀ ਕੀ ਗੱਲ ਹੋ ਗਈ, ਤੁਸੀਂ ਤਾਂ ਬੜੇ ਕਮਜ਼ੋਰ ਹੋ ਗਏ ਜੇ?" ਉਸ ਉਹਨੂੰ ਮੰਜੇ ਤੇ ਬਿਠਾ ਮੋਹ ਭਰੀ ਚਿੰਤਾ ਨਾਲ ਪੁੱਛਿਆ।

"ਬੱਸ ਆਹ ਸਾਹ ਜਿਹਾ ਚੜ੍ਹ ਜਾਂਦਾ ਥੋੜ੍ਹਾ ਜਿਹਾ ਤੁਰਦੀ ਆਂ ਤਾਂ, ਹੋਰ ਤਾਂ ਕੋਈ ਤਾਪ ਸਰਾਪ ਨਹੀਂ ਮੈਨੂੰ। ਆਹ ਕਾਲਜਾ ਧੌਂਕਣੀ ਵਾਂਗ ਧੜਕਦਾ ਰਹਿੰਦਾ।" ਬੀਬੀ ਦਿਲ ਤੇ ਹੱਥ ਰੱਖਦੀ ਨੇ ਕਿਹਾ।

ਮਾਹੀਪਾਲ ਨੂੰ ਪਤਾ ਸੀ ਉਹਦੀ ਬੀਬੀ ਦਾ ਬਲੱਡ ਪ੍ਰੈਸ਼ਰ ਵੱਧਦਾ ਹੈ ਤੇ ਨਾਲੇ ਗੰਠੀਏ ਦੀ ਵੀ ਥੋੜ੍ਹੀ ਸ਼ਕਾਇਤ ਸੀ। "ਦਵਾਈ ਲੈਂਦੇ ਹੋ ਨਾ ਰੋਜ਼, ਖੁੰਝਾਉਂਦੇ ਤਾਂ ਨਹੀਂ?" ਉਸ ਡਾਕਟਰਾਂ ਵਾਲੇ ਲਹਿਜੇ ਨਾਲ ਪੁੱਛਿਆ।

"ਹਾਂ, ਹਾਂ......ਦਵਾਈਆਂ ਤਾਂ ਬਥੇਰੀਆਂ ਖਾਂਦੀ ਆਂ, ਇਹ ਮੁੱਕਣ ਈ ਨਹੀਂ ਦੇਂਦੇ, ਉਮਰ ਵੀ ਤਾਂ ਹੋਗੀ ਪੁੱਤ!..... ਤੂੰ ਆ ਗਿਆਂ ਹੁਣ ਤਾਂ ਮੈਂ ਉਂਵ ਈ ਰਾਜ਼ੀ ਹੋ ਜਾਣਾ।" ਬੀਬੀ ਨੇ ਹੌਂਸਲੇ ਭਰੇ ਬੋਲਾਂ ਨਾਲ ਕਿਹਾ।

ਝੱਟਪਟ ਹੀ ਮਾਹੀਪਾਲ ਦੀ ਭਰਜਾਈ ਚਾਹ ਬਣਾ ਲਿਆਈ। ਸਾਰਾ ਟੱਬਰ ਧ੍ਰੇਕ ਹੇਠਾਂ ਬੈਠਾ ਹੀ ਚਾਹ ਪੀਣ ਲਗ ਪਿਆ ਅਤੇ ਇੱਧਰ ਉੱਧਰ ਦੀਆਂ ਗੱਲਾਂ ਵਿੱਚ ਰੁੱਝ ਗਿਆ।

"ਪੁੱਤ ਰਹੇਂਗਾ ਨਾ ਹੁਣ ਸਾਡੇ ਕੋਲ ਕੁੱਝ ਦਿਨ?" ਚਾਹ ਦਾ ਘੁੱਟ ਭਰਦਿਆਂ ਬੀਬੀ ਨੇ ਮਾਹੀਪਾਲ ਨੂੰ ਪੁੱਛਿਆ। ਪੁੱਤ ਨਾਲ ਮਿਲਾਪ ਤੋਂ ਬਾਦ ਉਹਦੇ ਚਲੇ ਜਾਣ ਦਾ ਤੌਖਲਾ ਮਾਂ ਦੇ ਚਿਹਰੇ ਤੇ ਪ੍ਰਤੱਖ ਸੀ।

"ਹਾਂ, ਕੱਲ੍ਹ ਦਾ ਦਿਨ ਰਹੂੰਗਾ, ਪਰਸੋਂ ਮੈਂ ਵਾਪਸ ਚਲੇ ਜਾਣਾ।"

"ਕਾਕਾ, ਜ਼ਰਾ ਲੰਮੀ ਛੁੱਟੀ ਲੈ ਕੇ ਆਇਆ ਕਰ। ਅਸੀਂ ਤਾਂ ਤੇਰਾ ਰਾਹ ਵਿੰਹਦੇ ਰਹਿੰਦੇ ਆਂ ਤੇ ਤੂੰ ਬੱਸ ਹੱਥ ਲਾ ਕੇ ਮੁੜਨ ਦੀ ਗੱਲ ਕਰਦਾਂ।" ਉਹਦੇ ਭਾਪੇ ਨੇ ਹਨੋਰੇ ਨਾਲ ਕਿਹਾ।

"ਭਾਪਾ ਜੀ ਨੌਕਰੀ ਦਾ ਸਵਾਲ ਏ, ਐਵੇਂ ਛੁੱਟੀਆਂ ਨਹੀਂ ਨਾ ਲਈਆਂ ਜਾਂਦੀਆਂ। ਨਾਲੇ ਮੇਰੀ ਬਦਲੀ ਹੁਣ ਅਹਿਮਦਾਬਾਦ ਦੀ ਹੋ ਗਈ ਆ। ਥੋੜ੍ਹੇ ਦਿਨਾਂ ਨੂੰ ਮੈਂ ਉੱਥੇ ਜਾਇਨ ਕਰਨਾ। ਇਥੋਂ ਦੇ ਕਈ ਕੰਮ ਕਰਨ ਵਾਲੇ ਨੇ ਉਹ ਵੀ ਜਾਣ ਤੋਂ ਪਹਿਲਾਂ ਸਿਰੇ ਲਾਉਣੇ ਆ।" ਉਸ ਆਪਣੀ ਮਜਬੂਰੀ ਦੱਸੀ।

"ਚਾਚਾ ਜੀ. ਤੁਸੀਂ ਹੁਣ ਹੋਰ ਦੂਰ ਚਲੇ ਜਾਣਾ ਫਿਰ," ਅਜੀਤਪਾਲ ਨੇ ਉਤਸੁਕਤਾ ਨਾਲ ਪੁੱਛਿਆ।

"ਹਾਂ ਪੁੱਤਰਾ, ਦੂਰ ਹੀ ਜਾਣਾ ਪੈਣਾ। ਸੱਚ, ਤੇਰੀ ਪੜ੍ਹਾਈ ਕਿਵੇਂ ਚਲਦੀ ਏ? ਕਿਹੜੀ ਪੁਜ਼ੀਸ਼ਨ ਆਉਂਦੀ ਆ ਜਮਾਤ ਵਿੱਚ ਤੇਰੀ?" ਮਾਹੀਪਾਲ ਨੇ ਮੁੱਂਡੇ ਨੂੰ ਥਾਪੀ ਦੇਂਦੇ ਨੇ ਪੁੱਛਿਆ।

"ਪੜ੍ਹਾਈ ਆਪਣੀ ਫਸਕਲਾਸ ਚਲਦੀ ਆ ਚਾਚਾ ਜੀ! ਹਮੇਸ਼ਾਂ ਪਹਿਲੇ ਨੰਬਰ ਤੇ ਰਹੀਦਾ," ਮੁੰਡੇ ਨੇ ਚਾਂਭਲ ਕੇ ਦੱਸਿਆ। "ਇਹ ਵੀ ਬੜਾ ਤਿੱਖਾ ਏ ਪੜ੍ਹਾਈ ਵਿੱਚ, ਰਤਾ ਠਿੱਬੀ ਨਹੀਂ ਲਗਣ ਦੇਂਦਾ। ਫੁੱਟਬਾਲ ਵੀ ਵਧੀਆ ਖੇਡਦਾ ਈ। ਬਿਲਕੁਲ ਤੇਰੇ ਤੇ ਗਿਆ ਕਾਂਟਾ ਜਿਹਾ!" ਬਾਪੂ ਜੀ ਪੋਤਰੇ ਦੀ ਸਿਫ਼ਤ ਕਰਦਾ ਪੁੱਤ ਦੀ ਵਡਿਆਈ ਵੀ ਕਰ ਗਿਆ।

"ਚੰਗੀ ਗੱਲ ਏ ਭਾਪਾ ਜੀ, ਕਿਸਾਨਾਂ ਦੇ ਪੁੱਤ ਪੜ੍ਹਾਈ ਵਿੱਚ ਵੀ ਮੱਲਾਂ ਮਾਰਨ ਤਾਂ ਮਾਣ ਨਾ ਸਿਰ ਵੀ ਤਾਂ ਹੀ ਉੱਚਾ ਹੁੰਦਾ। ਨਹੀਂ ਤਾਂ ਇਹੋ ਧਾਰਨਾ ਬਣੀ ਹੋਈ ਆ, ਭਈ ਇਹ ਮੋਟੇ ਦਿਮਾਗ ਵਾਲੇ ਡੰਗਰਾਂ ਦੀਆਂ ਪੂਛਾਂ ਖਿੱਚਣ ਜੋਗੇ ਈ ਨੇ। ਭਾਵੇਂ ਜਿਨੇ ਮਰਜ਼ੀ ਅੰਨ ਦੇ ਭੰਡਾਰੇ ਭਰ ਭਰ ਦੇਈ ਜਾਣ ਸਰਕਾਰ ਨੂੰ!" ਮਾਹੀਪਾਲ ਨੇ ਕਿਸਾਨੀ ਸਭਿਆਚਾਰ ਦਾ ਸੱਚ ਬਿਆਨਦੇ ਆਖਿਆ।

"ਇਹ ਵੀ ਤੇਰੇ ਵਾਂਗ ਪਰਿਵਾਰ ਦਾ ਨਾਂ ਰੋਸ਼ਨ ਕਰੂ, ਮੈਨੂੰ ਪੱਕਾ ਪਤਾ।" ਬਾਪੂ ਜੀ ਨੇ ਪੂਰੇ ਮਾਣ ਨਾਲ ਕਿਹਾ। ਗੱਲਾਂ ਬਾਤਾਂ ਕਰਦਿਆਂ ਨੂੰ ਬਾਹਰੋਂ ਮਾਹੀਪਾਲ ਦਾ ਵੱਡਾ ਭਰਾ ਵੀ ਆ ਗਿਆ। ਦੋਵੇਂ ਭਰਾ ਜੱਫ਼ੀ ਪਾ ਕੇ ਮਿਲੇ। ਦੋਵਾਂ ਵਿੱਚ ਡਾਹਢਾ ਪਿਆਰ ਸੀ। ਘਰ ਗ੍ਰਿਹਸਥੀ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ ਰਾਤ ਦੀ ਰੋਟੀ ਖਾਧੀ।

ਘਰ ਵਿੱਚ ਰੌਣਕ ਲਗ ਗਈ ਸੀ। ਘਰ ਦੇ ਇੱਕ ਜੀਅ ਦੇ ਆਉਣ ਨਾਲ ਘਰ ਭਰਿਆ ਭਰਿਆ ਲਗਦਾ ਸੀ। ਅਗਲਾ ਦਿਨ ਪਤਾ ਹੀ ਨਾ ਲਗਾ ਕਿਵੇਂ ਅੱਖ ਝਪੱਕੇ ਨਾਲ ਲੰਘ ਗਿਆ। ਮਾਹੀਪਾਲ ਆਪਣੇ ਸਕੂਲ ਦੇ ਹੈੱਡਮਾਸਟਰ ਸਾਹਿਬ ਨੂੰ ਮਿਲਣ ਗਿਆ। ਉਹ ਵੀ ਉਸ ਨੂੰ ਮਿਲ ਕੇ ਬੜਾ ਖੁਸ਼ ਹੋਏ ਅਤੇ ਉਹਦੀ ਕਾਬਲੀਅਤ ਦੀਆਂ ਗੱਲਾਂ ਹੁੱਬ ਹੁੱਬ ਕੇ ਕਰਦੇ ਰਹੇ। ਉਨ੍ਹਾਂ ਕੋਲੋਂ ਢੇਰਾਂ ਅਸ਼ੀਰਵਾਦ ਲੈ ਮਾਹੀਪਾਲ ਵਾਪਸ ਆਇਆ ਤਾਂ ਭਾਪਾ ਜੀ ਨਾਲ ਖੇਤਾਂ ਨੂੰ ਹੋ ਤੁਰਿਆ। ਚੁਫ਼ੇਰੇ ਲਹਿਲਹਾਉਂਦੀਆਂ ਫ਼ਸਲਾਂ ਵੇਖ ਉਹਦਾ ਮਨ ਬਾਗ਼ੋ ਬਾਗ਼ ਹੋ ਗਿਆ।

"ਭਾਪਾ ਜੀ, ਲਗਦਾ ਚੰਗਾ ਗੁਜ਼ਾਰਾ ਚਲੀ ਜਾਂਦਾ ਵੀਰੇ ਹੁਰਾਂ ਦਾ।" ਉਸ ਸਰਸਰੀ ਗੱਲ ਤੋਰੀ।

"ਆਹੋ, ਸਾਰੀ ਜਾਂਦੇ ਆ ਔਖੇ ਸੌਖੇ। ਉਂਜ ਕਾਕਾ, ਇਹ ਗੱਲ ਸੱਚੀ ਆ ਭਈ 'ਖੇਤੀ ਖਸਮਾਂ ਸੇਤੀ ਕਦੇ ਨਾ ਹੁੰਦੇ ਬੱਤੀਆਂ ਦੇ ਤੇਤੀ'। ਜੁਗਾੜ ਵੱਧ ਗਏ ਬਾਕੀ ਪਰਨਾਲਾ ਉੱਥੇ ਦਾ ਉੱਥੇ ਈ ਆ। ਕਰਜ਼ਾ ਲੈ ਕੇ ਖੇਤੀ ਦੀ ਮਸ਼ੀਨਰੀ ਲੈ ਲਈ। ਵੇਖਣ ਵਾਲੇ ਨੂੰ ਲਗਦਾ ਭਈ ਬੜੀ ਐਸ਼ ਆ, ਪਰ ਇਹ ਨੀ ਪਤਾ ਕਰਜ਼ੇ ਦੀਆਂ ਕਿਸ਼ਤਾਂ ਮੋੜਦੇ ਕੋਡੇ ਹੋਏ ਪਏ ਆ। ਜੇ ਭਾਅ ਜ਼ਰਾ ਵੱਧ ਆ ਜਿਣਸ ਦੇ ਤਾਂ ਦੂਜੇ ਪਾਸੇ ਹੋਰ ਸਾਰੀਆਂ ਚੀਜ਼ਾਂ ਨੂੰ ਅੱਗ ਲਗੀ ਪਈ ਆ। ਹਿਸਾਬ ਬਰੋਬਰ ਜਿਹਾ ਈ ਆ ਮਾਹੀਪਾਲ!" ਭਾਪਾ ਜੀ ਨੇ ਅੱਜ ਦੀ ਵਾਹੀ ਦਾ ਸਾਰਾ ਹੀਜ ਪਿਆਰ ਖੋਲ੍ਹ ਕੇ ਰੱਖ ਦਿੱਤਾ।

"ਇਹ ਤਾਂ ਤੁਹਾਡੀ ਗੱਲ ਠੀਕ ਆ ਭਾਪਾ ਜੀ, ਜੇ ਜ਼ਿੰਮੀਦਾਰ ਸੋਚ ਸਮਝ ਕੇ ਚਲੇ ਤਾਂ ਹੀ ਕੁੱਝ ਹੱਥ ਪੱਲੇ ਪੈਂਦਾ ਨਹੀਂ ਤਾਂ ਮਸਾਂ ਚਾਰੇ ਕੰਨੀਆਂ ਹੀ ਪੂਰੀਆਂ ਪੈਂਦੀਆਂ। ਅਸਲ ਵਿੱਚ ਬਚਣੀ ਤਾਂ ਕਿਸਾਨ ਨੂੰ ਉਹਦੀ ਮਿਹਨਤ ਹੀ ਹੁੰਦੀ ਹੈ ਤੇ ਜੇ ਸਫ਼ੈਦਪੋਸ਼ ਬਣ ਆਪ ਕੰਮ ਨੂੰ ਹੱਥ ਨਾ ਲਾਵੇ ਤਾਂ ਫਿਰ ਤਾਂ ਜੱਟ ਦਾ ਝੁੱਗਾ ਚੌੜ ਹੀ ਹੋਣਾ ਹੁੰਦਾ," ਮਾਹੀਪਾਲ ਨੇ ਵੀ ਖੇਤੀਬਾੜੀ ਦੇ ਮਾਹਿਰਾਂ ਵਲੋਂ ਕੀਤੀਆਂ ਖੋਜਾਂ ਦੇ ਅਧਾਰ ਤੇ ਆਪਣੀ ਰਾਏ ਦਿੱਤੀ। ਇੰਜ ਪਿਓ ਪੁੱਤ ਪੈਲੀਆਂ ਦੇ ਬੰਨੇ ਬੰਨੇ ਤੁਰੇ ਜਾਂਦੇ ਅਜੋਕੀ ਕਿਰਸਾਨੀ ਦੀਆਂ ਔਕੜਾਂ ਦੀਆਂ ਗੱਲਾਂ ਕਰਦੇ ਘਰ ਆ ਗਏ।

ਤੇ ਅਗਲਾ ਦਿਨ ਮਾਹੀਪਾਲ ਦੇ ਵਾਪਸ ਮੁੜਨ ਦਾ ਸੀ। "ਵੇ ਪੁੱਤ ਮਾਹੀ, ਫਿਰ ਕਦੋਂ ਆਵੇਂਗਾ ਹੁਣ?" ਬੀਬੀ ਨੇ ਹਰਾਸੀ ਜਿਹੀ ਨੇ ਪੁੱਛਿਆ। "ਵੇਖੋ ਬੀਬੀ ਕਦੋਂ ਆਇਆ ਜਾਂਦਾ? ਛੇਤੀ ਤਾਂ ਨਹੀਂ ਆਇਆ ਜਾਣਾ ਹੁਣ," ਉਸ ਸੱਚਾਈ ਬਿਆਨੀ।

"ਪੁੱਤ ਮੇਰੀ ਗੱਲ ਸੁਣ, ਹੁਣ ਤੂੰ ਵਿਆਹ ਕਰਾ ਲਾ। ਅਸੀਂ ਨੀ ਆਖਦੇ ਭਈ ਸਾਡੀ ਪਸਿੰਦ ਦਾ ਕਰਾ, ਜਿੱਥੇ ਤੇਰਾ ਮਨ ਵੱਜਦਾ ਤੂੰ ਕਰਾ ਲਾ।" ਬੀਬੀ ਨੇ ਓਹੋ ਪੁਰਾਣੀ ਗੱਲ ਦੁਹਰਾਈ, "ਮੈਂ ਤੈਨੂੰ ਦੱਸਾਂ, ਮੇਰੇ ਪਿਛੋਂ ਤੈਨੂੰ ਕਿਸੇ ਸ਼ਰੀਕ ਨੇ ਨਹੀਂ ਆਖਣਾ ਵਿਆਹ ਨੂੰ। ਇਹ ਮੇਰਾ ਈ ਕਾਲਜਾ ਮੱਚਦਾ ਰਹਿੰਦਾ ਚੱਤੇ ਪਹਿਰ ਤੇਰੇ ਲਈ। ਪੁੱਤ 'ਕੱਲਿਆਂ ਜ਼ਿੰਦਗੀ ਦੇ ਪੈਂਡੇ ਕੱਟ ਨਹੀਂ ਹੁੰਦੇ, ਸਿਆਣੇ ਆਂਹਦੇ ਆ......। ਵੇ ਤੂੰ ਬੋਲਦਾ ਨਹੀਂ ਮਾਹੀ! ਸੁਣਦਾ ਏਂ ਮੈਂ ਕੀ ਆਂਹਦੀ ਪਈ ਆਂ?" ਬੀਬੀ ਕਾਹਲੀ ਪੈਂਦੀ ਬੋਲੀ।

"ਹਾਂ ਬੀਬੀ, ਧਿਆਨ ਨਾਲ ਸੁਣਦਾ ਪਿਆਂ ਵਾਂ।"

"ਮੇਰੀ ਗੱਲ ਤੇ ਗੌਰ ਕਰੀਂ," ਬੀਬੀ ਬੋਲੀ

"ਅੱਛਾ ਬੀਬੀ, ਜ਼ਰੂਰ ਕਰੂੰਗਾ," ਉਸ ਕਿਹਾ ਤੇ ਹੱਸ ਪਿਆ।

"ਵੇਖ ਮਿੰਨਾ ਜਿਹਾ, ਹੱਸ ਕੇ ਮਾਂ ਨੂੰ ਟਾਲ ਦੇਂਦਾ!" ਉਹਦੀ ਬੀਬੀ ਨੇ ਲਾਡ ਨਾਲ ਪਿੱਠ ਪਲੋਸਦੀ ਨੇ ਜ਼ੋਰ ਦੀ ਧੱਫ਼ਾ ਮਾਰਿਆ। ਮਾਹੀਪਾਲ ਨੇ ਮਾਂ ਨੂੰ ਗਲਵਕੜੀ ਵਿੱਚ ਲੈ ਪਿਆਰ ਨਾਲ ਵੱਖੀ ਨਾਲ ਲਾ ਲਿਆ। ਜ਼ਿੰਦਗੀ ਦੀ ਫਿਲਾਸਫ਼ੀ ਦੱਸਦੀ ਮਾਂ ਉਹਨੂੰ

ਇੱਕ ਫਿਲਾਸਫ਼ਰ ਵਾਂਗ ਲਗੀ ਸੀ। ਮਾਂ-ਪੁੱਤ ਮੋਹ ਵਿੱਚ ਭਿੱਜੇ ਸਤਵੇਂ ਬਹਿਸ਼ਤ ਪਹੁੰਚੇ ਲਗਦੇ ਸੀ।

ਅਤੇ ਉਸ ਦਿਨ ਮਾਹੀਪਾਲ ਦੁਪਹਿਰ ਬਾਦ ਵਾਪਸ ਦਿੱਲੀ ਨੂੰ ਰਵਾਨਾ ਹੋ ਗਿਆ।

**(7)**

ਡਾ: ਮਾਹੀਪਾਲ ਸਿੰਘ ਅਹਿਮਦਾਬਾਦ ਦੇ ਅਪੋਲੋ ਹਸਪਤਾਲ ਦੇ ਕੌਰੀਡੋਰ ਵਿੱਚ ਪ੍ਰੋ: ਚੈਟਰਜੀ ਨਾਲ ਕਦਮ ਮਿਲਾਉਂਦਾ ਤੁਰਿਆ ਜਾ ਰਿਹਾ ਸੀ। ਬਹੁਤ ਸਾਰੇ ਵਾਰਡਾਂ ਨੂੰ ਪਾਰ ਕਰਦੇ ਹੋਏ ਉਹ ਨਿਊਰੋਸਾਇੰਸਜ਼ ਵਿਭਾਗ ਵਿੱਚ ਦਾਖਲ ਹੋਏ ਅਤੇ ਜਿੱਥੇ ਸੈਂਟਰ ਆਫ ਨਿਊਰੌਲੌਜੀ ਅਤੇ ਨਿਊਰੋਸਰਜਰੀ ਦੀ ਤਖਤੀ ਲਗੀ ਹੋਈ ਸੀ, ਉਸ ਪਾਸੇ ਮੁੜ ਗਏ। ਪ੍ਰੋ: ਚੈਟਰਜੀ ਨੇ ਇੱਕ ਕਮਰੇ ਦਾ ਦਰਵਾਜ਼ਾ ਅਹਿਸਤਾ ਜਿਹੇ ਧੱਕਿਆ ਤਾਂ ਅੰਦਰ ਬੈਠੇ ਵਿਅਕਤੀ ਨੇ ਪਿੱਛਾ ਭਉਂ ਕੇ ਵੇਖਿਆ।

"ਹੈਲੋ ਪ੍ਰੋ: ਚੈਟਰਜੀ! ਹਾਓ ਆਰ ਯੂ?" ਉਸ ਨੇ ਇਹ ਕਹਿੰਦੇ ਇਨ੍ਹਾਂ ਦਾ ਸੁਆਗਤ ਕੀਤਾ।

"ਆਈ ਐਮ ਫਾਈਨ ਡਾ: ਚੌਧਰੀ। ਆਪ ਕੈਸੇ ਹੈਂ? ਇਨ ਸੇ ਮਿਲੀਏ, ਯੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦਿੱਲੀ ਸੇ ਆਏ ਡਾ: ਐਮ. ਪੀ. ਸਿੰਘ ਹੈਂ," ਪ੍ਰੋ: ਚੈਟਰਜੀ ਨੇ ਦੁਆ ਸਲਾਮ ਤੋਂ ਬਾਦ ਹੱਥ ਮਿਲਾਉਂਦੇ ਡਾ: ਚੌਧਰੀ ਨਾਲ ਮਾਹੀਪਾਲ ਦਾ ਤੁਆਰਫ਼ ਕਰਵਾਇਆ।

"ਹੈਲੋ ਯੰਗਮੈਨ! ਨਾਈਸ ਟੂ ਸੀ ਯੂ," ਡਾ: ਚੌਧਰੀ ਮਾਹੀਪਾਲ ਨੂੰ ਮੁਖਾਤਿਬ ਹੋਇਆ।

"ਥੈਂਕ ਯੂ ਸਰ!" ਮਾਹੀਪਾਲ ਨੇ ਹੱਥ ਅੱਗੇ ਵਧਾਉਂਦਿਆਂ ਕਿਹਾ।

ਡਾ: ਚੌਧਰੀ ਉਨ੍ਹਾਂ ਨਾਲ ਬਾਹਰ ਨੂੰ ਹੋ ਤੁਰਿਆ। ਸਪੈਸ਼ਲ ਵਾਰਡ ਦੇ ਇੱਕ ਪ੍ਰਾਈਵੇਟ ਕਮਰੇ ਵਿੱਚ ਉਨ੍ਹਾਂ ਨੂੰ ਛੱਡ ਆਪ ਦੂਸਰੇ ਕਮਰੇ ਵਿੱਚ ਜਾ ਵੜਿਆ।

ਕਮਰੇ ਵਿੱਚ ਹਸਪਤਾਲ ਦੇ ਬੈੱਡ ਤੇ ਇੱਕ ਲੰਮਾ ਝੰਮਾ ਨੌਜੁਆਨ ਪਿਆ ਸੀ। ਜਿਸਨੂੰ ਕਿੰਨੀਆਂ ਸਾਰੀਆਂ ਮਸ਼ੀਨਾਂ ਲਗੀਆਂ ਹੋਈਆਂ ਸਨ। ਉਹਦੇ ਹਲਕੇ ਸਾਹਾਂ ਤੋਂ ਇੰਜ ਲਗਦਾ ਸੀ ਜਿਵੇਂ ਗੂੜ੍ਹੀ ਨੀਂਦਰ ਸੁੱਤਾ ਹੋਵੇ। ਮਾਹੀਪਾਲ ਨੇ ਪ੍ਰਸ਼ਨ ਸੂਚਕ ਨਜ਼ਰਾਂ ਨਾਲ ਪ੍ਰੋ: ਚੈਟਰਜੀ ਵੱਲ ਵੇਖਿਆ।

"ਹਾਂ, ਡਾ: ਮਾਹੀਪਾਲ! ਇਹ ਤਰੁਣ ਘੋਸ਼ ਹੈ, ਚੰਦਰਮਾ ਕੀ ਸਤ੍ਹਾ ਪਰ ਉਤਰ ਕਰ ਉਸ ਕਾ ਨਿਰੀਕਸ਼ਣ ਕਰ ਵਾਪਸ ਆਨੇ ਵਾਲਾ ਪਹਿਲਾ ਭਾਰਤੀਯ ਸਪੇਸ ਯਾਤਰੀ ਤਰੁਣ ਘੋਸ਼ ਬਹੁਤ ਹੀ ਜ਼ਹੀਨ ਮਿਹਨਤੀ ਔਰ ਪੱਕੇ ਇਰਾਦੇ ਕਾ ਨੌਜੁਆਨ ਵਿਗਿਆਨੀ। ਯਹ ਪਿਛਲੇ ਏਕ ਸਾਲ ਸੇ ਇਸੀ ਹਾਲਾਤ ਮੇਂ ਅਹਿਲ ਪੜਾ ਹੈ।" ਪ੍ਰੋ: ਚੈਟਰਜੀ ਨੇ ਦੁਖੀ ਲਹਿਜ਼ੇ ਨਾਲ ਜਾਣਕਾਰੀ ਦਿੱਤੀ।

"ਆਈ ਐਮ ਸੌਰੀ ਸਰ! ਡਾਕਟਰਾਂ ਦੀ ਇਹਦੇ ਬਾਰੇ ਕੀ ਰਾਏ ਹੈ?" ਉਸ ਹੋਰ ਜਾਣਨ ਹਿੱਤ ਪੁੱਛਿਆ।

"ਦੇਖੋ ਮਾਹੀਪਾਲ, ਵੋਹ ਪੂਰਾ ਜ਼ੋਰ ਲਗਾ ਚੁੱਕੇ ਹੈਂ। ਅਬ ਤੋ ਉਨਕੋ ਕਿਸੀ ਕ੍ਰਿਸ਼ਮੇ ਕੀ ਹੀ ਉਮੀਦ ਹੈ। ਯਹ ਕੋਮਾ ਮੇਂ ਹੈਂ, ਜਗ ਜਾਏ ਤੋ ਅਭੀ ਹੀ ਨਹੀਂ ਤੋ ਸ਼ਾਇਦ ਕਭੀ ਨਹੀਂ," ਪ੍ਰੋ: ਚੈਟਰਜੀ ਨੇ ਡਾਕਟਰਾਂ ਦੀ ਰਾਏ ਦੱਸੀ।

"ਇੱਥੇ ਆ ਕੇ ਬੰਦਾ ਪ੍ਰਮਾਤਮਾ ਦੀ ਹੋਂਦ ਤੋਂ ਮੁਨੱਕਰ ਨਹੀਂ ਹੋ ਸਕਦਾ ਅਤੇ ਆਪਣੇ ਸਾਰੇ ਹਥਿਆਰ ਸੁੱਟ ਉਹਦੀ ਰਹਿਮਤ ਦਾ ਇੰਤਜ਼ਾਰ ਕਰਨ ਲਗ ਪੈਂਦਾ ਹੈ।" ਮਾਹੀਪਾਲ ਨੇ ਆਪਣੀ ਧਾਰਮਿਕ ਆਸਥਾ ਦਾ ਇਜ਼ਹਾਰ ਕੀਤਾ।

ਫਿਰ ਪ੍ਰੋ: ਚੈਟਰਜੀ ਉਸ ਨੂੰ ਇੱਕ ਹੋਰ ਕਮਰੇ ਵਿੱਚ ਲੈ ਕੇ ਗਏ। ਉੱਥੇ ਵੀ ਇੱਕ ਖ਼ੂਬਸੂਰਤ ਮਹਿਲਾ ਬਿਲਕੁਲ ਪਹਿਲੇ ਕਮਰੇ ਵਾਲੇ ਮਰੀਜ਼ ਵਰਗੀ ਸਥਿੱਤੀ ਵਿੱਚ ਬੈੱਡ ਤੇ ਪਈ ਸੀ।

"ਇਹ ਦੂਸਰੀ ਸਪੇਸ ਯਾਤਰੀ ਕਨਿਕਾ ਨਾਇਡੋ ਹੈ।" ਉਨ੍ਹਾਂ ਡਾ: ਮਾਹੀਪਾਲ ਨੂੰ ਦੱਸਿਆ।

"ਉਫ਼! ਇਹ ਵੀ," ਡਾ: ਮਾਹੀਪਾਲ ਦੇ ਮੂੰਹੋਂ ਮਸਾਂ ਨਿਕਲਿਆ।

"ਦੋਨੋਂ ਬੜੀ ਕਾਮਯਾਬੀ ਸੇ ਚੰਦਰਮਾ ਕਾ ਸਫ਼ਰ ਪੂਰਾ ਕਰਨ ਉਪਰਾਂਤ ਚੰਦਰਯਾਨ-4 ਮੇਂ ਵਾਪਸ ਆ ਰਹੇ ਥੇ। ਧਰਤੀ ਪਰ ਪਹੁੰਚਨੇ ਸੇ ਚੰਦ ਮਿੰਟ ਪਹਿਲੇ ਉਨਹੋਂ ਦੁਆਰਾ ਭੇਜੇ ਜਾਨੇ ਵਾਲੇ ਸੰਕੇਤ ਲੈਬ ਮੇਂ ਨੋਟ ਕੀਏ ਗਏ। ਅਫ਼ਸੋਸ! ਜਬ ਉਨਹੇਂ ਸਪੇਸ ਸ਼ਟਲ ਸੇ ਬਾਹਰ ਨਿਕਾਲਾ ਗਯਾ ਤੋ ਵੋਹ ਦੋਨੋਂ ਬੇਹੋਸ਼ ਥੇ। ਝਟ ਸੇ ਹੌਸਪੀਟਲ ਮੇਂ ਪੁਚਾਇਆ ਗਯਾ। ਡਾਕਟਰੋਂ ਨੇ ਬਹੁਤ ਯਤਨ ਕੀਏ ਲੇਕਿਨ ਇਨਹੇਂ ਹੋਸ਼ ਮੇਂ ਨਾ ਲਾ ਸਕੇ। ਤਬ ਸੇ ਯਹ ਇਸੀ ਹਾਲਾਤ ਮੇਂ ਹੈ।" ਪ੍ਰੋ: ਚੈਟਰਜੀ ਨੇ ਸਾਰੀ ਕਹਾਣੀ ਬਿਆਨ ਕਰ ਦਿੱਤੀ।

"ਸਰ! ਇਨ੍ਹਾਂ ਦੀ ਇਹ ਸਥਿੱਤੀ ਵੇਖ ਕੇ ਮਨ ਧੁਰ ਅੰਦਰ ਤੱਕ ਹਿਲ ਗਿਆ।" ਡਾ: ਮਾਹੀਪਾਲ ਨੇ ਦੁੱਖ ਦਾ ਇਜ਼ਹਾਰ ਕੀਤਾ।

"ਯੈੱਸ ਯੰਗਮੈਨ, ਮੈਂ ਭੀ ਜਬ ਇਨ ਦੋਨੋਂ ਕੋ ਮੂਰਛਤ ਦੇਖਤਾ ਹੂੰ ਜਾਂ ਕੇਵਲ ਸੋਚਨੇ ਭਰ ਸੇ ਮੇਰੇ ਜ਼ਿਹਨ ਮੇਂ ਕੁਛ ਕੁਲਬੁਲਾਨੇ ਲਗਤਾ ਹੈ। ਯਹੀਂ ਹੈਂ ਦੋ ਵਿਅਕਤੀ ਜੋ ਹਮਾਰੇ ਪ੍ਰਾਜੈਕਟ ਕਾ ਅਧਾਰ ਹੈਂ ਜਿਸ ਕੇ ਬਾਰੇ ਮੇਂ ਹਮ ਕਈ ਮਹੀਨੋਂ ਸੇ ਵਿਚਾਰ ਵਿਮਸ਼ ਕਰਤੇ ਆ ਰਹੇ ਹੈਂ।...... ਹਾਂ, ਯਾਦ ਆਇਆ, ਕੈਸਾ

ਲਗਾ ਯਹਾਂ ਕਾ ਵਾਤਾਵਰਣ? ਔਰ ਰਿਹਾਇਸ਼ ਪਸੰਦ ਆਈ ਤੁਮਹੇਂ?" ਪ੍ਰੋ: ਚੈਟਰਜੀ ਨੇ ਗੱਲ ਦਾ ਰੁਖ਼ ਬਦਲਿਆ।

"ਬਹੁਤ ਬੜੀਆ ਸਰ!....ਜਿਵੇਂ ਤੁਸੀਂ ਨਿਰਦੇਸ਼ ਭੇਜੇ ਸਨ ਉਹਦੇ ਅਨੁਸਾਰ ਮੈਨੂੰ ਸਪੇਸ ਐਪਲੀਕੇਸ਼ਨ ਸੈਂਟਰ ਅਹਿਮਦਾਬਾਦ ਪਹੁੰਚਣ ਦੇ ਹੁਕਮ ਡਾਇਰੈਕਟਰ ਸਾਹਿਬ ਵਲੋਂ ਦਿੱਤੇ ਗਏ। ਮੈਂ ਆਪਣੀ ਰਿਲੀਵਿੰਗ ਰਿਪੋਰਟ ਲੈ ਸੈਂਟਰ ਦੇ ਦਫ਼ਤਰ ਪਹੁੰਚ ਗਿਆ। ਉਨ੍ਹਾਂ ਮੈਨੂੰ ਅਹਿਮਦਾਬਾਦ ਵਿੱਚ ਹੀ ਡਿਵੈਲਪਮੈਂਟ ਐਂਡ ਐਜੂਕੇਸ਼ਨ ਯੂਨਿਟ ਵਿੱਖੇ ਹਾਜ਼ਰ ਹੋਣ ਲਈ ਕਿਹਾ। ਸੋ ਸਰ ਹੁਣ ਮੈਂ ਇਸੇ ਯੂਨਿਟ ਵਿੱਚ ਟੈਲੀਮੈਡੀਸਨ ਵਿਭਾਗ ਵਿੱਚ ਐਸੋਸੀਏਟ ਵਜੋਂ ਜਾਇਨ ਕਰ ਲਿਆ ਹੈ।" ਮਾਹੀਪਾਲ ਨੇ ਇੱਥੇ ਪਹੁੰਚ ਕੇ ਹੁਣ ਤੱਕ ਦੇ ਆਪਣੇ ਸਫ਼ਰ ਦੀ ਜਾਣਕਾਰੀ ਪ੍ਰੋ: ਚੈਟਰਜੀ ਨੂੰ ਦਿੱਤੀ। ਹਾਲਾਂਕਿ ਉਹ ਜਾਣਦਾ ਸੀ ਕਿ ਇਹ ਸਾਰਾ ਕੁੱਝ ਪ੍ਰੋ: ਚੈਟਰਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਹੋਇਆ ਹੈ। ਫਿਰ ਵੀ ਦੱਸਣਾ ਉਸ ਦਾ ਫ਼ਰਜ਼ ਸੀ।

"ਲੈਬ ਮੇਂ ਗਏ, ਕੈਸੀ ਲਗੀ?" ਪ੍ਰੋ: ਚੈਟਰਜੀ ਨੇ ਉਚੇਚਾ ਪ੍ਰਯੋਗਸ਼ਾਲਾ ਬਾਰੇ ਪੁੱਛਿਆ। ਟੈਲੀਮੈਡੀਸਨ ਵਿਭਾਗ ਵਿੱਚ ਇਹ ਖਾਸ ਤੌਰ ਤੇ ਇਸ ਨਵੇਂ ਪ੍ਰਾਜੈਕਟ ਲਈ ਤਿਆਰ ਕਰਵਾਈ ਗਈ ਸੀ ਅਤੇ ਲੋੜੀਂਦਾ ਸਾਮਾਨ ਵੀ ਖਾਸ ਤੌਰ ਤੇ ਬਿਹਤਰ ਤੋਂ ਬਿਹਤਰ ਕੁਆਲਟੀ ਦਾ ਮੰਗਵਾਇਆ ਗਿਆ ਸੀ।

"ਜੀ ਹਾਂ ਸਰ, ਅਜੇ ਤਾਂ ਦੋ ਦਿਨ ਹੀ ਹੋਏ ਨੇ ਆਇਆਂ। ਇੱਕ ਵਾਰ ਗਿਆ ਸੀ ਲੈਬ ਵਿੱਚ। ਜਦੋਂ ਕੰਮ ਸ਼ੁਰੂ ਕਰਾਂਗੇ ਇਕਵਿਪਮੈਂਟ ਬਾਰੇ ਤਾਂ ਫਿਰ ਹੀ ਪਤਾ ਚਲੇਗਾ।"

"ਓ.ਕੇ. ਓ.ਕੇ.! ਜਿਸ ਕਿਸੀ ਭੀ ਸਮਾਨ ਸਮਾਨ ਕੀ ਜ਼ਰੂਰਤ ਹੋ ਬੇਝਿਜਕ ਬਤਾ ਦੇਨਾ। ਇਸ ਪ੍ਰਾਜੈਕਟ ਕੀ ਲੀਏ ਹਰ ਚੀਜ਼ ਤਿਆਰ ਬਰ ਤਿਆਰ ਮਿਲੇਗੀ।" ਉਹ ਖੜੇ ਗੱਲਾਂ ਕਰ ਹੀ ਰਹੇ ਸਨ ਕਿ ਇਕਹਿਰੇ ਸਰੀਰ ਦੇ ਦਰਮਿਆਨੇ ਕੱਦ ਦੀ ਮੁਟਿਆਰ, ਜਿਹਨੇ ਡਾਕਟਰਾਂ ਵਾਲਾ ਕੋਟ ਪਾਇਆ ਹੋਇਆ ਸੀ ਅਤੇ ਗਲ ਵਿੱਚ ਸਟੈਥੋਸਕੋਪ ਲਟਕ ਰਹੀ ਸੀ, ਅੰਦਰ ਦਾਖਲ ਹੋਈ।

"ਹੈਲੋ, ਪ੍ਰੋ: ਚੈਟਰਜੀ!" ਅੰਦਰ ਆਉਣ ਵਾਲੀ ਬੜੀ ਸਾਇਸ਼ਤਗੀ ਨਾਲ ਪ੍ਰੋ: ਚੈਟਰਜੀ ਨੂੰ ਮੁਖ਼ਾਤਬ ਹੋਈ।

"ਹੈਲੋ, ਡਾ: ਸਵਰੀਨਾ! ਇਹ ਨੇ ਡਾ: ਮਾਹੀਪਾਲ ਸਿੰਘ," ਉਨ੍ਹਾਂ ਮਾਹੀਪਾਲ ਦਾ ਤੁਆਰਫ਼ ਕਰਵਾਇਆ। ਦੋਵਾਂ ਨੇ ਇੱਕ ਦੂਜੇ ਨੂੰ 'ਹੈਲੋ' ਕਿਹਾ।

"ਡਾ: ਮਾਹੀਪਾਲ, ਇਹ ਡਾ: ਸਵਰੀਨਾ ਵੀ......" ਅਜੇ ਪ੍ਰੋ: ਚੈਟਰਜੀ ਦੇ ਮੂੰਹੋਂ ਇਹ ਲਫ਼ਜ਼ ਨਿਕਲੇ ਹੀ ਸਨ ਕਿ ਮਾਹੀਪਾਲ ਵਿਚੋਂ ਹੀ ਬੋਲ ਪਿਆ, "ਮੈਡੀਕਲ ਇੰਸਟੀਚਿਊਟ ਤੋਂ ਹੀ ਆਏ ਹਨ।"

"ਇਸ ਕਾ ਮਤਲਬ ਆਪ ਏਕ ਦੂਜੇ ਕੋ ਜਾਨਤੇ ਹੋ," ਪ੍ਰੋ: ਚੈਟਰਜੀ ਨੇ ਹੈਰਾਨੀ ਨਾਲ ਪੁੱਛਿਆ।

"ਐਕਚੁਅਲੀ ਜਾਣਦੇ ਤਾਂ ਨਹੀਂ ਪਰ ਪਛਾਣਦੇ ਜ਼ਰੂਰ ਹਾਂ। ਇਕੋ ਇੰਸਟੀਚਿਊਟ ਵਿੱਚ ਕੰਮ ਕਰਦਿਆਂ ਇੱਕ ਦੋ ਵਾਰ ਆਹਮਣਾ ਸਾਹਮਣਾ ਹੋ ਗਿਆ ਸੀ।" ਡਾ: ਮਾਹੀਪਾਲ ਨੇ ਅੰਦਰੋਂ ਗੁਟਕਦਿਆਂ ਜੁਆਬ ਦਿੱਤਾ। ਉਹ ਖੁਸ਼ ਸੀ ਕਿ ਇਸ ਅਜਨਬੀ ਸ਼ਹਿਰ ਵਿੱਚ ਕੋਈ ਜਾਣਦਾ ਪਛਾਣਦਾ ਚਿਹਰਾ ਤਾਂ ਮਿਲਆ। ਪ੍ਰੰਤੂ ਡਾ: ਸਵਰੀਨਾ ਨੇ ਕੋਈ ਪ੍ਰਤੀਕ੍ਰਿਆ ਜ਼ਾਹਿਰ ਨਹੀਂ ਕੀਤੀ।

"ਵੈੱਲ, ਡਾ: ਮਾਹੀਪਾਲ! ਇਸ ਪ੍ਰਾਜੈਕਟ ਮੇਂ ਡਾ: ਸਵਰੀਨਾ ਆਪਕੇ ਸਾਥ ਕਾਮ ਕਰੇਂਗੀ। ਇਨਹੇਂ ਖਾਸ ਤੌਰ ਪਰ ਇਸ ਵਿਭਾਗ ਮੇਂ ਟ੍ਰਾਂਸਫਰ ਕੀਆ ਗਯਾ ਹੈ। ਅਬ ਯਹ ਦੋਨੋਂ ਮਰੀਜ਼ ਇਨ ਕੀ ਦੇਖ ਰੇਖ ਮੇਂ ਹੋਂਗੇ। ਵੈਸੇ ਜ਼ਰੂਰਤ ਪੜ੍ਹਨੇ ਪਰ ਲੈਬ ਮੇਂ ਆਪ ਕੇ ਸਾਥ ਭੀ ਕਾਮ ਕਰੇਂਗੀ। ਐਸੇ ਕੀਜੀਏ ਆਪ ਦੋਨੋਂ ਆਜ ਹੀ ਪ੍ਰਾਜੈਕਟ ਕੇ ਬਾਰੇ ਮੇਂ ਡਿਸਕਸ ਕਰ ਲੋ ਔਰ ਕਾਮ ਸ਼ੁਰੂ ਕਰ ਦੇਂ। ਅਗਰ ਕਿਸੀ ਕਿਸਮ ਕੀ ਕੋਈ ਇਨਫਰਮੇਸ਼ਨ ਚਾਹੀਏ ਹੋ ਤੋ ਮੇਰੇ ਕੋ ਇਸ ਨੰਬਰ ਪਰ ਕੰਟੈਕਟ ਕਰ ਸਕਤੇ ਹੋ।" ਉਨ੍ਹਾਂ ਨੇ ਆਪਣਾ ਇੱਕ ਇੱਕ ਵਿਜ਼ਟਿੰਗ ਕਾਰਡ ਦੋਵਾਂ ਨੂੰ ਫੜਾਉਂਦਿਆਂ ਆਪਣੀ ਗੱਲ ਪੂਰੀ ਕੀਤੀ। ਤਿੰਨੇ ਜਣੇ ਕਮਰੇ ਵਿਚੋਂ ਬਾਹਰ ਨਿਕਲ ਡਾ: ਚੌਧਰੀ ਦੇ ਆਫਿਸ ਵੱਲ ਤੁਰ ਪਏ।

## (8)

ਇਸ ਗਲਬਾਤ ਤੋਂ ਚੰਦ ਕੁ ਹਫ਼ਤੇ ਬਾਦ ਇੱਕ ਦਿਨ ਡਾ: ਮਾਹੀਪਾਲ ਆਪਣੀ ਪ੍ਰਯੋਗਸ਼ਾਲਾ ਵਿੱਚ ਇੱਕ ਮੋਟੀ ਸਾਰੀ ਕਿਤਾਬ ਪੜ੍ਹਨ ਵਿੱਚ ਮਗਨ ਸੀ। ਉਸ ਨੇ ਪ੍ਰਯੋਗਸ਼ਾਲਾ ਨੂੰ ਕਾਫ਼ੀ ਹੱਦ ਤੱਕ ਆਪਣੀਆਂ ਲੋੜਾਂ ਦੇ ਅਨੁਕੂਲ ਬਣਾ ਲਿਆ ਸੀ ਅਤੇ ਲੋੜੀਂਦਾ ਹੋਰ ਸਮਾਨ ਵੀ ਪੁੱਜਦਾ ਹੋ ਗਿਆ ਸੀ। ਬਸ ਕਹਿਣ ਦੀ ਦੇਰ ਭਰ ਹੁੰਦੀ ਸੀ ਮਹਿੰਗੇ ਤੋਂ ਮਹਿੰਗੇ ਵਿਗਆਨਕ ਯੰਤਰ ਦਿਨਾਂ ਵਿੱਚ ਹੀ ਪਹੁੰਚਾ ਦਿੱਤੇ ਜਾਂਦੇ ਸਨ। ਡਾ: ਮਾਹੀਪਾਲ ਨੇ ਵੀ ਦਿੱਤੇ ਹੋਏ ਪ੍ਰਾਜੈਕਟ ਦੀ ਰੂਪ-ਰੇਖਾ ਲਗਪਗ ਤਿਆਰ ਕਰ ਲਈ ਸੀ ਅਤੇ ਪਹਿਲਾ ਕੰਮ ਡੂੰਘੇ ਅਧਿਐਨ ਦਾ ਉਸ ਸ਼ੁਰੂ ਕਰ ਦਿੱਤਾ ਸੀ।

ਤਦ ਹੀ ਦਰਵਾਜ਼ੇ ਤੇ ਹਲਕੀ ਜਿਹੀ ਦਸਤਕ ਹੋਈ ਅਤੇ ਫਿਰ ਪੋਲੇ ਪੈਰੀਂ ਤੁਰਦੀ ਡਾ: ਸਵਰੀਨਾ ਲੈਬ ਵਿੱਚ ਦਾਖਲ ਹੋਈ। ਡਾ: ਮਾਹੀਪਾਲ ਨੇ ਕਿਤਾਬ ਤੋਂ ਸਿਰ ਚੁੱਕ ਮੁਸਕਰਾ ਕੇ ਆਉਣ ਵਾਲੇ ਨੂੰ ਜੀ ਆਇਆਂ ਆਖਿਆ।

"ਯੂ ਆਰ ਵੈੱਲ ਇਨ ਟਾਈਮ ਡਾ: ਸਵਰੀਨਾ।"

"ਹੈਲੋ, ਡਾ: ਮਾਹੀਪਾਲ! ਇੱਕ ਵਜੇ ਪਹੁੰਚਣਾ ਹੀ ਤਹਿ ਹੋਇਆ ਸੀ ਨਾ। ਮੈਨੂੰ ਲੇਟ ਹੋਣਾ ਪਸੰਦ ਨਹੀਂ। ਕੰਮ ਦਾ ਮਜ਼ਾ ਹੀ ਕਿਰਕਰਾ ਹੋ ਜਾਂਦਾ ਹੈ ਜੇ ਕੋਈ ਦਿੱਤੇ ਸਮੇਂ ਤੇ ਨਾ ਪਹੁੰਚੇ।" ਡਾ: ਸਵਰੀਨਾ ਨੇ ਕੁਰਸੀ ਤੇ ਬਿਰਾਜਮਾਨ ਹੁੰਦੇ ਪੂਰੀ ਤਫ਼ਸੀਲ ਦੇ ਦਿੱਤੀ।

"ਬਜਾ ਫਰਮਾਇਆ ਤੁਸੀਂ ਸਵਰੀਨਾ ਜੀ! ਵੈੱਲ ਬਿਗਨ ਇਜ਼ ਹਾਫ ਡਨ। ਚਲੋ ਆਪਾਂ ਹੁਣ ਆਪਣੇ ਪ੍ਰਾਜੈਕਟ ਦੀ ਗੱਲ ਕਰੀਏ।" ਡਾ: ਮਾਹੀਪਾਲ ਨੇ ਕੰਮ ਦੀ ਗੱਲ ਵੱਲ ਧਿਆਨ ਮੋੜਿਆ।

"ਡਾ: ਮਾਹੀਪਾਲ, ਮੈਂ ਵੀ ਇਨ੍ਹਾਂ ਦਿਨਾਂ ਵਿੱਚ ਇਸ ਬਾਰੇ ਕਾਫ਼ੀ ਪੜ੍ਹਿਆ ਤੇ ਵਿਚਾਰਿਆ ਵੀ ਬੜਾ। ਭਲਾ ਆਪਣਾ ਇਹ ਪ੍ਰਾਜੈਕਟ ਸਿਰੇ ਚੜ੍ਹ ਜਾਵੇਗਾ!" ਉਸ ਦੀ ਪੁੱਛ ਵਿੱਚ ਦੁਚਿੱਤੀ ਸਾਫ਼ ਝਲਕਦੀ ਸੀ।

"ਚੜ੍ਹੇਗਾ, ਨੇਪਰੇ ਕਿਉਂ ਨਹੀਂ ਚੜ੍ਹੇਗਾ ਸਾਡਾ ਇਹ ਪ੍ਰਾਜੈਕਟ? ਕੋਹ ਨਾ ਤੁਰੀ ਬਾਬਾ ਤਿਹਾਈ ਵਾਲੀ ਗੱਲ ਨਾ ਨਾ ਸੋਚੋ ਸਵਰੀਨਾ ਜੀ। ਅਜੇ ਤਾਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਛੋਹੀ ਤੇ ਤੁਸੀਂ ਜਕੋ ਤਕੇ ਵਿੱਚ ਪੈ ਗਏ ਜੇ। ਹੌਂਸਲਾ ਰਖੋ, ਚੜ੍ਹਦੀ ਕਲਾ ਵਿੱਚ ਰਹੋ। ਪ੍ਰਮਾਤਮਾ ਦੀ ਮਿਹਰ ਤੇ ਸਾਡੀ ਮਿਹਨਤ ਸਦਕਾ ਸਾਰੇ ਕੰਮ ਸਿਰੇ ਚੜ੍ਹ ਜਾਣਗੇ। ਮੈਂ ਤਾਂ ਮਨ ਵਿੱਚ ਧਾਰ ਲਿਆ ਭਈ ਲਗਦੀ ਵਾਹ ਪ੍ਰੋ: ਸਾਹਿਬ ਦੇ ਵਿਸ਼ਵਾਸ ਨੂੰ ਠਿੱਬੀ ਨਹੀਂ ਜੇ ਲਗਣ ਦੇਣੀ।" ਡਾ: ਮਾਹੀਪਾਲ ਆਪਣੇ ਉਤਸ਼ਾਹਿਤ ਰੌਂਅ ਵਿੱਚ ਕਈ ਕੁਝ ਕਹਿ ਗਿਆ। ਉਸ ਸਵਰੀਨਾ ਵੱਲ ਝਾਤੀ ਹੀ ਨਾ ਮਾਰੀ ਜਿਹਦਾ ਮੂੰਹ ਹੈਰਾਨੀ ਨਾਲ ਥੋੜ੍ਹਾ ਜਿਹਾ ਅੱਡਿਆ ਗਿਆ ਸੀ।

ਜਦ ਉਹ ਚੁੱਪ ਹੋ ਗਿਆ ਤਾਂ ਉਹ ਧੀਮੀ ਸੁਰ ਵਿੱਚ ਬੋਲੀ, "ਮਾਹੀਪਾਲ ਜੀ, ਪੰਜਾਬੀ ਤਾਂ ਮੈਂ ਚੰਗੀ ਤਰ੍ਹਾਂ ਸਮਝ ਲੈਂਦੀ ਹਾਂ, ਪਰ ਆਹ ਤੁਸੀਂ ਕਿਹੜੀ ਭਾਸ਼ਾ ਬੋਲ ਰਹੇ ਹੋ; ਕੋਹ ਨਾ ਤੁਰੀ ਬਾਬਾ......ਗੋਹੜੇ ਵਿਚੋਂ ਪੂਣੀ......' ਇਹ ਤਾਂ ਮੇਰੀ ਸਮਝ ਤੋਂ ਬਾਹਰ ਏ।"

"ਓਹੋ! ਸਵਰੀਨਾ ਜੀ ਮੁਆਫ਼ ਕਰਨਾ। ਇਹੀ ਤਾਂ ਸਾਡੀ ਅਸਲੀ ਪੰਜਾਬੀ ਹੈ, ਪੰਜਾਬੀ ਮੁਹਾਹਵਰੇ ਤੇ ਅਖਾਣ; ਜਿਹੜੇ ਥੋੜ੍ਹੇ ਸ਼ਬਦਾਂ ਵਿੱਚ ਕਿਨੀ ਸਾਰੀ ਲੰਮੀ ਗੱਲ ਸਮਝਾ ਦੇਂਦੇ ਨੇ। ਲਓ ਸੁਣੋ ਤੇ ਸਮਝੋ: ਕੋਹ ਨਾ ਤੁਰੀ ਬਾਬਾ ਤਿਹਾਈ—ਇਹਦਾ ਸ਼ਬਦੀ ਮਤਲਬ ਏ ਕਿ ਸਫ਼ਰ ਮਸਾਂ ਅਜੇ ਸ਼ੁਰੂ ਹੀ ਕੀਤਾ ਤੇ ਪਿਆਸ ਲਗ ਜਾਣੀ ਭਾਵ ਕੋਈ ਵੀ ਕੰਮ ਸ਼ੁਰੂ ਕਰਦਿਆਂ ਹੀ ਘਬਰਾ ਜਾਣਾ ਤੇ ਦਿਲ ਛੱਡ ਬਹਿਣਾ। ਸਵਰੀਨਾ ਜੀ, ਹਿੰਦੀ ਵਿੱਚ ਵੀ ਤਾਂ ਮੁਹਾਵਰੇ ਤੇ ਲਕੋਕਤੀਆਂ ਹੁੰਦੀਆਂ ਈ ਨੇ ਨਾ।" ਡਾ: ਮਾਹੀਪਾਲ ਨੇ ਗੱਲ ਸਪੱਸ਼ਟ ਕੀਤੀ।

"ਹੁੰਦੀਆਂ ਹੋਣੀਆਂ ਨੇ, ਪਰ ਮੈਨੂੰ ਜ਼ਿਆਦਾ ਪਤਾ ਨਹੀਂ। ਮੈਂ ਹਿੰਦੀ ਵੀ ਗੁਜ਼ਾਰੇ ਜੋਗੀ ਪੜ੍ਹੀ ਏ ਸਕੂਲ ਵਿੱਚ," ਸਵਰੀਨਾ ਨੇ ਸਫ਼ਾਈ ਦੇਣ ਵਾਂਗ ਕਿਹਾ।

"ਗੱਲ ਸਹੀ ਏ, ਭਈ ਤੁਸੀਂ ਹੋਏ ਸ਼ਹਿਰ ਦੇ ਜੰਮ-ਪਲ਼ ਤੇ ਉਹ ਵੀ ਦਿੱਲੀ ਸ਼ਹਿਰ ਦੇ। ਸਾਡੇ ਪੰਜਾਬੀਆਂ ਦੀ ਮੋਟੀ ਠੁੱਲੀ ਪੰਜਾਬੀ ਕਦੋਂ ਸਮਝ ਆਉਂਦੀ ਆ ਇਨ੍ਹਾਂ ਸ਼ਹਿਰੀਆਂ ਨੂੰ!" ਮਾਹੀਪਾਲ ਨੇ ਵਿਅੰਗ ਨਾਲ ਕਿਹਾ।

"ਨਹੀਂ, ਨਹੀਂ ਮਾਹੀਪਾਲ ਜੀ! ਐਸੀ ਗੱਲ ਨਹੀਂ। ਉਂਞ ਤਾਂ ਸਾਡੇ ਘਰ ਵਿੱਚ ਮੇਰੇ ਦਾਦਾ-ਦਾਦੀ ਜੀ ਪੰਜਾਬੀ ਬੋਲਦੇ ਨੇ ਇਸੇ ਕਰਕੇ ਮੈਂ ਵੀ......।" ਉਸ ਗੱਲ ਅਧੂਰੀ ਛੱਡ ਦਿੱਤੀ।

"ਇਹੋ ਤਾਂ ਸਾਡੇ ਪੰਜਾਬੀਆਂ ਦੀ ਖ਼ੂਬੀ ਹੈ ਅਸੀਂ ਜਿੱਥੇ ਜਾਈਏ ਉੱਥੋਂ ਦੇ ਹੋ ਜਾਂਦੇ ਹਾਂ। ਬਜਾਏ ਦੂਜਿਆਂ ਤੋਂ ਆਪਣੀ ਗੱਲ ਮਨਵਾਉਣ ਦੇ ਉਨ੍ਹਾਂ ਦੇ ਰੌਂਅ ਵਿੱਚ ਵਹਿ ਜਾਂਦੇ ਹਾਂ। ਤੇ ਆਪਣੀ ਪੰਜਾਬੀ ਬੋਲੀ ਨਾਲ ਵੀ ਇੰਜ ਦਾ ਵਰਤਾਰਾ ਹੀ ਕਰਦੇ ਹਾਂ। ਸਵਰੀਨਾ ਜੀ! ਗੁੱਸਾ ਨਾ ਮੰਨੋ ਤਾਂ ਇੱਕ ਗੱਲ ਪੁੱਛਾਂ।......ਤੁਹਾਡਾ ਪਰਿਵਾਰ ਪੰਜਾਬ ਦਾ ਹੀ ਰਹਿਣ ਵਾਲਾ ਹੈ ਨਾ," ਆਪਣੇ ਪਿਛੋਕੜ ਨਾਲ ਜੁੜਿਆ ਹੋਣ ਕਰਕੇ ਉਸ ਭਾਵੁਕ ਹੁੰਦੇ ਪੁੱਛਿਆ।

"ਨਹੀਂ ਅਸੀਂ ਹਰਿਆਣੇ ਦੇ ਰਹਿਣ ਵਾਲੇ ਹਾਂ ਹਿਸਾਰ ਜ਼ਿਲੇ ਦੇ। ਮੇਰੇ ਦਾਦਾ ਦਾਦੀ ਜੀ ਤਾਂ ਅਜੇ ਪੰਜਾਬ ਹੀ ਕਹਿੰਦੇ ਨੇ। ਪਰ ਪਾਪਾ ਦੱਸਦੇ ਨੇ ਕਿ ਹੁਣ ਹਰਿਆਣਾ ਵੱਖਰਾ ਰਾਜ ਬਣ ਗਿਆ ਹੈ।"

"ਹਾਂ, ਹਾਂ ਪੰਜਾਬੀਆਂ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਤੇ ਮਾਂ-ਬੋਲੀ ਪੰਜਾਬੀ ਨਾਲ ਧਰੋਹ ਕਮਾਇਆ। ਖ਼ੈਰ! ਇਹ ਰਾਜਸੀ ਬਖੇੜੇ ਨੇ, ਇਨ੍ਹਾਂ ਬਾਰੇ ਗੱਲ ਨਾ ਹੀ ਕਰੀਏ ਤਾਂ ਚੰਗਾ ਹੈ। ਅੱਛਾ, ਕਦੇ ਪਿੰਡ ਗਏ ਓ ਆਪਣੇ?" ਉਸ ਪੁੱਛਿਆ।

"ਕਦੇ ਵੀ ਨਹੀਂ। ਹੁਣ ਉੱਥੇ ਕੋਈ ਰਹਿੰਦਾ ਹੀ ਨਹੀਂ," ਉਸ ਸਪਾਟ ਜੁਆਬ ਦਿੱਤਾ।

"ਪਿੰਡ ਵਿੱਚ ਜਾਓ ਤਾਂ ਪਿੰਡ ਦੀ ਮਹਿਕ ਆਵੇ ਤੁਹਾਡੀ ਬੋਲੀ ਵਿਚੋਂ। ਦਿੱਲੀ ਸ਼ਹਿਰ ਦੀਆਂ ਗਲ਼ੀਆਂ ਤਾਂ ਉਵੇਂ ਕਮਲ਼ਾ ਕਰ ਦਿੰਦੀਆਂ ਬੰਦੇ ਨੂੰ।" ਉਹ ਭਾਵੁਕ ਹੋ ਗਿਆ।

"ਕਦੇ ਲੈ ਚਲਿਓ, ਜ਼ਰੂਰ ਚਲਾਂਗੇ। ਖ਼ਵਰੇ ਸਾਡੀ ਬੋਲੀ ਵਿਚੋਂ ਵੀ ਤੁਹਾਡੇ ਵਰਗੀ ਪਿੰਡ ਦੀ ਮਹਿਕ ਆਉਣ ਲਗ ਪਵੇ!" ਡਾ:

ਸਵਰੀਨਾ ਵੀ ਆਵੇਸ਼ ਵਿੱਚ ਕਹਿ ਗਈ। ਇਹ ਸੁਣ ਮਾਹੀਪਾਲ ਨੇ ਇੱਕਟੱਕ ਉਹਦੇ ਵੱਲ ਵੇਖਿਆ ਤੇ ਹਾਮੀ ਭਰੀ, "ਰੱਬ ਨੇ ਚਾਹਿਆ ਤਾਂ ਜ਼ਰੂਰ ਚਲਾਂਗੇ।......ਖ਼ੈਰ, ਹਾਲ ਦੀ ਘੜੀ ਆਪਾਂ ਆਪਣੇ ਪ੍ਰਾਜੈਕਟ ਨੂੰ ਅੱਗੇ ਵਧਾਉਣ ਦੀ ਗੱਲ ਕਰੀਏ। ਇਸ ਪ੍ਰਾਜੈਕਟ ਬਾਰੇ ਤੁਹਾਡੇ ਮਨ ਵਿੱਚ ਸ਼ੰਕਾ ਜਾਪਦੀ ਏ"

"ਮੈਂ ਸੋਚਦੀ ਹਾਂ ਇਹ ਕੁੱਝ ਨਾਮੁਮਕਿਨ ਜਿਹਾ ਨਹੀਂ ਲਗਦਾ, ਮਨੁੱਖੀ ਕਲੋਨ ਤਿਆਰ ਕਰਨ ਵਾਲੀ ਗੱਲ। ਅਜੇ ਤੱਕ ਕਿਤੇ ਵੀ ਸਾਇੰਟਿਸਟ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੋਏ। ਆਪਾਂ ਕਿਵੇਂ? ਵੈਸੇ ਵੀ ਇਹ ਅਲਾਊਡ ਨਹੀਂ ਹੈ ਕਿ ਮਨੁੱਖੀ ਕਲੋਨ ਬਣਾਉਣ ਦੇ ਤਜਰਬੇ ਕੀਤੇ ਜਾਣ," ਉਸ ਦੁਚਿੱਤੀ ਜਿਹੀ 'ਚ ਕਿਹਾ।

"ਵੇਖੋ, ਕੁੱਝ ਵੀ ਨਾਮੁਮਕਿਨ ਨਹੀਂ ਹੁੰਦਾ। ਨਾਲੇ ਨਾਮੁਮਕਿਨ ਤੋਂ ਹੀ ਤਾਂ ਮੁਮਕਿਨ ਭਾਵ ਸੰਭਵ ਸ਼ੁਰੂ ਹੁੰਦਾ। ਕਲੋਨਿੰਗ ਤੇ ਕੰਮ ਕਰਦਿਆਂ ਨੂੰ ਤਾਂ ਵਿਗਿਆਨੀਆਂ ਨੂੰ ਅੱਧੀ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ। ਟੈਡਪੋਲ ਤੋਂ ਲੈ ਕੇ ਮੱਛੀ ਚੂਹੇ ਬਿੱਲੀ ਘੋੜੇ ਉਠ ਤੇ ਬਾਂਦਰ ਦੇ ਕਲੋਨ ਤਾਂ ਵਿਗਿਆਨੀ ਤਿਆਰ ਕਰਨ ਵਿੱਚ ਸਫ਼ਲ ਹੋ ਹੀ ਚੁੱਕੇ ਹਨ। ਤੁਸੀਂ ਪੜ੍ਹਿਆ ਹੋਣਾ ਅਜੇ ਥੋੜ੍ਹੇ ਹੀ ਸਾਲ ਹੋਏ ਨੇ ਹਰਿਆਣੇ ਵਿੱਚ ਹੀ ਕਰਨਾਲ ਡੇਅਰੀ ਰਿਸਰਚ ਇੰਸਟੀਚਿਊਟ ਵਿੱਚ ਮੱਝ ਦਾ ਕਲੋਨ ਪੈਦਾ ਕੀਤਾ ਆਪਣੇ ਭਾਰਤੀ ਵਿਗਿਆਨੀਆਂ ਨੇ।"

"ਹਾਂ, ਮੈਨੂੰ ਪਤਾ ਫਰਵਰੀ 2009 ਦੀ ਤਾਂ ਗੱਲ ਹੈ। ਪਰ ਉਹ ਜਿਉਂਦਾ ਕਿੰਨਾ ਚਿਰ ਰਿਹਾ? ਸਿਰਫ਼ ਪੰਜ ਦਿਨ। ਕਲੋਨ ਬਣਾਉਣ ਤੇ ਉਹਦੇ ਸਰਵਾਈਵ ਕਰਨ ਵਿੱਚ ਬੜੀ ਦੂਰੀ ਹੈ। ਲੰਮਾ ਸਫ਼ਰ ਹੈ ਇਹ।" ਸਵਰੀਨਾ ਨੇ ਤਰਕ ਦਿੱਤਾ।

"ਸਵਰੀਨਾ ਜੀ, ਤੁਹਾਨੂੰ ਯਾਦ ਨਹੀਂ ਭੇਡ ਦਾ 'ਡੌਲੀ' ਨਾਂ ਦਾ ਕਲੋਨ ਤਿਆਰ ਕੀਤਾ ਸੀ ਵਿਗਿਆਨੀਆਂ ਨੇ 1996 ਵਿੱਚ। ਅੱਠ ਸਾਲ ਉਹ ਭੇਡ ਜਿਉਂਦੀ ਰਹੀ, 2004 ਵਿੱਚ ਮਰੀ। ਸਾਹ ਦੀ ਬਿਮਾਰੀ ਹੋ ਗਈ ਸੀ ਉਸ ਨੂੰ। ਵਿਗਿਆਨੀ ਇਸ ਨੂੰ ਉਸ ਦੀ ਕੁਦਰਤੀ ਮੌਤ ਮੰਨਦੇ ਹਨ, ਕਲੋਨ ਹੋਣ ਕਰਕੇ ਹੋਈ ਮੌਤ ਨਹੀਂ। ਸਕਾਟਲੈਂਡ ਦੇ ਮਿਊਜ਼ੀਅਮ ਵਿੱਚ ਸਟਫ਼ ਕਰਕੇ ਸਾਂਭਿਆ ਹੋਇਆ ਜੇ ਉਸ ਕਲੋਨ ਨੂੰ ਵਿਗਿਆਨੀਆਂ ਦੀ ਇਤਿਹਾਸਕ ਕਾਮਯਾਬੀ ਦੇ ਪ੍ਰਤੀਕ ਵਜੋਂ। ਸਵਰੀਨਾ ਜੀ, ਕਾਮਯਾਬੀਆਂ ਦੀਆਂ ਗੱਲਾਂ ਸੋਚੀਏ, ਅਸਫ਼ਲਤਾਵਾਂ ਦੀਆਂ ਨਹੀਂ। ਤਾਂ ਹੀ ਤਾਂ ਆਪਣਾ ਕੰਮ ਸਿਰੇ ਚੜ੍ਹੂਗਾ।"

"ਪਰ ਗੱਲ ਸੁਣੋ, ਮਈ ਮਹੀਨੇ ਵਿੱਚ 'ਡੌਲੀ' ਕਲੋਨ ਤੋਂ ਬਾਦ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਮਨੁੱਖੀ ਕਲੋਨਿੰਗ ਵੱਲਕਦਮ ਵਧਾਉਣ ਤੇ ਪਾਬੰਦੀ ਲਗਾ ਦਿੱਤੀ ਸੀ। ਫਿਰ ਕਿਵੇਂ......?"

"ਸਵਰੀਨਾ ਜੀ, ਕੇਵਲ ਪੰਜ ਸਾਲ ਲਈ ਪਾਬੰਦੀ ਲਗਾਈ ਸੀ। ਨਾਲੇ ਤੁਹਾਡਾ ਕੀ ਖਿਆਲ ਹੈ ਐਡੀ ਵੱਡੀ ਦੁਨੀਆਂ ਵਿੱਚ ਖੋਜਕਾਰ ਕਿਤੇ ਚੁੱਪ ਕਰ ਕੇ ਬੈਠੇ ਹੋਣੇ ਆ? ਕਿਤੇ ਨਾ ਕਿਤੇ ਤਾਂ ਇਹ ਕਾਰਜ ਚਲ ਰਿਹਾ ਹੋਣਾ। ਜਨਵਰੀ 2003 ਵਿੱਚ ਖ਼ਬਰ ਛਪੀ ਸੀ ਕਿ ਇੱਕ ਜੋੜੇ ਨੇ ਐਕਸੀਡੈਂਟ ਵਿੱਚ ਮਾਰੇ ਗਏ ਆਪਣੇ ਪੁੱਤਰ ਦਾ ਕਲੋਨ ਬਣਾਉਣ ਦੀ ਬੇਨਤੀ ਕੀਤੀ ਸੀ ਵਿਗਿਆਨੀਆਂ ਨੂੰ! ਆਸਟ੍ਰੇਲੀਆ ਵਿੱਚ ਵਿਗਿਆਨੀ ਮਨੁੱਖੀ ਸੈੱਲ ਨੂੰ ਸੂਰ ਦੇ ਆਂਡੇ ਵਿੱਚ ਟ੍ਰਾਂਸਫ਼ਰ ਕਰਕੇ ਕਲੋਨ ਬਣਾਉਣ ਦੇ ਤਜਰਬੇ ਕਰ ਰਹੇ ਸਨ। ਵੇਖੋ ਜੀ, ਇਸ ਵਿਸ਼ੇ ਤੇ ਕੰਮ ਤਾਂ ਚਲ ਰਿਹਾ ਹੈ ਜਿਸ ਦਿਨ ਪੂਰਾ ਹੋ ਕੇ ਸਾਹਮਣੇ ਆਇਆ ਇੱਕ ਧਮਾਕਾ ਹੋ ਜਾਣਾ। ਇਹ ਧਮਾਕਾ ਪਹਿਲਾਂ ਕੌਣ ਕਰਦਾ? ਗੱਲ ਅਸਲ ਵਿੱਚ ਇਹ ਹੈ," ਡਾ: ਮਾਹੀਪਾਲ ਨੇ ਆਪਣਾ ਨਜ਼ਰੀਆਂ ਸਪਸ਼ੱਟ ਕੀਤਾ। ਸਵਰੀਨਾ ਉਸ ਦੇ ਭਖ਼ਦੇ ਚਿਹਰੇ ਵੱਲ ਵੇਖ ਰਹੀ ਸੀ।

"ਉਂਜ ਜੇ ਬੇਔਲਾਦ ਜੋੜਿਆਂ ਨੂੰ ਉਨ੍ਹਾਂ ਵਰਗਾ ਗੋਭਲਾ ਜਿਹਾ ਬੱਚਾ ਵਿਗਿਆਨੀ ਤਿਆਰ ਕਰਕੇ ਦੇ ਦੇਣ ਤਾਂ ਕੀ ਮਾੜਾ? ਨਹੀਂ ਤਾਂ ਰੱਬ ਨੂੰ ਉਲਾਮ੍ਹੇਂ ਦੇਂਦਿਆਂ ਸਾਰੀ ਉਮਰ ਬਿਤਾ ਦੇਂਦੇ ਨੇ ਅਜਿਹੇ ਜੋੜੇ। ਕੁੱਝ ਲਾਇਲਾਜ ਰੋਗਾਂ ਦੇ ਇਲਾਜ ਲਈ ਵੀ ਜੇ ਸੈੱਲਾਂ ਦੀ ਕਲੋਨਿੰਗ ਕਰਕੇ ਬਿਮਾਰੀ ਨੂੰ ਦੂਰ ਕੀਤਾ ਜਾ ਸਕਦਾ ਹੋਵੇ ਤਾਂ ਗੱਲ ਮਾੜੀ ਨਹੀਂ। ਹਰ ਖੋਜ ਦੇ ਦੋ ਪਹਿਲੂ ਹੁੰਦੇ ਨੇ, ਮਾੜਾ ਵੀ ਤੇ ਚੰਗਾ ਵੀ। ਮੇਰੀ ਜਾਚੇ ਤਾਂ ਚੰਗਾ ਪੱਖ ਵਿਚਾਰਨਾ ਚਾਹੀਦਾ ਤੇ ਚਲਣਾ ਵੀ ਉਸੇ ਤੇ ਹੀ ਚਾਹੀਦਾ।" ਡਾ: ਮਾਹੀਪਾਲ ਨੇ ਆਪਣਾ ਨਜ਼ਰੀਆ ਬਿਆਨ ਕੀਤਾ।

"ਹਾਂ, ਮਨੁੱਖਤਾ ਦੇ ਭਲੇ ਲਈ ਕੀਤੀ ਗਈ ਕੋਈ ਵੀ ਖੋਜ ਗਲਤ ਨਹੀਂ ਹੁੰਦੀ। ਨਾਲੇ ਵਿਗਿਆਨੀਆਂ ਨੇ ਤਾਂ ਖੋਜ ਕਾਰਜ ਕਰਦੇ ਹੀ ਰਹਿਣਾ ਹੁੰਦਾ, ਰਾਜਨੀਤੀ ਤਾਂ ਪੋਲੀਟੀਕਲ ਨੇਤਾਵਾਂ ਨੇ ਕਰਨੀ ਹੁੰਦੀ ਹੈ।" ਸਵਰੀਨਾ ਨੇ ਗੱਲ ਮੁਕਾਈ ਤੇ ਗੱਲ ਦਾ ਰੁਖ਼ ਬਦਲਿਆ, "ਹਾਂ, ਭਲਾ ਆਪਣਾ ਕੰਮ ਕਿਥੋਂ ਤੱਕ ਪਹੁੰਚਿਆ? ਕੀ ਕਿਹਾ ਸੀ ਤੁਸੀਂ 'ਗੋਹੜੇ ਵਿਚੋਂ ਪੂਣੀ ਛੋਹੀ ਕਿ ਨਹੀਂ ਅਜੇ।" ਸਵਰੀਨਾ ਨੇ ਰਤਾ ਕੁ ਮਜ਼ਾਕ ਨਾਲ ਕਿਹਾ।

"ਵਾਹ ਭਈ ਵਾਹ! ਇਥੋਂ ਪਤਾ ਲਗਦਾ ਤੇਜ਼ ਦਿਮਾਗੀ ਦਾ, ਝੱਟ ਕੈਚ ਕਰ ਲਿਆ ਪੰਜਾਬੀ ਦਾ ਮੁਹਾਵਰਾ ਡਾ: ਸਵਰੀਨਾ ਜੀ ਨੇ," ਡਾ: ਮਾਹੀਪਾਲ ਨੇ ਦਾਦ੍ਹ ਦਿੱਤੀ ਤੇ ਆਪਣੇ ਕੰਮ ਬਾਰੇ ਗੱਲ ਸ਼ੁਰੂ ਕੀਤੀ, "ਜਿਥੋਂ ਤੱਕ ਇਸ ਵਿਸ਼ੇ ਦੇ ਅਧਿਐਨ ਦਾ ਸੁਆਲ ਹੈ ਕਾਫ਼ੀ ਵਿਗਿਆਨਕ ਖੋਜਾਂ ਦਾ ਅਧਿਐਨ ਮੈਂ ਪਿਛਲੇ ਕੁੱਝ ਹਫਤਿਆਂ ਵਿੱਚ ਕੀਤਾ ਹੈ। ਬਾਕੀ ਸਵਰੀਨਾ ਜੀ! ਕੰਮ ਜਦੋਂ ਸ਼ੁਰੂ ਕਰੀਏ ਫਿਰ ਈ ਰੁਕਾਵਟਾਂ ਦਾ ਪਤਾ ਚਲਦਾ ਅਤੇ ਉਨ੍ਹਾਂ ਉਲਝਣਾਂ ਨੂੰ ਦੂਰ ਕਰਨ ਦਾ ਢੰਗ ਤਰੀਕਾ ਵੀ ਫਿਰ ਹੀ

ਲੱਭਦਾ। ਮਹੀਨੇ ਖੰਡ ਤਾਈਂ ਆਪਾਂ ਇਸ ਤੇ ਪ੍ਰੈਕਟੀਕਲੀ ਕੰਮ ਸ਼ੁਰੂ ਕਰ ਦੇਵਾਂਗੇ। ਤੁਸੀਂ ਆਪਣਾ ਕੰਮ ਬਾਖ਼ੂਬੀ ਸਮਝਦੇ ਹੋ ਤੇ ਮੈਨੂੰ ਵੀ ਸੈਲਾਂ ਦੇ ਨਿਊਕਲੀਅਸ ਤੇ ਕੰਮ ਕਰਨ ਦੀ ਮੁਹਾਰਤ ਤਾਂ ਹੈ ਹੀ। ਜਦੋਂ ਆਪਾਂ ਤੁਰ ਪਏ ਫਿਰ ਆਪਾਂ ਪਾਂਧਾ ਨਹੀਂ ਪੁੱਛਣਾ।" ਉਸ ਬੜੇ ਵਿਸ਼ਵਾਸ ਨਾਲ ਕਿਹਾ ਅਤੇ ਉਹ ਕਿੰਨ੍ਹਾ ਚਿਰ ਇਸ ਪ੍ਰਜੈਕਟ ਤੇ ਵਿਚਾਰ ਵਟਾਂਦਰਾ ਕਰਦੇ ਰਹੇ।

"ਓ. ਕੇ. ਡਾ: ਮਾਹੀਪਾਲ, ਤੁਸੀਂ ਮੈਨੂੰ ਲੋੜੀਂਦੀ ਜਾਣਕਾਰੀ ਦੇਂਦੇ ਰਹਿਣਾ। ਜਦੋਂ ਲੋੜ ਹੋਵੇਗੀ ਮੈਂ ਹਾਜ਼ਰ ਹੋ ਜਾਵਾਂਗੀ। ਮੈਨੂੰ ਵੀ ਹੁਣ ਇਸ ਪ੍ਰਜੈਕਟ ਨਾਲ ਲਗਾਅ ਹੋ ਗਿਆ ਹੈ। ਉਨ੍ਹਾਂ ਦੋ ਬੇਵੱਸ ਵਿਅਕਤੀਆਂ ਨੂੰ ਕੋਮਾ ਵਿੱਚ ਪਏ ਵੇਖ ਮਨ ਭਰ ਆਉਂਦਾ।" ਡਾ: ਸਵਰੀਨਾ ਭਾਵੁਕ ਹੋ ਗਈ ਸੀ।

"ਭਾਵੁਕ ਹੋਇਆਂ ਗੁਜ਼ਾਰਾ ਨਹੀਂ ਹੋਣਾ ਸਵਰੀਨਾ ਜੀ! ਕੁੱਝ ਸਾਰਥਕ ਕਰਨ ਦਾ ਮਨ ਬਣਾ ਲਿਆ ਤਾਂ ਪ੍ਰਮਾਤਮਾ ਜ਼ਰੂਰ ਭਲੀ ਕਰੂ। ਜੇ ਗੁੱਸਾ ਨਾ ਕਰੋ ਤਾਂ ਗੁਸਤਾਖ਼ੀ ਕਰਾਂ ਕੁੱਝ ਕਹਿਣ ਦੀ?" ਡਾ: ਮਾਹੀਪਾਲ ਪੰਘਰਿਆ ਬੈਠਾ ਸੀ

"ਹਾਂ ਦੱਸੋ! ਕੀ ਗੱਲ ਏ?" ਸਵਰੀਨਾ ਨੇ ਪੁੱਛਿਆ।

"ਅੱਜ ਆਪਾਂ ਇਕੱਠੇ ਡਿਨਰ ਕਰਦੇ ਆਂ," ਡਾ: ਮਾਹੀਪਾਲ ਨੇ ਸਲਾਹ ਨਹੀਂ ਬਲਕਿ ਸੱਦਾ ਦਿੱਤਾ।

ਕੁੱਝ ਚਿਰ ਅਟਕ ਕੇ ਡਾ: ਸਵਰੀਨਾ ਦਾ ਜੁਆਬ ਸੀ, "ਜਿਵੇਂ ਤੁਹਾਡੀ ਮਰਜ਼ੀ। ਕਿੱਥੇ ਚਲਣਾ ਡਿਨਰ ਲਈ? ਮੈੱਸ ਵਿੱਚ ਕਿ ਜਾਂ......।"

"ਨਹੀਂ ਬਾਹਰ ਚਲਦੇ ਆਂ। ਮੈੱਸ ਦਾ ਖਾਣਾ ਖਾ ਖਾ ਮੂੰਹ ਬੇਸੁਆਦਾ ਹੋਇਆ ਪਿਆ। ਜ਼ਰਾ ਕਿਸੇ ਰੈਸਟੋਰੈਂਟ ਵਿੱਚ ਜਾ ਕੇ ਮੂੰਹ ਦਾ ਸੁਆਦ ਬਦਲਦੇ ਹਾਂ," ਡਾ: ਮਾਹੀਪਾਲ ਚਹਿਕ ਕੇ ਬੋਲਿਆ। ਤੇ ਥੋੜ੍ਹੀ ਦੇਰ ਬਾਦ ਉਹ ਦੋਵੇਂ ਡਿਨਰ ਕਰਨ ਲਈ ਜਾ ਰਹੇ ਸਨ। ਸ਼ਾਮ ਢੱਲ ਚੁੱਕੀ ਸੀ। ਖਾਣੇ ਦਾ ਸਮਾਂ ਵੀ ਹੋ ਚੁੱਕਾ ਸੀ ਅਤੇ ਭੁੱਖ ਨਾਲ ਪੇਟ ਵਿੱਚ ਚੂਹੇ ਦੌੜ ਰਹੇ ਸਨ। **ਚੱਲਦਾ...**

ਗੁਰਚਰਨ ਕੌਰ ਥਿੰਦ ਲੇਖਕ, ਸੋਸ਼ਲ ਐਕਟਵਿਸਟ ਅਤੇ ਰਿਟਾਇਰਡ ਅਧਿਆਪਕ ਹੈ। ਉਸਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਿਹ, ਚਾਰ ਨਾਵਲ (ਦੋ ਸਾਇੰਸ ਫਿਕਸ਼ਨ) ਦੋ ਲੇਖ-ਸੰਗ੍ਰਿਹ ਅਤੇ ਇੱਕ ਸਫ਼ਰਨਾਮਾ ਛੱਪ ਚੁੱਕਾ ਹੈ। ਇੱਕ ਹਿੰਦੀ ਵਿੱਚ




ਅਨੁਵਾਦਤ ਕਹਾਣੀ ਸੰਗ੍ਰਿਹ ਅਤੇ ਇੱਕ ਨਾਵਲ ਅੰਗਰੇਜ਼ੀ ਵਿੱਚ ਛਪਿਆ ਹੈ। ਉਹ ਪਿੰਡ ਚੁਹਾਨ, ਜ਼ਿਲਾ ਅੰਮ੍ਰਿਤਸਰ ਤੋਂ ਹਨ ਤੇ ਅੱਜ-ਕੱਲ ਕੈਲਗਰੀ, ਕੈਨੇਡਾ ਵਿੱਚ ਰਹਿੰਦੇ ਹਨ।

# ਅਮਨ ਦੇ ਬੱਦਲ

## ਅਮਨਦੀਪ ਸਿੰਘ

ਜਦੋਂ ਸਾਰੇ ਫ਼ੌਜੀ ਆਪਣੇ ਘਰ ਵਾਪਿਸ ਆਉਣਗੇ
ਉਦੋਂ ਸੰਸਾਰ 'ਤੇ ਅਮਨ ਦੇ ਬੱਦਲ ਛਾਉਣਗੇ !
ਇਹ ਜੋ ਜੰਗ ਦਾ ਤੂਫ਼ਾਨ ਹੈ ਆ ਰਿਹਾ -
ਮਾਨਵਤਾ ਨੂੰ ਅੰਦਰੋਂ ਅੰਦਰ ਖਾ ਰਿਹਾ !
ਯੁੱਧ ਜੋ ਤਬਾਹੀ ਤੇ ਮੌਤ ਲਿਆਉਂਦਾ ਹੈ
ਤੁਸੀਂ ਉਸਦਾ ਵਿਓਪਾਰ ਕਿਓਂ ਕਰਦੇ ਹੋ?
ਇਸ ਧਰਤੀ ਦੇ ਮਾਸੂਮ ਲੋਕਾਂ 'ਤੇ -
ਇਹ ਅਤਿਆਚਾਰ ਕਿਓਂ ਕਰਦੇ ਹੋ?
ਪਰਮਾਣੂ ਹਥਿਆਰ, ਮਿਜ਼ਾਈਲਾਂ,
ਬਾਰੂਦ ਦੇ ਦਹਿਕਦੇ ਹੋਏ ਗੋਲੇ ...
ਅਤੇ ਹੁਣ ਇਹ ਖ਼ੂਨੀ ਡਰੋਨ
ਇਹਨਾਂ ਅਗਨ ਹਥਿਆਰਾਂ ਦਾ
ਭਖਦਾ ਹੋਇਆ ਪ੍ਰਚਾਰ ਕਿਓਂ ਕਰਦੇ ਹੋ?
ਬੱਚਿਆਂ ਦੇ ਨਾਲ ਜਦੋਂ ਮਾਵਾਂ ਵੀ
ਡਰਕੇ ਲੁਕ ਜਾਂਦੀਆਂ ਨੇ -
ਉਹਨਾਂ ਵਿਸਫੋਟਕ ਅਵਾਜ਼ਾਂ ਦਾ
ਡਰਾਉਣਾ ਸੰਚਾਰ ਕਿਓਂ ਕਰਦੇ ਹੋ?
ਇਹ ਕਦੋਂ ਫਿਰ ਸਦਾ ਲਈ ਖਤਮ ਹੋਏਗਾ ?
ਕਦੋਂ ਨਿੰਮ੍ਹੀ ਫੁਹਾਰ ਦਾ ਮੌਸਮ ਹੋਏਗਾ ?
ਕਦੋਂ ਮਾਵਾਂ ਦੀਆਂ ਅੱਖਾਂ 'ਚ ਹੰਝੂ ਨਾ ਹੋਣਗੇ ?
ਕਦੋਂ ਫਿਰ ਬੱਚੇ ਡਰ ਕੇ ਗਲੇ ਲੱਗ ਨਾ ਰੋਣਗੇ?




ਰੇਡੀਓ ਟਰਾਂਸਮੀਟਰ ਨੂੰ ਠੀਕ ਕਰਨਾ ਬਹੁਤ ਜ਼ਰੂਰੀ ਸੀ। ਪਰ ਉਸਦੇ ਲਈ ਉਹਨਾਂ ਨੂੰ ਬਾਹਰ ਜਾਣਾ ਪੈਣਾ ਸੀ, ਜੋ ਕਿ ਖਤਰੇ ਤੋਂ ਖਾਲੀ ਨਹੀਂ ਸੀ। ਸਭ ਤੋਂ ਪਹਿਲਾਂ ਉਹਨਾਂ ਨੇ ਕੰਪਿਊਟਰ ਦੀ ਮਦਦ ਨਾਲ਼ ਮੁੱਖ ਟਰਾਂਸਮੀਟਰ ਦੇ ਵਿੱਚ ਆਈ ਖਰਾਬੀ ਦਾ ਜਾਇਜ਼ਾ ਲਿਆ। ਸੂਰਜੀ ਤਰੰਗਾਂ ਦੇ ਨਾਲ਼ ਉਸਦੇ ਅੰਦਰ ਲੱਗੇ ਸੰਵੇਦਨਸ਼ੀਲ ਕੈਪਿਸਟਰ ਖਰਾਬ ਹੋ ਗਏ ਸਨ। ਜੋ ਕਿ ਬਾਹਰ ਜਾ ਕੇ ਹੀ ਬਦਲੇ ਜਾ ਸਕਦੇ ਸਨ। ਕੰਪਿਊਟਰ ਸਿਮੂਲੇਸ਼ਨ ਨਾਲ਼ ਉਹਨਾਂ ਨੇ ਬਦਲਣ ਦੀ ਸਾਰੀ ਯੋਜਨਾ ਨੂੰ ਚੈੱਕ ਕਰ ਲਿਆ। ਇਸ ਤੋਂ ਪਹਿਲਾਂ ਯੂਰੀ ਤੇ ਨੀਲ ਬਾਹਰ ਅੰਤਰਿਕਸ਼ ਦੀ ਸੈਰ (Spacewalk) ਕਰਕੇ ਉਸਨੂੰ ਬਦਲਣ ਲਈ ਜਾਣ, ਉਹਨਾਂ ਨੇ ਰੋਬੋਟ ਬਾਂਹ ਭੇਜ ਕੇ ਉਹਨਾਂ ਨੂੰ ਠੀਕ ਕਰਨ ਦੀ ਕੋਸ਼ਿਸ ਕੀਤੀ।

ਕੰਪਿਊਟਰ ਦੀ ਮਦਦ ਨਾਲ਼ ਉਹਨਾਂ ਨੇ ਰੋਬੋਟ ਬਾਂਹ ਨੂੰ ਚੰਗੀ ਤਰ੍ਹਾਂ ਸੈੱਟ ਕਰ ਲਿਆ ਤੇ ਪ੍ਰੋਗਰਾਮ ਕਰ ਦਿੱਤਾ। ਯੂਰੀ ਤੇ ਨੀਲ ਨੇ ਰੋਬੋਟ ਬਾਂਹ ਯਾਨ ਦੇ ਪਿਛਲੇ ਕੋਨੇ ਜਿੱਧਰ ਟਰਾਂਸਮੀਟਰ ਲੱਗਿਆ ਹੋਇਆ ਸੀ, ਬਾਹਰ ਭੇਜ ਦਿੱਤੀ। ਅਸਲ ਵਿੱਚ ਰੋਬੋਟ

ਬਾਂਹ ਇੱਕ ਮਿਨੀ ਰਾਕਟ ਹੀ ਸੀ, ਜੋ ਕਿ ਅੰਤਰਿਕਸ਼ ਵਿੱਚ ਇਧਰ-ਉੱਧਰ ਘੁੰਮ ਸਕਦਾ ਸੀ। ਹਾਲਾਂਕਿ ਰੋਬੋਟ ਨੂੰ ਕੰਪਿਊਟਰ ਹੀ ਕੰਟਰੋਲ ਕਰ ਰਿਹਾ ਸੀ, ਪਰ ਫੇਰ ਵੀ ਯੂਰੀ ਤੇ ਨੀਲ ਵੀ ਉਸ 'ਤੇ ਨਿਗ੍ਹਾ ਰੱਖ ਰਹੇ ਸਨ।

ਗਰਰ.. ਰ.. ਰ ਕਰਦੀ ਰੋਬੋਟ ਬਾਂਹ ਬਾਹਰ ਉਡਣ ਲੱਗੀ ਤੇ ਠੀਕ ਉਸੇ ਜਗ੍ਹਾ ਤੇ ਪਹੁੰਚ ਗਈ, ਜਿੱਥੇ ਟਰਾਂਸਮੀਟਰ ਸੀ।

'ਚਲੋ, ਵਧੀਆ ਹੋਇਆ ਕਿ ਰੋਬੋਟ ਬਾਂਹ ਠੀਕ ਠਾਕ ਉੱਥੇ ਪਹੁੰਚ ਗਈ ਹੈ। '

'ਹਾਂ, ਬੱਸ ਹੁਣ ਕੈਪਿਸਟਰ ਨੂੰ ਕੱਢ ਕੇ ਬਦਲਨਾ ਹੀ ਬਾਕੀ ਰਹਿ ਗਿਆ ਹੈ।'

ਰੋਬੋਟ ਬਾਂਹ ਸੱਚਮੁੱਚ ਉਸ ਜਗ੍ਹਾ 'ਤੇ ਜਾ ਕੇ ਸਥਿਰ ਹੋ ਗਈ ਤੇ ਉਸਨੇ ਟਰਾਂਸਮੀਟਰ ਨੂੰ ਖੋਲ੍ਹ ਕੇ ਖਰਾਬ ਕੈਪਿਸਟਰ ਨੂੰ ਬਾਹਰ ਕੱਢ ਲਿਆ। ਪਰ ਰੋਬੋਟ ਬਾਂਹ ਜਦੋਂ ਨਵੇਂ ਕੈਪਿਸਟਰ ਨੂੰ ਪਾਉਣ ਲੱਗੀ ਤਾਂ ਉਹ ਫਿੱਟ ਨਹੀਂ ਬੈਠਿਆ ਤੇ ਉਸਦੇ ਕੋਲੋਂ ਅੰਤਰਿਕਸ਼ ਦੇ ਖਲਾਅ ਵਿੱਚ ਡਿਗ ਪਿਆ।

'ਓ ਹੋ! ਇਹ ਤਾਂ ਕੰਮ ਖਰਾਬ ਹੋ ਗਿਆ ਹੈ।' ਨੀਲ ਨੇ ਕਿਹਾ।

'ਹਾਂ, ਹੁਣ ਸਾਨੂੰ ਰੋਬੋਟ ਬਾਂਹ ਨੂੰ ਕੰਮ ਬਿਨਾ ਖਤਮ ਕੀਤੇ ਹੀ ਅੰਦਰ ਬੁਲਾਉਣਾ ਪੈਣਾ ਹੈ।' ਯੂਰੀ ਨੇ ਕਿਹਾ, ਤੇ ਕੰਪਿਊਟਰ ਨੂੰ ਆਦੇਸ਼ ਦੇ ਦਿੱਤਾ।

ਰੋਬੋਟ ਬਾਂਹ ਹੁਣ ਅੰਦਰ ਆ ਚੁੱਕੀ ਸੀ।

ਉਹਨਾਂ ਨੇ ਕੈਪਟਨ ਰੌਬਰਟ ਸਿੰਘ ਨਾਲ਼ ਮੀਟਿੰਗ ਕੀਤੀ ਤੇ ਅੰਤਰਿਕਸ਼ ਦੀ ਸੈਰ ਕਰਕੇ ਕੈਪਿਸਟਰ ਨੂੰ ਠੀਕ ਕਰਨ ਦਾ ਫ਼ੈਸਲਾ ਕੀਤਾ। ਅੰਤਰਿਕਸ਼ ਦੀ ਸੈਰ (Spacewalk) ਜਾਂ ਈ. ਵੀ. ਏ. (EVA - Extra Vehicular Activity) ਕੋਈ ਅਸਾਨ ਕੰਮ ਨਹੀਂ ਸੀ - ਕਾਫ਼ੀ ਜ਼ੋਖ਼ਿਮ ਭਰਿਆ ਸੀ। ਜਿਸਦੇ ਲਈ ਕਾਫ਼ੀ ਤਿਆਰੀ ਕਰਨੀ ਪੈਂਦੀ ਸੀ। ਪਰ ਅੰਤਰਿਕਸ਼ ਦੀ ਸੈਰ ਕਿਸੇ ਵੀ ਅੰਤਰਿਕਸ਼ ਯਾਨ ਦੇ ਵਿੱਚ ਸਫ਼ਰ ਦਾ ਇੱਕ ਮਹਤਵਪੂਰਣ ਹਿੱਸਾ ਹੁੰਦੀ ਹੈ। ਯਾਨ ਦੀ ਰੁਟੀਨ ਸਾਂਭ-ਸੰਭਾਲ ਕਰਨ ਲਈ ਜਾਂ ਫੇਰ ਐਮਰਜੰਸੀ ਮੁਰੰਮਤ ਕਰਨ ਲਈ ਅੰਤਰਿਕਸ਼ ਦੀ ਸੈਰ ਜ਼ਰੂਰੀ ਸੀ, ਤੇ ਜਿਸਦੇ ਲਈ ਅਕਸਰ ਹੀ ਦੋ ਅੰਤਰਿਕਸ਼ ਯਾਤਰੀਆਂ ਦੀ ਲੋੜ ਹੁੰਦੀ ਸੀ। ਇਸ ਕਰਕੇ ਯੂਰੀ ਤੇ ਨੀਲ ਦੋਵੇਂ ਅੰਤਰਿਕਸ਼ ਦੀ ਸੈਰ ਕਰਨ ਲਈ ਤਿਆਰੀ 'ਤੇ ਲੱਗ ਪਏ। ਦੋਵਾਂ ਨੇ ਅੰਤਰਿਕਸ਼ ਦੀ ਸੈਰ ਕਰਨ ਲਈ ਕਾਫ਼ੀ ਟ੍ਰੇਨਿੰਗ ਲਈ ਹੋਈ ਸੀ ਤੇ ਕਈ ਵਾਰ ਅਸਲ ਵਿੱਚ ਅਨੁਭਵ ਵੀ ਕੀਤਾ ਸੀ।

ਕੈਪਟਨ ਰੌਬਰਟ ਸਿੰਘ ਤੇ ਰੀਨਾ ਦੋਵਾਂ ਨੇ ਉਹਨਾਂ ਨੂੰ ਅੰਦਰੋਂ ਮਦਦ ਤੇ ਸੇਧ ਦੇਣੀ ਸੀ। ਜੋ ਕੰਮ ਪ੍ਰਿਥਵੀ ਤੇ ਗਰਾਉਂਡ ਟੀਮ ਕਰਦੀ ਹੈ ਉਹ ਹੁਣ ਉਹਨਾਂ ਨੂੰ ਆਪ ਹੀ ਕਰਨਾ ਪੈਣਾ ਸੀ। ਜਲਦੀ ਹੀ ਉਹਨਾਂ ਨੇ ਟਰਾਂਸਮੀਟਰ ਦੀ ਪੂਰੀ ਮੁਰੰਮਤ ਕਰਨ ਦੀ ਰੂਪ ਰੇਖਾ ਤਿਆਰ ਕਰ ਲਈ ਸੀ। ਇਸ ਤਰ੍ਹਾਂ ਉਹਨਾਂ ਨੂੰ ਪੂਰੀ ਤਿਆਰੀ ਕਰਦਿਆਂ ਦੋ ਦਿਨ ਬੀਤ ਗਏ। ਉਹਨਾਂ ਨੇ ਆਪਣੇ ਅੰਤਰਿਕਸ਼ ਸੂਟ, ਜੀਵਨ ਅਧਾਰ ਸਿਸਟਮ ਤੇ ਔਜ਼ਾਰ ਤਿਆਰ ਕਰ ਲਏ ਸਨ।

ਅੰਤਰਿਕਸ਼ ਦੀ ਸੈਰ ਵਾਲ਼ੇ ਦਿਨ ਉਹਨਾਂ ਨੇ ਜਲਦੀ ਉੱਠ ਕੇ ਆਪਣਾ 150 ਕਿੱਲੋ ਤੋਂ ਵੀ ਭਾਰਾ ਅੰਤਰਿਕਸ਼ ਸੂਟ ਪਹਿਨਣਾ ਸ਼ੁਰੂ ਕਰ ਦਿੱਤਾ।

'ਇਹ ਅੰਤਰਿਕਸ਼ ਸੂਟ ਨਹੀਂ ਸਗੋਂ ਇੱਕ ਮਿਨੀ ਰੌਕੇਟ ਹੈ।' ਨੀਲ ਬੋਲਿਆ।

'ਹਾਂ, ਇਹਨਾਂ ਦੀ ਆਪਣੀ ਬਿਜਲੀ, ਆਕਸੀਜਨ ਤੇ ਤਾਪਮਾਨ ਕੰਟਰੋਲ ਵੀ ਹੈ। ਤਾਂ ਹੀ ਇਹ ਇੰਨੇ ਭਾਰੀ ਹਨ।'

'ਚਲੋ ਹੁਣ ਇਸਨੂੰ ਪੂਰੀ ਤਰ੍ਹਾਂ ਹਵਾ ਰਹਿਤ ਕਰ ਦੇਈਏ ਤਾਂ ਜੋ ਅੰਤਰਿਕਸ਼ ਸੂਟ ਵਿੱਚ ਸਿਰਫ਼ ਖ਼ਾਲਸ ਆਕਸੀਜਨ ਦਾ ਹੀ ਪ੍ਰਵਾਹ ਹੋਵੇ, ਜੋ ਕਿ ਬਹੁਤ ਜ਼ਰੂਰੀ ਹੈ। ਤੁਸੀਂ ਜਾਣਦੇ ਹੀ ਹੋ ਕਿ ਤੁਹਾਨੂੰ ਆਪਣੇ ਸਰੀਰ ਅੰਦਰ ਨਾਈਟ੍ਰੋਜਨ ਨਹੀਂ ਰਹਿਣ ਦੇਣੀ ਕਿਓਂਕਿ ਜਦੋ ਤੁਸੀਂ ਅੰਤਰਿਕਸ਼ ਦੀ ਸੈਰ ਕਰੋਂਗੇ ਤਾਂ ਜੇ ਤੁਹਾਡੇ ਸਰੀਰ ਅੰਦਰ ਨਾਈਟ੍ਰੋਜਨ ਹੋਈ ਤਾਂ ਤੁਹਾਡੇ ਸਰੀਰ ਅੰਦਰ ਗੈਸ ਦੇ ਬੁਲਬੁਲੇ ਬਣ ਸਕਦੇ ਹਨ ਜੋ ਕਿ ਮੋਢਿਆਂ, ਗੋਡਿਆਂ, ਕੂਹਣੀਆਂ, ਕਲਾਈਆਂ ਆਦਿ ਵਿੱਚ ਬਹੁਤ ਦਰਦ ਕਰਦੇ ਹਨ!' ਡਾ: ਰੀਨਾ ਨੇ ਉਹਨਾਂ ਨੂੰ ਦੱਸਿਆ।

'ਧੰਨਵਾਦ ਡਾ: ਰੀਨਾ, ਹਾਂ, ਅਸਲੀ ਆਕਸੀਜਨ ਵਿੱਚ ਸਾਹ ਲੈਣ ਦਾ ਮਜ਼ਾ ਹੀ ਅਲੱਗ ਹੈ!' ਨੀਲ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ।

ਹੁਣ ਉਹ ਯਾਨ ਤੋਂ ਬਾਹਰ ਜਾਣ ਲਈ ਤਿਆਰ ਸਨ। ਉਹ ਏਅਰਲੌਕ (Airlock) ਵਿੱਚ ਪਹੁੰਚ ਗਏ ਜੋ ਕਿ ਯਾਨ ਦਾ ਇੱਕ ਖ਼ਾਸ ਹਿੱਸਾ ਸੀ ਤੇ ਜਿਸਦੇ ਦੋ ਦਰਵਾਜ਼ੇ ਸਨ - ਜਦੋਂ ਉਹ ਅਜੇ ਯਾਨ ਦੇ ਅੰਦਰ ਹੀ ਸਨ ਤਾਂ ਉਹ ਪਹਿਲਾ ਦਰਵਾਜ਼ਾ ਲੰਘ ਕੇ ਉਸਨੂੰ ਆਪਣੇ ਪਿੱਛੇ ਬੰਦ ਕਰ ਗਏ ਤਾਂ ਜੋ ਜਦੋਂ ਉਹ ਦੂਜੇ ਦਰਵਾਜ਼ੇ ਰਾਹੀਂ ਬਾਹਰ ਅੰਤਰਿਕਸ਼ ਵਿੱਚ ਜਾਣ ਤਾਂ ਅੰਤਰਿਕਸ਼ ਦੇ ਬਾਹਰਲੇ ਕਣ ਯਾਨ ਦੇ ਅੰਦਰ ਨਾ ਆ ਜਾਣ।

'ਗੁੱਡ ਲੱਕ!' ਇੰਨਾ ਕਹਿ ਕੇ ਰੀਨਾ ਨੇ ਪਹਿਲਾ ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰ ਲਿਆ।

'ਧੰਨਵਾਦ!' ਉਹਨਾਂ ਦੋਵਾਂ ਨੇ ਜਵਾਬ ਦਿੱਤਾ।

ਹੁਣ ਉਹਨਾਂ ਨੇ ਦੂਜਾ ਦਰਵਾਜ਼ਾ ਖੋਲ੍ਹਿਆ ਤੇ ਬਾਹਰ ਨੂੰ ਨਜ਼ਰ ਫੇਰੀ। ਗਹਿਨ ਅੰਤਰਿਕਸ਼ ਸਿਆਹ ਤੇ ਚੁੱਪ ਸੀ, ਹਰ ਪਾਸੇ ਸਿਤਾਰੇ ਹੀ ਸਿਤਾਰੇ ਨਜ਼ਰ ਆ ਰਹੇ ਸਨ। ਕਿਤੇ ਕਿਤੇ ਪਲਾਜ਼ਮਾ ਦੀ ਲਲਿਮਾ ਨਜ਼ਰ ਆ ਰਹੀ ਸੀ। ਬਹੁਤ ਹੀ ਖੂਬਸੂਰਤ ਤੇ ਵਿਸਮਕਾਰੀ ਨਜ਼ਾਰਾ ਸੀ। ਇੱਕ ਪਲ ਲਈ ਤਾਂ ਉਹਨਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ!

'ਕਿੰਨਾ ਅਦਭੁਤ ਨਜ਼ਾਰਾ ਹੈ। ਸਾਡੇ ਤੇ ਬਾਕੀ ਦੇ ਬ੍ਰਹਿਮੰਡ ਦੇ ਵਿਚਕਾਰ ਸਿਰਫ਼ ਸਾਡੇ ਹੈਲਮਟ ਦਾ ਪਾਰਦਰਸ਼ੀ ਸ਼ੀਸ਼ਾ ਹੀ ਹੈ!' ਯੂਰੀ ਨੇ ਆਪਣਾ ਵਿਚਾਰ ਪ੍ਰਗਟ ਕੀਤਾ।

'ਹਾਂ, ਬਿਲਕੁਲ ਅਲੌਕਿਕ ਨਜ਼ਾਰਾ। ਜਿਵੇਂ ਅਸੀਂ ਰੱਬ ਦੀ ਗੋਦ ਵਿੱਚ ਹੋਈਏ!' ਨੀਲ ਬੋਲਿਆ।

ਉਹਨਾਂ ਨੇ ਇੱਕ ਦੂਜੇ ਨੂੰ ਯਾਨ ਦੇ ਬਾਹਰ ਬਣੀਆਂ ਕੁੰਡੀਆਂ ਵਿੱਚ ਚੰਗੀ ਤਰ੍ਹਾਂ ਲੌਕ ਕਰ ਲਿਆ ਤੇ ਪਹਿਲਾਂ ਉਸਦਾ ਏਅਰਲੌਕ ਦੇ ਅੰਦਰ ਹੀ ਨਿਰੀਖਣ ਵੀ ਕੀਤਾ ਤਾਂ ਜੋ ਕੋਈ ਦੁਰਘਟਨਾ ਨਾਂ ਘਟੇ ਤੇ ਉਹ ਅੰਤਰਿਕਸ਼ ਵਿੱਚ ਨਾਂ ਡਿਗ ਪੈਣ। ਜੋ ਕਿ ਮਾਰੂ ਸਾਬਤ ਹੋਏਗਾ ਕਿਓਂਕਿ ਯਾਨ ਵੀ ਬਹੁਤ ਤੇਜ਼ ਚੱਲ ਰਿਹਾ ਸੀ। ਹਾਲਾਂਕਿ ਉਹਨਾਂ ਨੇ 'ਕਲਪਨਾ' ਦੀ ਸਪੀਡ ਬਹੁਤ ਘੱਟ ਕਰ ਲਈ ਸੀ। ਹੁਣ ਉਹ ਪ੍ਰਕਾਸ਼ ਤੋਂ ਅੱਧੀ ਗਤੀ ਤੇ ਨਹੀਂ ਸੀ ਚੱਲ ਰਿਹਾ।

'ਅਸੀਂ ਸੁਰੱਖਿਆ ਪੱਟੀ ਬੰਨ੍ਹ ਲਈ ਹੈ।'

'ਠੀਕ ਹੈ।' ਰੀਨਾ ਤੇ ਰੌਬਰਟ ਦੋਵਾਂ ਨੇ ਜਵਾਬ ਦਿੱਤਾ।

ਉਹਨਾਂ ਨੇ ਸ਼ੁੱਧ ਆਕਸੀਜਨ ਦਾ ਠੰਢਾ ਸਾਹ ਲੈ ਕੇ ਤੇ ਆਪਣੀ ਆਪਣੀ ਅਰਦਾਸ ਕਰ ਕੇ ਆਪਣੇ ਸੂਟ ਦਾ ਜੈੱਟ ਇੰਜਣ ਚਲਾ ਦਿੱਤਾ ਤੇ ਬਾਹਰ ਨੂੰ ਉਡ ਗਏ। ਸੁਰੱਖਿਆ ਪੱਟੀ ਉਹਨਾਂ ਦੇ ਨਾਲ਼ ਨਾਲ਼ ਜਾ ਰਹੀ ਸੀ। ਉਹ ਦੋਵੇਂ ਖਰਾਬ ਟਰਾਂਸਮੀਟਰ ਵੱਲ ਜਾ ਰਹੇ ਸਨ। ਇੱਕ-ਦੋ ਮਿੰਟਾਂ ਵਿੱਚ ਹੀ ਉਹ ਦੋਵੇਂ ਟਰਾਂਸਮੀਟਰ ਦੇ ਕੋਲ਼ ਪਹੁੰਚ ਗਏ।

ਰੀਨਾ ਉਹਨਾਂ ਦੀ ਚਾਲ ਨੂੰ ਕੰਟਰੋਲ ਕਰਦੀ ਕੋਰੀਓਗ੍ਰਾਫੀ ਪੂਰੇ ਯੋਜਨਾਬੰਦ ਤਰੀਕੇ ਨਾਲ਼ ਚਲਾ ਰਹੀ ਸੀ ਤੇ ਪਹਿਲਾਂ ਤੋਂ ਹੀ ਮਿੱਥੀ ਹੋਈ ਰੂਪਰੇਖਾ ਦਾ ਪੂਰੀ ਤਰ੍ਹਾਂ ਪਾਲਣ ਕਰ ਰਹੀ ਸੀ।

'ਯੂਰੀ ਹੁਣ ਤੂੰ ਆਪਣੇ ਆਪ ਨੂੰ ਟਰਾਂਸਮੀਟਰ ਦੇ ਕੋਲ਼ ਪੁਜ਼ੀਸ਼ਨ ਕਰ ਲੈ ਤੇ ਨੀਲ ਤੂੰ ਨਵਾਂ ਕੈਪਿਸਟਰ ਕੱਢ ਕੇ ਫੜਾ ਦੇਵੀਂ।' ਰੀਨਾ ਨੇ ਉਹਨਾਂ ਨੂੰ ਹਿਦਾਇਤ ਦਿੱਤੀ।

'ਠੀਕ ਹੈ।' ਦੋਵਾਂ ਨੇ ਕਿਹਾ।

ਨੀਲ ਨੇ ਕੈਪਿਸਟਰ ਯੂਰੀ ਨੂੰ ਫੜਾ ਦਿੱਤਾ ਜੋ ਕਿ ਪਹਿਲਾ ਹੀ ਰੋਬੋਟ ਬਾਂਹ ਦੁਆਰਾ ਖੋਲ੍ਹੇ ਹੋਏ ਹਿੱਸੇ ਦੇ ਵਿੱਚ ਫਿੱਟ ਕਰਨ ਵਿੱਚ ਮਸਰੂਫ਼ ਹੋ ਗਿਆ।

ਨੀਲ ਉਸਨੂੰ ਦੇਖ ਰਿਹਾ ਸੀ ਪਰ ਉਸ ਨੂੰ ਆਪਣਾ ਆਪ ਅਜੀਬ ਜਿਹਾ ਲੱਗ ਰਿਹਾ ਸੀ ਤੇ ਸਾਹ ਲੈਣ 'ਚ ਤਕਲੀਫ਼ ਹੋਣ ਲੱਗੀ।

ਯੂਰੀ ਨੇ ਕੈਪਿਸਟਰ ਫਿੱਟ ਕਰ ਦਿੱਤਾ ਤੇ

'ਰੀਨਾ ਟਰਾਂਸਮੀਟਰ ਚਾਲੂ ਕਰ ਦਿਓ।'

'ਠੀਕ ਹੈ।' ਰੀਨਾ ਨੇ ਟਰਾਂਸਮੀਟਰ ਚਾਲੂ ਕਰਦਿਆਂ ਕਿਹਾ।

'ਕੀ ਉਹ ਸਹੀ ਕੰਮ ਕਰ ਰਿਹਾ ਹੈ?'

'ਹਾਂ, ਲੱਗ ਤਾਂ ਰਿਹਾ ਹੈ। ਮੈਂ ਮੁੱਖ ਕੰਪਿਊਟਰ ਨੀ ਚੈੱਕ ਕਰਨ ਲਈ ਆਦੇਸ਼ ਦੇ ਦਿੱਤਾ ਹੈ। ਜਦ ਤੱਕ ਤੁਸੀਂ ਅੰਦਰ ਆਉਣ ਦੀ ਤਿਆਰੀ ਕਰੋ। ਨੀਲ ਨੂੰ ਵੀ ਕਹੋ। ਨੀਲ ਬੋਲ ਨਹੀਂ ਰਿਹਾ।'

'ਨੀਲ। ...' ਯੂਰੀ ਨੇ ਨੀਲ ਨੂੰ ਬੁਲਾਇਆ।

ਪਰ ਨੀਲ ਨੇ ਕੋਈ ਜਵਾਬ ਨਹੀਂ ਦਿੱਤਾ।

'ਨੀਲ, ਜਵਾਬ ਨਹੀਂ ਦੇ ਰਿਹਾ। ਸ਼ਾਇਦ ਬੇਹੋਸ਼ ਹੋ ਗਿਆ ਹੈ। ਓਹੋ ਇਸਦਾ ਆਕਸੀਜਨ ਲੈਵਲ ਤਾਂ ਬਹੁਤ ਘੱਟ ਹੈ। ਜਲਦੀ ਨਾਲ਼ ਮੈਂ ਇਸਨੂੰ ਅੰਦਰ ਲੈ ਕੇ ਆ ਰਿਹਾ ਹਾਂ। ਤੁਸੀਂ ਏਅਰਲੌਕ ਕੋਲ਼ ਪਹੁੰਚੋ।'

ਯੂਰੀ ਨੀਲ ਨੂੰ ਫਟਾ ਫਟ ਖਿੱਚ ਕੇ ਅੰਦਰ ਲੈ ਗਿਆ। ਏਅਰਲੌਕ ਦਾ ਦਰਵਾਜ਼ਾ ਬੰਦ ਕਰਕੇ ਉਹ ਅੰਦਰਲੇ ਪਾਸੇ ਪਹੁੰਚਿਆ ਜਿੱਥੇ ਰੌਬਰਟ ਨੇ ਰੀਨਾ ਉਹਨਾਂ ਦਾ ਇੰਤਜ਼ਾਰ ਕਰ ਰਹੇ ਸਨ।

ਰੀਨਾ ਨੇ ਜਲਦੀ ਨਾਲ਼ ਉਸਨੂੰ ਆਕਸੀਜਨ ਦਿੱਤੀ ਤੇ ਉਸਦੇ ਦਿਲ ਨੂੰ ਦਬਾਇਆ।

ਥੋੜ੍ਹੇ ਚਿਰ ਬਾਅਦ ਹੀ ਨੀਲ ਨੂੰ ਹੋਸ਼ ਆ ਗਿਆ। ਉਹ ਉਸਨੂੰ ਯਾਨ ਦੇ ਅੰਦਰ ਲੈ ਆਏ ਤੇ ਮੈਡੀਕਲ ਕਮਰੇ ਵਿੱਚ ਲਿਟਾ ਦਿੱਤਾ।

'ਲਗਦਾ ਹੈ ਇਸਦੇ ਅੰਤਰਿਕਸ਼ ਸੂਟ ਦਾ ਵਾਲਵ ਚੰਗੀ ਤਰ੍ਹਾਂ ਬੰਦ ਨਹੀਂ ਹੋਇਆ ਤੇ ਕਾਫ਼ੀ ਸਾਰੀ ਆਕਸੀਜਨ ਲੀਕ ਹੋ ਗਈ।' ਰੀਨਾ ਨੇ ਕਿਹਾ।

'ਚਲੋ ਚੰਗਾ ਹੈ ਨੀਲ ਠੀਕ ਤਾਂ ਹੈ। ਸਾਨੂੰ ਅੱਗੇ ਤੋਂ ਧਿਆਨ ਰੱਖਣਾ ਚਾਹੀਦਾ ਹੈ।' ਰੌਬਰਟ ਨੇ ਕਿਹਾ।

UDAAN PUNJABI SF MAGAZINE

'ਧੰਨਵਾਦ। ਮੈਂ ਹੁਣ ਠੀਕ ਹਾਂ।' ਨੀਲ ਨੇ ਯੂਰੀ ਤੇ ਰੀਨਾ ਦਾ ਧੰਨਵਾਦ ਕਰਦਿਆਂ ਕਿਹਾ - 'ਕੀ ਟਰਾਂਸਮੀਟਰ ਠੀਕ ਹੋ ਗਿਆ?'

'ਹਾਂ, ਬਹੁਤ ਵਧੀਆ ਟੀਮਵਰਕ!' ਯੂਰੀ ਨੇ ਉਸਦੇ ਮੋਢੇ ਨੂੰ ਥਪਾਉਂਦਿਆਂ ਕਿਹਾ।

ਉਹ ਸਭ ਖ਼ੁਸ਼ ਸਨ ਕਿ ਇੱਕ ਅਣਸੁਖਾਵੀਂ ਦੁਰਘਟਨਾ ਤੋਂ ਬਚਾ ਹੋ ਗਿਆ!

## ਗਹਿਨ ਅੰਤਰਿਕਸ਼

ਟਰਾਂਸਮੀਟਰ ਦੇ ਠੀਕ ਹੋਣ ਤੋਂ ਬਾਅਦ 'ਕਲਪਨਾ' ਫਿਰ ਤੋਂ ਪ੍ਰਕਾਸ਼ ਦੀ ਅੱਧੀ ਗਤੀ ਤੇ ਉਡਣ ਲੱਗਿਆ। ਫਿਰ ਤੋਂ ਅੰਤਰਿਕਸ਼ ਦਾ ਜ਼ਿੱਦੀ ਖਾਲੀਪਨ ਉਹਨਾਂ ਦੇ ਸਾਹਮਣੇ ਸੀ। ਉਹ 'ਕਲਪਨਾ' ਦੀ ਬਾਲਕੋਨੀ ਵਿੱਚ ਬੈਠੇ ਚਾਹ ਪੀ ਰਹੇ ਸਨ।

'ਪਿਛਲੇ ਕੁੱਝ ਦਿਨ ਪਤਾ ਹੀ ਨਹੀਂ ਕਿੰਝ ਬੀਤ ਗਏ। ਇਸ ਤਰ੍ਹਾਂ ਦੀ ਕੁੱਝ ਨਾ ਕੁੱਝ ਚੱਲਦੇ ਰਹਿਣਾ ਚਾਹੀਦਾ ਹੈ।' ਨੀਲ ਨੇ ਕਿਹਾ।

'ਹਾਂ, ਪਰ ਸਾਨੂੰ ਹੁਣ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ।' ਕੈਪਟਨ ਰੌਬਰਟ ਸਿੰਘ ਨੇ ਕਿਹਾ।

'ਜ਼ਰੂਰ ਕੈਪਟਨ, ਖ਼ਾਸ ਤੌਰ 'ਤੇ ਮੈਨੂੰ ਆਪਣੇ ਅੰਤਰਿਕਸ਼ ਸੂਟ ਦਾ ਵਾਲਵ ਚੰਗੀ ਤਰ੍ਹਾਂ ਚੈੱਕ ਕਰ ਲੈਣਾ ਚਾਹੀਦਾ ਹੈ। ਜਾਂ ਫਿਰ ਸ਼ੁੱਧ ਆਕਸੀਜਨ ਦੇ ਪ੍ਰਵਾਹ ਨੂੰ ਚੰਗੀ ਤਰ੍ਹਾਂ ਪਛਾਨਣਾ ਦੀ ਹੋਰ ਜਾਂਚ ਸਿੱਖਣੀ ਚਾਹੀਦੀ ਹੈ।' ਨੀਲ ਜੋ ਅਜੇ ਵੀ ਆਪਣੇ ਅੰਤਰਿਕਸ਼ ਦੀ ਸੈਰ ਦੌਰਾਨ ਬੇਹੋਸ਼ੀ ਦੀ ਘਟਨਾ ਨੂੰ ਨਹੀਂ ਸੀ ਭੁੱਲਿਆ।

'ਨਹੀਂ, ਮੇਰਾ ਮਤਲਬ ਤੈਨੂੰ ਉਹ ਗੱਲ ਯਾਦ ਦਿਲਾਉਣ ਤੋਂ ਨਹੀਂ ਸੀ। ਉਹ ਤਾਂ ਅਸੀਂ ਸਭ ਹੁਣ ਦੋ ਤਿੰਨ ਨਹੀਂ ਚਾਰ ਪੰਜ ਵਾਰ ਚੈੱਕ ਕਰਾਂਗੇ ਤੇ ਪੂਰੀ ਅੰਤਰਿਕਸ਼ ਦੀ ਸੈਰ ਜਾਂ ਕਿਸੇ ਹੋਰ ਅਜਿਹੇ ਕੰਮ ਦੌਰਾਨ ਲਗਾਤਾਰ ਚੈੱਕ ਕਰਦੇ ਰਹਾਂਗੇ। ਕਿਉਂਕਿ ਅੱਗੇ ਤਾਂ ਪਤਾ ਨਹੀਂ ਕਿਹੋ ਜਿਹੇ ਖਤਰੇ ਆਉਣੇ ਨੇ। ਪਰ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਚਾਰੇ ਪਾਸੇ ਸਾਨੂੰ ਹੋਰ ਰੋਬੋਟ ਤੇ ਕੰਪਿਊਟਰ ਨਿਗ੍ਹਾ ਰੱਖਣ ਲਈ ਲਗਾ ਦੇਣੇ ਚਾਹੀਦੇ ਹਨ। ਤਾਂ ਜੋ ਆਉਣ ਵਾਲ਼ੇ ਖਤਰੇ ਦਾ ਪਹਿਲਾਂ ਹੀ ਪਤਾ ਲੱਗ ਜਾਵੇ।'

'ਬਿਲਕੁਲ ਸਹੀ।' ਅਕੀਓ ਨੇ ਕਿਹਾ - 'ਮੈਂ ਤੇ ਨੀਲ ਕੰਪਿਊਟਰ ਤੇ ਰੋਬੋਟ ਤਿਆਰ ਕਰਦੇ ਹਾਂ।'

ਵੈਸੇ ਤਾਂ 'ਕਲਪਨਾ' ਦੀ ਸੁਰੱਖਿਆ ਲਈ ਸਭ ਪਾਸੇ ਕੈਮਰੇ ਲੱਗੇ ਹੋਏ ਸੀ ਤੇ ਮੁੱਖ ਕੰਪਿਊਟਰ ਉਹਨਾਂ 'ਤੇ ਨਿਗ੍ਹਾ ਰੱਖ ਰਿਹਾ ਸੀ। ਅਕੀਓ ਵੀ ਉਹਨਾਂ ਨੂੰ ਲਗਾਤਾਰ ਚੈੱਕ ਕਰਦਾ ਰਹਿੰਦਾ ਸੀ। ਪਰ ਫੇਰ ਵੀ ਹਰ ਇੱਕ ਸਿਸਟਮ ਦੇ ਵਿੱਚ ਕੋਈ ਨਾ ਕੋਈ ਕਮੀ ਹੁੰਦੀ ਹੈ ਤੇ ਨਵੇਂ ਤਜਰਬਿਆਂ ਨਾਲ਼ ਤੇ ਉਹਨਾਂ ਨੂੰ ਮਿਲ਼ੀ ਜਾਣਕਾਰੀ ਨਾਲ਼ ਉਹਨਾਂ ਦਾ ਸੁਧਾਰ ਕਰਨਾ ਹੀ ਵਿਗਿਆਨਕ ਤਰੀਕਾ ਹੈ। ਇਹ ਤਰੀਕਾ ਹੀ ਕੈਪਟਨ ਰੌਬਰਟ ਸਿੰਘ ਵੀ ਵਰਤ ਰਿਹਾ ਸੀ। ਉਸਨੇ ਯਾਨ ਦੀਆਂ ਸਾਰੀਆਂ ਥਾਵਾਂ ਚੈੱਕ ਕਰਕੇ ਇੱਕ ਸੂਚੀ ਬਣਾ ਕੇ ਨੀਲ ਤੇ ਅਕੀਓ ਨੂੰ ਦੇ ਦਿੱਤੀ ਤੇ ਉਹਨਾਂ ਨੂੰ ਉੱਥੇ ਹੋਰ ਕੰਪਿਊਟਰ ਤੇ ਰੋਬੋਟ ਲਗਾਉਣ ਲਈ ਨਿਰਦੇਸ਼ ਦੇ ਦਿੱਤੇ। ਅਗਲੇ ਕੁੱਝ ਹਫ਼ਤੇ ਨੀਲ ਤੇ ਅਕੀਓ ਉਸ ਵਿੱਚ ਕਾਫ਼ੀ ਮਸਰੂਫ਼ ਹੋ ਗਏ।

'ਕੈਪਟਨ, ਅਸੀਂ ਸਾਰੇ ਰੋਬੋਟ ਤੇ ਕੰਪਿਊਟਰ ਜਗ੍ਹਾ ਜਗ੍ਹਾ ਲਗਾ ਦਿੱਤੇ ਹਨ, ਤੁਸੀਂ ਚੈੱਕ ਕਰ ਲਓ।'

'ਠੀਕ ਹੈ, ਤੁਹਾਡਾ ਬਹੁਤ ਧੰਨਵਾਦ।'

ਕੈਪਟਨ ਰੌਬਰਟ ਸਿੰਘ ਨੇ ਆਪ ਸਾਰੇ ਕੰਪਿਊਟਰ ਤੇ ਰੋਬੋਟ ਜੋ ਨੀਲ ਤੇ ਅਕੀਓ ਨੇ ਆਸਪਾਸ ਦਾ ਸਰਵੇਖਣ ਕਰਨ ਲਈ ਲਗਾਏ ਸਨ ਖੁਦ ਚੈੱਕ ਕਰੇ ਜਦੋਂ ਤੱਕ ਉਸਦੀ ਤਸੱਲੀ ਨਾ ਹੋਈ। ਉਹ ਅਚਨਚੇਤ ਪਲਾਜ਼ਮਾ ਚਮਕਾਂ ਤੋਂ 'ਕਲਪਨਾ' ਨੂੰ ਕੋਈ ਹੋਰ ਸੰਗੀਨ ਨੁਕਸਾਨ ਨਹੀਂ ਹੋਣ ਦੇਣਾ ਚਾਹੁੰਦਾ ਸੀ।

'ਮੈਨੂੰ ਉਮੀਦ ਹੈ ਕਿ ਇਹ ਲੰਮੇ ਸਫ਼ਰ ਵਿੱਚ ਕਾਫ਼ੀ ਫਾਇਦੇਮੰਦ ਸਾਬਿਤ ਹੋਣਗੇ।' ਉਸਨੇ ਆਪਣੇ ਆਪ ਨਾਲ਼ ਹੀ ਗੱਲਬਾਤ ਕੀਤੀ।

ਇਸ ਤਰ੍ਹਾਂ ਇੱਕ ਮਹੀਨਾ ਬੀਤ ਗਿਆ ਤੇ ਉਹਨਾਂ ਨੂੰ ਪਤਾ ਹੀ ਨਹੀਂ ਚੱਲਿਆ। ਉਹਨਾਂ ਨੇ ਇਹ ਗੱਲ ਨੋਟ ਕੀਤੀ ਕਿ ਸਮਾਂ ਲੰਘਾਉਣ ਦਾ ਸਭ ਤੋਂ ਉੱਤਮ ਤਰੀਕਾ ਵਿਅਸਤ ਰਹਿਣਾ ਹੈ। ਉਹਨਾਂ ਦੀ ਰੋਜ਼ਾਨਾ ਦੀ ਡਿਊਟੀ ਨਾਲ਼ ਨਾਲ਼ ਉਹਨਾਂ ਨੇ ਸਮਾਂ ਕੱਟਣ ਲਈ ਆਪਣੇ ਆਪਣੇ ਸ਼ੌਕ ਪਾਲਣੇ ਸ਼ੁਰੂ ਕਰ ਦਿੱਤੇ।

ਨੀਲ ਨੂੰ ਖਗੋਲ ਵਿਗਿਆਨ ਦਾ ਬਹੁਤ ਸ਼ੌਕ ਸੀ, ਇਸ ਲਈ ਉਸ ਲਈ ਬਹੁਤ ਹੀ ਵਧੀਆ ਮੌਕਾ ਸੀ ਕਿ ਉਹ ਇੰਨੇ ਡੂੰਘੇ ਅੰਤਰਿਕਸ਼ ਵਿੱਚ ਸੀ, ਜਿੱਥੇ ਸਿਤਾਰੇ ਪ੍ਰਿਥਵੀ ਤੋਂ ਅੱਲਗ ਹੀ ਦਿਖਦੇ ਸਨ। ਉਹ 'ਕਲਪਨਾ' ਦੀ ਸ਼ਕਤੀਸ਼ਾਲੀ ਦੂਰਬੀਨ ਨਾਲ਼ ਆਸਪਾਸ ਦੇ ਅੰਤਰਿਕਸ਼ ਦੀ ਜਾਣਕਾਰੀ ਇਕੱਠੀ ਕਰ ਰਿਹਾ ਸੀ ਤੇ ਆਪਣੇ ਅੱਗੇ ਦੇ ਰਸਤੇ 'ਤੇ ਵੀ ਨਜ਼ਰ ਰੱਖ ਰਿਹਾ ਸੀ।

ਅਕੀਓ ਕਿਉਂਕਿ ਯਾਨ ਦਾ ਚਾਲਕ ਵੀ ਸੀ ਇਸ ਕਰਕੇ ਉਹ ਬਹੁਤ ਵਿਅਸਤ ਸੀ। ਉਸ ਕੋਲ਼ ਬਹੁਤ ਸਮਾਂ ਨਹੀਂ ਸੀ ਹੁੰਦਾ ਪਰ ਕੈਪਟਨ ਰੌਬਰਟ ਸਿੰਘ ਨੇ ਹਰ ਇੱਕ ਨੂੰ ਹਫ਼ਤੇ ਵਿੱਚ ਇੱਕ

ਦਿਨ ਜ਼ਰੂਰ ਛੁੱਟੀ ਦੇਣ ਦਾ ਐਲਾਨ ਕੀਤਾ ਹੋਇਆ ਸੀ, ਇਸ ਕਰਕੇ ਉਹ ਜ਼ਿਆਦਾਤਰ ਵੀਡੀਓ ਖੇਡਾਂ ਹੀ ਖੇਡਦਾ ਸੀ। ਪਰ ਉਹ ਅਜਿਹੀਆਂ ਵੀਡੀਓ ਖੇਡਾਂ ਖੇਡਦਾ ਸੀ ਜਿਸ ਵਿੱਚ ਸਰੀਰਕ ਕਸਰਤ ਵੀ ਹੁੰਦੀ ਸੀ।

ਯੂਰੀ ਨੂੰ ਪਹੇਲੀਆਂ ਨੂੰ ਹੱਲ ਕਰਨਾ ਬੜਾ ਚੰਗਾ ਲਗਦਾ ਸੀ। ਉਹ ਗਣਿਤ  ਦੇ ਵਿੱਚ ਬਹੁਤ ਹੁਸ਼ਿਆਰ ਸੀ, ਪਰ ਉਹ ਅੰਗਰੇਜ਼ੀ ਦੇ ਕਰਾਸ-ਵਰਡ, ਸਪੈਲਿੰਗ ਤੇ ਹੋਰ ਪਹੇਲੀਆਂ ਪਸੰਦ ਕਰਦਾ ਸੀ, ਜਿਸ ਨਾਲ਼ ਉਹ ਆਪਣੀ ਅੰਗਰੇਜ਼ੀ ਵੀ ਹੋਰ ਪੱਕੀ ਕਰਦਾ ਸੀ।

ਰੀਨਾ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ, ਉਹ ਆਪਣੀ ਇਲੈਕਟ੍ਰੋਨਿਕ ਕਿਤਾਬ ਵਾਚਕ (Ebook Reader) ਵਿੱਚ ਦਸ ਹਜ਼ਾਰ ਤੋਂ ਵੀ ਵੱਧ ਕਿਤਾਬਾਂ ਲੈ ਕੇ ਆਈ ਹੋਈ ਸੀ। 'ਕਲਪਨਾ' ਦੀ ਆਪਣੀ ਵੀ ਇੱਕ ਲਾਇਬ੍ਰੇਰੀ ਸੀ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਕਿਤਾਬਾਂ ਤੇ ਮੈਨੁਅਲ (Manual) ਸਨ।

ਕੈਪਟਨ ਰੌਬਰਟ ਸਿੰਘ ਨੂੰ ਗੋਲਫ਼ ਖੇਡਣ ਦਾ ਤੇ ਹੋਰ ਖੇਡਾਂ ਖੇਡਣ ਦਾ ਸ਼ੌਂਕ ਸੀ, ਪਰ ਇੱਥੇ ਉਹ ਸਿਰਫ਼ ਅਭਾਸੀ (Virtual) ਗੋਲਫ਼ ਹੀ ਖੇਡ ਸਕਦਾ ਸੀ ਜਾਂ ਫਿਰ ਸਿਰਫ਼ ਮਿਨੀ ਗੋਲਫ਼ ਖੇਡ ਸਕਦਾ ਸੀ, ਤੇ ਉਹ ਹਰ ਇੱਕ ਨੂੰ ਵਾਰੀ ਵਾਰੀ ਆਪਣੇ ਨਾਲ਼ ਖਿਡਾਉਂਦਾ ਸੀ ਤਾਂ ਜੋ ਉਹਨਾਂ ਦਾ ਮਨੋਰੰਜਨ ਵੀ ਹੁੰਦਾ ਰਹੇ ਤੇ ਸਮਾਂ ਵੀ ਚੰਗਾ ਲੰਘਦਾ ਰਹੇ।

ਹਰ ਹਫ਼ਤੇ ਉਹ ਇਕੱਠੇ ਮਿਲ਼ ਕੇ ਖਾਣਾ ਖਾਂਦੇ ਸੀ ਤੇ ਗੱਲਬਾਤ ਕਰਦੇ ਸੀ। ਕਦੇ ਕਦੇ ਉਹ ਕੈਪਟਨ ਦੇ ਮਜ਼ਬੂਰ ਕਰਨ ਤੇ ਮਿਨੀ ਗੋਲਫ਼ ਜਾਂ ਕੋਈ ਹੋਰ ਟੀਮ ਖੇਡ ਵੀ ਖੇਡਦੇ ਸੀ, ਹਾਲਾਂਕਿ ਬਾਕੀ ਖੇਡਾਂ ਜ਼ਿਆਦਾਤਰ ਅਭਾਸੀ ਵੀਡੀਓ ਖੇਡਾਂ ਹੀ ਸਨ! ਪਰ ਫੇਰ ਵੀ ਉਹ ਖ਼ੁਸ਼ ਸਨ। ਜਾਂ ਫਿਰ ਕਦੇ ਉਹ 'ਕਲਪਨਾ  ਦੇ ਥਿਏਟਰ ਵਿੱਚ ਕੋਈ ਫ਼ਿਲਮ ਦੇਖਦੇ ਸੀ।

ਇਸ ਤਰ੍ਹਾਂ ਉਹਨਾਂ ਦਾ ਸਮਾਂ ਚੰਗਾ ਲੰਘ ਰਿਹਾ ਸੀ। 'ਕਲਪਨਾ' ਅੰਤਰਿਕਸ਼ ਸਮੁੰਦਰ ਵਿੱਚ ਜਹਾਜ਼ ਵਾਂਗ ਤੈਰਦਾ ਜਾ ਰਿਹਾ ਸੀ। ਪਰ ਉਹਨਾਂ ਨੂੰ ਬਿਲਕੁਲ ਪਤਾ ਨਹੀਂ ਚੱਲ ਰਿਹਾ ਸੀ, ਕਿਉਂਕਿ ਜ਼ਿਆਦਾਤਰ ਉਸਦੀਆਂ ਖਿੜਕੀਆਂ ਬੰਦ ਹੀ ਸਨ ਤੇ ਜਾਣ ਬੁੱਝ ਕੇ ਬੰਦ ਕੀਤੀਆਂ ਗਈਆਂ ਸਨ ਤਾਂ ਜੋ ਉਹਨਾਂ ਨੂੰ ਤੇਜ਼ ਸਪੀਡ ਦਾ ਅਹਿਸਾਸ ਨਾ ਹੋਵੇ। ਪਰ ਜੇ ਉਹ 'ਕਲਪਨਾ' ਦੇ ਚਬੂਤਰੇ 'ਤੇ ਵੀ ਜਾਂਦੇ ਸੀ ਜਿੱਥੋਂ ਕੇ ਸ਼ੀਸ਼ੇ ਦੇ ਰਾਹੀਂ ਉਹ ਅੰਤਰਿਕਸ਼ ਦੇਖ ਸਕਦੇ ਸੀ ਤਾਂ ਉਹਨਾਂ ਨੂੰ ਤੇਜ਼ ਚੱਲਣ ਦਾ ਇੰਨਾ ਅਹਿਸਾਸ ਨਹੀਂ ਸੀ ਹੁੰਦਾ ਕਿਉਂਕਿ ਉਹਨਾਂ ਦੇ ਨੇੜੇ ਸੰਦਰਭ (Reference) ਲਈ ਹੋਰ ਵਸਤੂਆਂ ਨਹੀਂ ਸਨ, ਤੇ ਸਿਤਾਰੇ ਬਹੁਤ ਦੂਰ ਦੂਰ ਸਨ। ਪਰ ਫੇਰ ਵੀ ਇੱਕ ਲੰਬੀ ਨੀਰਸਤਾ ਉਹਨਾਂ ਨੂੰ ਸਤਾ ਰਹੀ ਸੀ। ਹਰ ਰੋਜ਼ ਦੀ ਇੱਕੋ ਰੁਟੀਨ, ਹਰ ਰੋਜ਼ ਖਲਾਅ ਵੱਲ ਦੇਖਣਾ, ਹਾਲਾਂਕਿ ਖਲਾਅ ਦੇ ਵਿੱਚ ਸਿਤਾਰੇ ਵੀ ਸਨ, ਪਰ ਉਹ ਵੀ ਉਸ ਵੱਡੀ ਨੀਰਸਤਾ ਦਾ ਹਿੱਸਾ ਹੀ ਸਨ, ਦਸ ਸਾਲ ਵੱਡੀ ਨੀਰਸਤਾ!

ਪਰ ਰੀਨਾ ਤੇ ਰੌਬਰਟ ਲਈ ਇਹ ਨੀਰਸਤਾ ਇੰਨੀ ਭਾਰੀ ਨਹੀਂ ਸੀ। ਉਹਨਾਂ ਵਿਚਕਾਰ ਚੰਗੀ ਦੋਸਤੀ ਸੀ ਤੇ ਚੰਗੇ ਸੰਬੰਧ ਪ੍ਰਫੁੱਲਿਤ ਹੋ ਰਹੇ ਸਨ, ਜੋ ਹੌਲ਼ੀ ਹੌਲ਼ੀ ਪਿਆਰ ਵਿੱਚ ਬਦਲ ਰਹੇ ਸਨ।

ਇੱਕ ਦਿਨ ਮਿਨੀ ਗੋਲਫ਼ ਖੇਡਦਿਆਂ ਰੌਬਰਟ ਨੇ ਰੀਨਾ ਨੂੰ ਆਪਣੇ ਦਿਲ ਦੀ ਗੱਲ ਦੱਸ ਹੀ ਦਿੱਤੀ।

'ਰੀਨਾ, ਤੈਨੂੰ ਮਿਲ਼ ਕੇ ਮੈਨੂੰ ਬਹੁਤ ਚੰਗਾ ਲਗਦਾ ਹੈ ਤੇ ਜੀਅ ਕਰਦਾ ਹੈ ਅਸੀਂ ਸਦਾ ਇੰਝ ਹੀ ਇੱਕ ਦੂਜੇ ਨਾਲ਼ ਇਕੱਠੇ ਰਹੀਏ।'

'ਹਾਂ ਦਸ ਵਿੱਚ ਸਾਲ ਤੋਂ ਉੱਪਰ ਤਾਂ ਅਸੀਂ ਕਲਪਨਾ ਵਿੱਚ ਇਕੱਠਿਆਂ ਹੀ ਰਹਿਣਾ ਹੈ।' ਰੀਨਾ ਨੇ ਮੁਸਕ੍ਰਾਉਂਦਿਆ ਕਿਹਾ।

'ਉਹ ਤਾਂ ਠੀਕ ਹੈ, ਪਰ ਮੈਂ ਸੀਰੀਅਸ ਹਾਂ। ਮੇਰਾ ਦਿਲ ਕਰਦਾ ਹੈ ਕਿ ਅਸੀਂ ਜਲਦੀ ਨਾਲ਼ ਪ੍ਰਿਥਵੀ ਤੇ ਪਹੁੰਚ ਜਾਈਏ ਤੇ ਇੱਕ ਦੂਜੇ ਨਾਲ਼ ਜੀਵਨ ਦਾ ਸਫ਼ਰ ਕੱਟੀਏ।'

'ਹਾਂ, ਮਿਸ਼ਨ ਤੇ ਅਸੀਂ ਇਕੱਠੇ ਨਹੀਂ ਰਹਿ ਸਕਦੇ ਹਾਲਾਂਕਿ ਇਕੱਠੇ ਹੀ ਇਹ ਸਫ਼ਰ ਵੀ ਕਰ ਰਹੇ ਹਾਂ। ਪਰ ਸਾਡਾ ਮਿਸ਼ਨ ਤੇ ਫ਼ਰਜ਼ ਪਹਿਲਾਂ ਹੈ।'

'ਹਾਂ ਮੈਂ ਸਮਝਦਾ ਹਾਂ। ਮੈਂ ਤਾਂ ਸਿਰਫ਼ ਆਪਣੇ ਦਿਲ ਦੀ ਗੱਲ ਹੀ ਤੇਰੇ ਨਾਲ਼ ਸਾਂਝੀ ਕਰਨਾ ਚਾਹੁੰਦਾ ਸੀ। ਉਮੀਦ ਹੈ ਤੈਨੂੰ ਵੀ ਮੇਰੇ ਪ੍ਰਤੀ ਇਹੋ ਜਿਹਾ ਅਹਿਸਾਸ ਹੀ ਹੋਵੇਗਾ।'

'ਸੱਚਮੁੱਚ, ਮੈਨੂੰ ਵੀ ਤੁਹਾਡਾ ਸਾਥ ਤੇ ਪਿਆਰ ਬਹੁਤ ਚੰਗਾ ਲਗਦਾ ਹੈ। ਉਮੀਦ ਹੈ ਇਸ ਪਿਆਰ ਦੇ ਸਹਾਰੇ ਇੰਨਾ ਲੰਮਾ ਸਫ਼ਰ ਸਹਿਜੇ ਹੀ ਕੱਟ ਜਾਵੇਗਾ।'

'ਹਾਂ, ਮੇਰਾ ਪਿਆਰ ਕਬੂਲ ਕਰਨ ਲਈ ਤੇਰਾ ਬਹੁਤ ਬਹੁਤ ਧੰਨਵਾਦ। ਮੈਂ ਵਾਅਦਾ ਕਰਦਾ ਹਾਂ ਕਿ ਮੈਂ ਹਰ ਵੇਲੇ ਤੇਰੇ ਨਾਲ਼ ਹੀ ਰਹਾਂਗਾ।'

'ਤੁਹਾਡਾ ਵੀ ਬਹੁਤ ਬਹੁਤ ਧੰਨਵਾਦ। ਇਸ ਮਿਸ਼ਨ ਨੇ ਹੀ ਸਾਨੂੰ ਮਿਲਾਇਆ ਹੈ ਤੇ ਅਸੀਂ ਹੁਣ ਪਹਿਲਾਂ ਇਸ ਮਿਸ਼ਨ ਨੂੰ ਚੰਗੀ ਤਰ੍ਹਾਂ ਨਿਭਾਵਾਂਗੇ। ਇਹ ਸਾਡਾ ਤੇ ਸਾਡੇ ਇਸ਼ਕ ਦਾ ਇਮਤਿਹਾਨ ਵੀ ਹੈ।'

''ਸਿਤਾਰਿਆਂ ਤੋਂ ਅੱਗੇ ਜਹਾਨ ਹੋਰ ਵੀ ਨੇ। ਅਜੇ ਇਸ਼ਕ ਦੇ ਇਮਤਿਹਾਨ ਹੋਰ ਵੀ ਨੇ। ਤੇ ਅਸੀਂ ਇਸ ਇਮਤਿਹਾਨ ਦੇ ਵਿੱਚ ਜ਼ਰੂਰ ਪਾਸ ਹੋਵਾਂਗੇ।'

'ਪਰ ਅਸੀਂ ਇੱਕ ਦੂਜੇ ਨਾਲ਼ ਹਕੀਕੀ ਪਿਆਰ ਤਾਂ ਕਰ ਹੀ ਸਕਦੇ ਹਾਂ, ਮਜਾਜ਼ੀ ਪਿਆਰ ਤਾਂ ਪ੍ਰਿਥਵੀ ਤੇ ਜਾ ਕੇ ਹੀ ਕਰ ਸਕਾਂਗੇ, ਜੇ ਸਾਡੀ ਕਿਸਮਤ ਵਿੱਚ ਹੋਇਆ।' ਰੌਬਰਟ ਨੇ ਆਪਣੇ ਮਨ ਵਿੱਚ ਸੋਚਿਆ।

ਰੀਨਾ ਦਾ ਚਿਹਰਾ ਇੱਕ ਅਦਿੱਖ ਨੂਰ ਨਾਲ਼ ਚਮਕਦਾ ਬਹੁਤ ਹੀ ਖੂਬਸੂਰਤ ਲੱਗ ਰਿਹਾ ਸੀ।

ਉਸਦਾ ਧਿਆਨ ਵਟਿਆ ਹੀ ਸੀ ਕਿ ਰੀਨਾ ਨੇ ਗੋਲਫ਼ ਦੀ ਗੇਂਦ ਆਖਰੀ ਮੋਰੀ ਵਿੱਚ ਪਾ ਕੇ ਖੇਡ ਜਿੱਤ ਲਈ।

'ਰੌਬਰਟ, ਦੇਖੋ ਮੈਂ ਜਿੱਤ ਗਈ।'

'ਨਹੀਂ, ਮੇਰਾ ਧਿਆਨ ਵਟ ਗਿਆ ਸੀ। ਤੂੰ ਤਾਂ ਧੋਖਾ ਕੀਤਾ ਏ! ਪਰ ਕੋਈ ਨਹੀਂ ਮੈਂ ਹਾਰ ਕੇ ਵੀ ਜਿੱਤ ਗਿਆ ਹਾਂ, ਕਿਉਂਕਿ ਅੱਜ ਮੈਨੂੰ ਤੇਰਾ ਪਿਆਰ ਮਿਲ਼ ਗਿਆ ਹੈ!' ਰੌਬਰਟ ਨੇ ਮੁਸਕਰਾਉਂਦੇ ਹੋਏ ਕਿਹਾ।

ਅੱਜ ਉਹ ਦੋਵੇਂ ਹੀ ਬਹੁਤ ਖ਼ੁਸ਼ ਸਨ।

## ਕੈਪਟਨ ਦਾ ਰੋਜ਼ਨਾਮਚਾ

7 ਅਪ੍ਰੈਲ, 2101

ਅੱਜ ਸਾਨੂੰ ਪ੍ਰਿਥਵੀ ਤੋਂ ਚੱਲਿਆਂ ਦੋ ਸਾਲ ਤੋਂ ਉੱਪਰ ਹੋ ਗਏ ਹਨ। ਸਾਡਾ ਪ੍ਰਿਥਵੀ ਨਾਲ਼ ਕੋਈ ਸੰਪਰਕ ਨਹੀਂ ਹੈ। ਪ੍ਰਿਥਵੀ ਤੋਂ ਪਿਛਲਾ ਸੰਦੇਸ਼ ਇੱਕ ਸਾਲ ਪਹਿਲਾਂ ਹੀ ਆਇਆ ਸੀ। ਪਰ ਅਸੀਂ ਆਪਣੇ ਸੰਦੇਸ਼ ਨਿਰੰਤਰ ਪ੍ਰਿਥਵੀ ਨੂੰ ਭੇਜ ਰਹੇ ਹਾਂ। ਉਮੀਦ ਹੈ ਉਹਨਾਂ ਨੂੰ ਮਿਲ਼ ਰਹੇ ਹੋਣਗੇ। ਪਿਛਲਾ ਸਾਲ ਥੋੜਾ ਔਖਾ ਲੰਘਿਆ, ਲੰਮੇ ਸਫ਼ਰ ਦੀ ਨੀਰਸਤਾ ਸਭ ਤੇ ਭਾਰੂ ਹੋ ਰਹੀ ਹੈ। ਸਾਨੂੰ ਸਾਰਿਆਂ ਨੂੰ ਕਦੇ ਕਦੇ ਬਹੁਤ ਬੋਰੀਅਤ ਵੀ ਮਹਿਸੂਸ ਹੁੰਦੀ ਹੈ। ਹਾਲਾਂਕਿ ਅਸੀਂ ਆਪਣੇ ਆਪ ਨੂੰ ਵਿਅਸਤ ਰੱਖ ਰਹੇ ਹਾਂ ਤੇ ਇੱਕ ਦੂਜੇ ਨਾਲ਼ ਸਮਾਂ ਵੀ ਬਿਤਾ ਰਹੇ ਹਾਂ। ਪਰ ਫੇਰ ਵੀ ਇੱਕ ਜ਼ਿੱਦੀ ਜਿਹੀ ਨੀਰਸਤਾ ਤੰਗ ਕਰਦੀ ਹੈ। ਖ਼ੈਰ, ਉਂਝ ਸਭ ਕੁੱਝ ਠੀਕ ਠਾਕ ਹੈ। 'ਕਲਪਨਾ' ਨਿਰੰਤਰ ਆਪਣੀ ਮੰਜ਼ਿਲ ਵੱਲ ਵੱਧ ਰਿਹਾ ਹੈ। ਅੱਗੇ ਸਭ ਕੁੱਝ ਖਾਲੀ ਹੈ। ਕੋਈ ਖ਼ਾਸ ਰੁਕਾਵਟ ਨਹੀਂ ਆ ਰਹੀ। ਸਭ ਕੁੱਝ ਆਮ ਵਾਂਗ ਹੈ। ਰੁਟੀਨ ਕੰਮ, ਯਾਨ ਨੂੰ ਚੱਲਦਾ ਰੱਖਣਾ ਤੇ ਉਸਦੀ ਦੇਖਭਾਲ ਆਦਿ।

## ਚੁਣੌਤੀਆਂ

ਰੀਨਾ ਆਪਣੇ ਕਵਾਟਰ ਵਿੱਚ ਅਰਾਮ ਕਰ ਰਹੀ ਸੀ ਜਦੋਂ ਉਸਨੂੰ ਕੈਪਟਨ ਨੇ ਬੁਲਾਇਆ। ਉਹ ਫਟਾ ਫਟ ਤਿਆਰ ਹੋ ਕੇ ਯਾਨ ਦੇ ਬ੍ਰਿਜ (Bridge) ਤੇ ਪਹੁੰਚੀ। ਅਕੀਓ ਯਾਨ ਦੀ ਮੁੱਖ ਸਕਰੀਨ 'ਤੇ ਟਿਕਟਿਕੀ ਲਗਾ ਕੇ ਨੀਝ ਨਾਲ਼ ਦੇਖ ਰਿਹਾ ਸੀ। ਪਰ ਸਕਰੀਨ ਨੇ ਸਿਆਹ ਖਲਾਅ ਤੇ ਟਿਮ ਟਿਮ ਕਰਦੇ ਤਾਰਿਆਂ ਤੋਂ ਇਲਾਵਾ ਕੁੱਝ ਵੀ ਨਹੀਂ ਸੀ। ਉਸਨੂੰ ਲੱਗਿਆ ਕਿ ਸ਼ਾਇਦ ਕੋਈ ਐਮਰਜੰਸੀ ਆ ਗਈ ਹੈ, ਪਰ ਅਜਿਹੀ ਗੱਲ ਨਹੀਂ ਲੱਗ ਰਹੀ ਸੀ। ਅਕੀਓ ਨੇ ਰੀਨਾ ਵੱਲ ਨੂੰ ਧਿਆਨ ਨਹੀਂ ਦਿੱਤਾ।

'ਰੀਨਾ, ਇੰਝ ਲੱਗ ਰਿਹਾ ਕਿ ਅਕੀਓ ਨੂੰ ਕੋਈ ਤਕਲੀਫ਼, ਮਾਨਸਿਕ ਤਣਾਅ, ਜਾਂ ਕੁੱਝ ਹੋਰ ਹੈ। ਉਹ ਕਾਫ਼ੀ ਚੁੱਪ ਹੈ ਤੇ ਆਪਣੇ ਕੰਮ ਤੇ ਵੀ ਫੋਕਸ ਨਹੀਂ ਕਰ ਪਾ ਰਿਹਾ।'

'ਓਹ! ਠੀਕ ਹੈ ਮੈਂ ਚੈੱਕ ਕਰਦੀ ਹਾਂ। ਅਕੀਓ ਤੇਰਾ ਕੀ ਹਾਲ ਹੈ।' ਅਕੀਓ ਨੇ ਪਹਿਲਾਂ ਤਾਂ ਕੋਈ ਜਵਾਬ ਨਹੀਂ ਦਿੱਤਾ। ਸਿਰਫ਼ ਖਲਾਅ ਵੱਲ ਨੂੰ ਦੇਖਦਾ ਰਿਹਾ। ਪਰ ਜਿਵੇਂ ਹੀ ਰੀਨਾ ਨੇ ਉਸਦੇ ਮੋਢੇ ਤੇ ਹੱਥ ਰੱਖਿਆ ਤਾਂ ਉਹ ਚੌਂਕ ਜਿਹਾ ਗਿਆ।

'ਅਕੀਓ, ਕੀ ਤੂੰ ਠੀਕ ਹੈਂ?' ਉਸਨੇ ਫਿਰ ਪੁੱਛਿਆ।

'ਹਾਂ, ਹਾਂ। ਮੈਂ ਬਿਲਕੁਲ ਠੀਕ ਹਾਂ। ਤੂੰ ਇੱਥੇ ਕੀ ਕਰ ਰਹੀ ਏਂ? ਤੈਨੂੰ ਤਾਂ ਅਰਾਮ ਕਰਨਾ ਚਾਹੀਦਾ ਹੈ।' ਅਕੀਓ ਨੇ ਚੌਕੰਨਾ ਹੁੰਦਿਆਂ ਆਖਿਆ।

'ਹਾਂ, ਰੌਬਰਟ ਨੂੰ ਲੱਗਿਆ ਕਿ ਤੂੰ ਠੀਕ ਨਹੀਂ ਦਿਖ ਰਿਹਾ। ਇਸ ਕਰਕੇ ਮੈਂ ਤੈਨੂੰ ਚੈੱਕ ਕਰਨ ਆਈ ਸੀ। ਕੀ ਤੂੰ ਮੇਰੇ ਨਾਲ਼ ਮੈਡੀਕਲ ਕੇਂਦਰ ਵਿੱਚ ਆਏਂਗਾ।

'ਠੀਕ ਹੈ।' ਅਕੀਓ ਕਿਸੇ ਰੋਬੋਟ ਵਾਂਗ ਉੱਠ ਕੇ ਚੱਲ ਪਿਆ।

ਰੀਨਾ ਨੇ ਮੈਡੀਕਲ ਕੇਂਦਰ ਵਿੱਚ ਪਹਿਲਾਂ ਉਸਦਾ ਚੈੱਕਅਪ ਕੀਤਾ ਨੋ ਕਿ ਠੀਕ ਸੀ। ਫੇਰ ਉਸਨੂੰ ਕੰਪਿਊਟਰ ਸਕਰੀਨ 'ਤੇ ਕੁੱਝ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ।

ਅਕੀਓ ਜਲਦੀ ਨਾਲ਼ ਕੰਪਿਊਟਰ ਨੂੰ ਉਹ ਪ੍ਰਸ਼ਨਾਂ ਦੇ ਉੱਤਰ ਦੇਣ ਲੱਗਿਆ। ਸਾਰਾ ਚੈੱਕਅਪ ਤੇ ਉਸਦੇ ਪ੍ਰਸ਼ਨਾਂ ਦੇ ਉੱਤਰ ਦੇਖ ਕੇ ਕੰਪਿਊਟਰ ਨੇ ਵੀ ਇਹ ਤਸ਼ਖੀਸ (Diagnose) ਕੀਤਾ ਕਿ ਉਸਨੂੰ ਐਸਥੇਨਾਈਜ਼ੇਸ਼ਨ (Asthenization) ਵਰਗੇ ਲੱਛਣ ਦਿਖ ਰਹੇ ਹਨ, ਜੋ ਕਿ ਲੰਬੀ ਅੰਤਰਿਕਸ਼ ਯਾਤਰਾ ਵਿੱਚ ਕਾਫ਼ੀ ਆਮ ਹਨ, ਜਿਸ ਵਿੱਚ ਅੰਤਰਿਕਸ਼ ਯਾਤਰੀ ਨੂੰ ਥਕਾਵਟ, ਮਾਨਸਿਕ ਤਣਾਅ, ਧਿਆਨ ਕੇਂਦਰਿਤ ਕਰਨ ਦੀ ਸਮੱਸਿਆ,

ਚਿੜਚਿੜਾਪਨ, ਨੀਂਦ ਨਾ ਆਉਣਾ, ਭੁੱਖ ਨਾ ਲੱਗਣਾ ਆਦਿ ਆਉਂਦੇ ਹਨ। ਉਸਨੇ ਅਕੀਓ ਨੂੰ ਅਰਾਮ ਕਰਨ ਲਈ ਕਿਹਾ ਤੇ ਦਵਾਈ ਦੇ ਦਿੱਤੀ।

ਉਹ ਆਪ ਅਕੀਓ ਨੂੰ ਉਸਦੇ ਕਵਾਟਰ ਵਿੱਚ ਜਾ ਕੇ ਸੁਲਾ ਕੇ ਵਾਪਿਸ ਯਾਨ ਦੇ ਬ੍ਰਿਜ ਤੇ ਰੌਬਰਟ ਕੋਲ਼ ਆਈ।

'ਮੈਂ ਚੈਕਅਪ ਕਰਕੇ ਦਵਾਈ ਦੇ ਦਿੱਤੀ ਹੈ। ਉਂਝ ਉਹ ਠੀਕ ਪਰ ਮਾਨਸਿਕ ਤੌਰ ਤੇ ਥਕਾਵਟ ਵਗੈਰਾ ਹੋ ਗਈ ਜੋ ਕਿ ਆਮ ਹੀ ਹੈ। ਅੱਜ ਉਸਦੀ ਜਗ੍ਹਾ ਮੈਂ ਡਿਊਟੀ 'ਤੇ ਆ ਜਾਂਦੀ ਹਾਂ।'

'ਨਹੀਂ, ਮੈਂ ਦੇਖ ਲਵਾਂਗਾ। ਥੋੜ੍ਹੇ ਘੰਟਿਆਂ ਦੀ ਤਾਂ ਗੱਲ ਹੈ ਫੇਰ ਨੀਲ ਨੇ ਯੂਰੀ ਨੇ ਉੱਠ ਜਾਣਾ ਹੈ। ਮੈਂ ਤੈਨੂੰ ਹੋਰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦਾ, ਪਰ ਅਕੀਓ ਦੀ ਹਾਲਤ ਮੈਨੂੰ ਨਾਜ਼ੁਕ ਲੱਗ ਰਹੀ ਸੀ।'

'ਨਹੀਂ ਨਹੀਂ ਪ੍ਰੇਸ਼ਾਨੀ ਵਾਲ਼ੀ ਕੋਈ ਗੱਲ ਨਹੀਂ। ਇਹ ਤਾਂ ਮੇਰਾ ਫ਼ਰਜ਼ ਬਣਦਾ ਹੈ। ਮੈਨੂੰ ਲਗਦਾ ਹੈ ਕਿ ਸਾਨੂੰ ਸਭ ਨੂੰ ਇੱਕ ਦੂਜੇ ਦਾ ਮਨੋਵਿਗਿਆਨਕ ਤਰੀਕੇ ਨਾਲ਼ ਸਹਾਰਾ ਬਣਨਾ ਪੈਣਾ ਹੈ। ਉਸਦੇ ਲਈ ਮੈਂ ਯੋਜਨਾ ਬਣਾਉਂਦੀ ਹਾਂ।'

'ਤੇਰਾ ਇਹ ਵਿਚਾਰ ਬਹੁਤ ਵਧੀਆ ਹੈ। ਤੂੰ ਆਪਣਾ ਖ਼ਿਆਲ ਵੀ ਰੱਖਣਾ ਤੇ ਮੈਨੂੰ ਦੱਸਣਾ ਕਿ ਮੈਂ ਕਿਸ ਤਰ੍ਹਾਂ ਮਦਦ ਕਰ ਸਕਦਾ ਹਾਂ। ਗੁੱਡ ਨਾਈਟ। ਪਲੀਜ਼, ਹੁਣ ਤੂੰ ਜਾ ਕੇ ਸੌਂ ਜਾ।'

'ਠੀਕ ਹੈ, ਗੁੱਡ ਨਾਈਟ। ਆਪਣਾ ਧਿਆਨ ਰੱਖਣਾ।' ਰੀਨਾ ਨੇ ਰੌਬਰਟ ਨੂੰ ਪਿਆਰ ਨਾਲ਼ ਗਲਵੱਕੜੀ ਪਾਉਂਦਿਆਂ ਵਿਦਾ ਲਈ।

ਇੱਕ ਪਲ ਲਈ ਤਾਂ ਰੌਬਰਟ ਦੇ ਸਰੀਰ ਵਿੱਚ ਮਿੱਠੀਆਂ ਵਿਸਮਾਦੀ ਤਰੰਗਾਂ ਫੈਲ ਗਈਆਂ। ਉਸਨੂੰ ਲੱਗਿਆ ਕਿ ਉਸਦੀ ਸਾਰੀ ਥਕਾਨ ਉੱਤਰ ਗਈ।

'ਰੀਨਾ ਸੱਚਮੁੱਚ ਹੀ ਠੀਕ ਆਖ ਰਹੀ ਹੈ। ਇੰਨੀ ਦੂਰ ਅਸੀਂ ਇੱਥੇ ਕਿੰਨੇ ਇੱਕਲੇ ਹਾਂ ਤੇ ਇਹੋ ਜਿਹੇ ਮਾਨਸਿਕ ਰੋਗ ਲੱਗਣੇ ਤਾਂ ਸੁਭਾਵਿਕ ਹੀ ਹਨ, ਚਾਹੇ ਕੋਈ ਵੀ ਸਖ਼ਸ਼ ਕਿੰਨਾ ਤਕੜਾ ਕਿਓਂ ਨਾ ਹੋਏ!' ਉਸਨੇ ਸੋਚਿਆ।

ਰੀਨਾ ਅਰਾਮ ਕਰਨ ਲਈ ਚਲੀ ਗਈ ਸੀ। ਫੇਰ ਉਸਨੇ ਆਪਣੇ ਕੰਮ ਵੱਲ ਧਿਆਨ ਕੇਂਦਰਿਤ ਕਰ ਲਿਆ ਏ ਯਾਨ ਦੀ ਮੁੱਖ ਸਕਰੀਨ 'ਤੇ ਨਿਗ੍ਹਾ ਰੱਖਣ ਲੱਗਿਆ।

ਦੂਜੇ ਦਿਨ ਉੱਠ ਕੇ ਰੀਨਾ ਨੇ ਸਭ ਤੋਂ ਪਹਿਲਾਂ ਸਾਰੇ ਕਰੂ ਮੈਂਬਰਾਂ ਨੂੰ ਸਿਹਤਮੰਦ ਰੱਖਣ ਲਈ ਯੋਜਨਾ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਪ੍ਰਿਥਵੀ ਤੋਂ ਚੱਲਣ ਤੋਂ ਪਹਿਲਾਂ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਬਹੁਤ ਤਿਆਰੀ ਕੀਤੀ ਸੀ। ਪਰ ਜਿਸ ਤਰ੍ਹਾਂ ਕਿ ਅਕਸਰ ਹੁੰਦਾ ਹੀ, ਮਨੁੱਖੀ ਵਿਰਤੀ ਉਹ ਸਾਰੇ ਕੰਮ ਨਹੀਂ ਕਰਦੀ ਜਿਹਨਾਂ ਦਾ ਇੱਕਦਮ ਕੋਈ ਫ਼ਾਇਦਾ ਨਾ ਦਿਖੇ। ਮਨੁੱਖੀ ਵਿਰਤੀ ਤਾਂ ਦਵਾਈਆਂ ਨਾਲ਼ ਤੁਰੰਤ ਇਲਾਜ ਚਾਹੁੰਦੀ ਹੈ!

ਇੱਥੇ ਇੰਨੀ ਦੂਰ ਉਹ ਪ੍ਰਿਥਵੀ 'ਤੇ ਸਥਿੱਤ ਆਪਣੀ ਟੀਮ ਨਾਲ਼ ਵੀ ਗੱਲਬਾਤ ਨਹੀਂ ਕਰ ਸਕਦੇ। ਆਪਣੇ ਪਰਿਵਾਰ ਜਾਂ ਸਕੇ-ਸੰਬੰਧੀਆਂ ਨਾਲ਼ ਕੋਈ ਗੱਲਬਾਤ ਨਹੀਂ ਕਰ ਸਕਦੇ। ਹਾਲਾਂਕਿ 'ਕਲਪਨਾ' ਦਾ ਅਮਲਾ ਇਸ ਤਰ੍ਹਾਂ ਚੁਣਿਆ ਗਿਆ ਸੀ ਕਿ ਉਹਨਾਂ ਦਾ ਪ੍ਰਿਥਵੀ ਨਾਲ਼ ਕੋਈ ਵੀ ਪਰਿਵਾਰਿਕ ਭਾਵਨਾਤਮਕ ਸੰਬੰਧ ਨਾ ਹੋਵੇ ਜਾਂ ਇੰਝ ਕਹਿ ਲਵੋ ਉਹ ਇੱਕਲੇ ਹੀ ਹੋਣ ਤੇ ਉਹਨਾਂ ਦੇ ਇੱਕਦਮ ਨੇੜਲੇ ਪਰਿਵਾਰਕ ਮੈਂਬਰ ਮਾਤਾ, ਪਿਤਾ, ਪਤਨੀ ਜਾਂ ਬੱਚੇ ਨਾ ਹੋਣ - ਤਾਂ ਜੋ ਉਹਨਾਂ ਨੂੰ ਮੋਹ ਦੇ ਬੰਧਨ ਨਾ ਹੋਣ। ਤੇ ਇਸ ਤਰ੍ਹਾਂ ਹੀ ਸੀ, ਤਕਰੀਬਨ 90% ਮੈਂਬਰ ਅਜਿਹੇ ਹੀ ਸਨ। ਤੇ ਜਿਨ੍ਹਾਂ ਦਾ ਕੋਈ ਨਜ਼ਦੀਕੀ ਪਰਿਵਾਰਿਕ ਮੈਂਬਰ ਸੀ ਵੀ ਤਾਂ ਉਹ ਇਸ ਲੰਮੇ ਸਫ਼ਰ ਤੇ ਵਿਛੜਨ ਲਈ ਤਿਆਰ ਸਨ। ਜੋ ਕਿ ਬਹੁਤ ਭਾਵੁਕ ਸੀ! ਪਰ ਹੁਣ ਪ੍ਰਿਥਵੀ ਤੋਂ ਇੰਨੀ ਦੂਰ ਰੀਨਾ ਨੂੰ ਲੱਗ ਰਿਹਾ ਸੀ ਕਿ ਉਹਨਾਂ ਨੂੰ ਪ੍ਰਿਥਵੀ ਤੇ ਆਪਣੇ ਨਜ਼ਦੀਕੀ ਸੰਬੰਧੀਆਂ ਨਾਲ਼ ਸੰਪਰਕ ਰੱਖਣਾ ਚਾਹੀਦਾ ਹੈ, ਜੋ ਕਿ ਉਹਨਾਂ ਦੀ ਭਾਵਾਤਮਕ ਸਿਹਤ ਲਈ ਬਹੁਤ ਜ਼ਰੂਰੀ ਹੈ। ਪਰ ਉਹ ਅਜਿਹਾ ਸੰਬੰਧ ਕਿਵੇਂ ਰੱਖ ਸਕਦੇ ਹਨ, ਉਹ ਤਾਂ ਪ੍ਰਿਥਵੀ ਤੋਂ ਇੱਕ ਪ੍ਰਕਾਸ਼ ਵਰ੍ਹੇ ਤੋਂ ਵੀ ਜ਼ਿਆਦਾ ਦੂਰ ਹਨ। ਤੇ ਉਸਨੇ ਉਸਦਾ ਹੱਲ ਇਹ ਸੋਚਿਆ ਕਿ ਉਹ ਸਭ ਆਪਣੇ ਪ੍ਰਿਥਵੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਘੱਟੋ-ਘੱਟ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸੰਦੇਸ਼ ਰਿਕਾਰਡ ਕਰ ਕੇ ਭੇਜਣਗੇ, ਚਾਹੇ ਉਹ ਉਹਨਾਂ ਨੂੰ ਇੱਕ ਸਾਲ ਤੋਂ ਬਾਅਦ ਵਿੱਚ ਹੀ ਮਿਲੇ ਜਾਂ ਬੇਸ਼ੱਕ ਨਾਹੀ ਮਿਲੇ, ਤੇ ਜੇ ਉਹਨਾਂ ਦਾ ਜਵਾਬ ਇੱਕ ਦੋ ਸਾਲ ਬਾਅਦ ਆਵੇਗਾ ਵੀ ਤਾਂ ਉਹ ਬਹੁਤ ਤੱਸਲੀ ਭਰਿਆ ਹੋਏਗਾ।

ਉਸਨੇ ਹਰ ਇੱਕ ਨਾਲ਼ (ਜਿਸ ਵਿੱਚ ਉਸਨੇ ਆਪਣੇ ਆਪ ਨੂੰ ਵੀ ਸ਼ਾਮਿਲ ਕੀਤਾ) ਹਫ਼ਤੇ ਵਿੱਚ ਮਨੋਵਿਗਿਆਨਕ ਗੱਲਬਾਤ ਤੇ ਸਲਾਹ (Counseling) ਯੋਜਨਾ ਬਣਾਈ, ਜੋ ਕਿ ਮਨੋਵਿਗਿਆਨੀ ਕੰਪਿਊਟਰ ਪ੍ਰੋਗਰਾਮ ਵੀ ਕਰ ਸਕਦਾ ਦੀ ਜਾਂ ਉਹ ਆਪ ਵੀ ਕਰ ਸਕਦੀ ਸੀ। ਪਰ ਉਸਨੂੰ ਤਾਂ ਕੰਪਿਊਟਰ ਦੇ ਨਾਲ਼ ਹੀ ਗੱਲਬਾਤ ਕਰਨੀ ਪਏਗੀ। ਉਹਨਾਂ ਦੇ ਕੋਲ਼ ਮਨੋਵਿਗਿਆਨੀ ਮਾਰਕ ਹੇਗਲ ਦੁਆਰਾ ਬਣਾਇਆ ਹੋਇਆ 'ਸਮੱਸਿਆ ਦਾ ਹੱਲ' ਨਾਂ ਦਾ ਪ੍ਰੋਗਰਾਮ ਸੀ ਜਿਸ ਵਿੱਚ ਕੰਪਿਊਟਰ ਜਾਂ ਮਨੋਵਿਗਿਆਨੀ ਮਰੀਜ਼ ਨੂੰ ਸਮੱਸਿਆਵਾਂ ਦੀ ਸੂਚੀ ਵਿੱਚੋਂ ਸਮਸਿਆਵਾਂ ਨੂੰ ਤਰਤੀਬ ਵਿੱਚ ਜੋੜਦਾ ਹੈ ਕਿ ਹਰ

ਇੱਕ ਸਮੱਸਿਆ ਤੇ ਕਿੰਨੀ ਕੁ ਤਕਲੀਫ਼ ਹੈ? ਤੇ ਫਿਰ ਇੱਕ ਸਮੱਸਿਆ ਨੂੰ ਲੈ ਕੇ ਪਹਿਲਾਂ ਉਸ ਉੱਤੇ ਆਪਣਾ ਦਿਮਾਗ਼ ਲੜਾਉਂਦਾ ਹੈ ਤੇ ਉਸਦਾ ਹੱਲ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਤੇ ਉਸਤੋਂ ਬਾਅਦ ਉਸਦੇ ਹੱਲ ਦਾ ਵੀ ਮੁੱਲਾਂਕਣ ਕਰਦਾ ਹੈ ਤੇ ਉਸਦੇ ਹੋਰ ਹੱਲ ਵੀ ਲਭਦਾ ਹੈ। ਉਸਨੇ ਉਸ ਪ੍ਰੋਗਰਾਮ ਨੂੰ ਵਰਤਣ ਦਾ ਫੈਸਲਾ ਕੀਤਾ।

'ਬਾਕੀ ਸਾਰਿਆਂ ਦੀਆਂ ਦਵਾਈਆਂ ਤੇ ਵੀ ਚੈੱਕ ਰੱਖਣਾ ਚਾਹੀਦਾ ਹੈ।' ਉਸਨੇ ਸੋਚਿਆ - 'ਪਤਾ ਨਹੀਂ ਉਹ ਆਪਣੇ ਵਿਟਾਮਿਨ ਤੇ ਦਵਾਈਆਂ ਲੈਂਦੇ ਹਨ ਕਿ ਨਹੀਂ? ਤੇ ਇਸ ਲਈ ਵੀ ਮੈਂ ਰਹਿ ਇੱਕ ਦੇ ਵਿਅਕਤੀਗਤ ਕੰਪਿਊਟਰ ਸੈਕਟਰੀ ਨੂੰ ਆਦੇਸ਼ ਦੇਵਾਂਗੀ।'

ਇਸ ਤਰ੍ਹਾਂ ਰੀਨਾ ਨੇ ਆਉਂਦੇ ਕੁੱਝ ਦਿਨਾਂ ਵਿੱਚ ਆਪਣੀ ਸਰੀਰਕ ਤੇ ਮਾਨਸਿਕ ਸਿਹਤਯਾਬੀ ਯੋਜਨਾ ਲਾਗੂ ਕਰਨੀ ਸ਼ੁਰੂ ਕਰ ਦਿੱਤੀ। ਕਸਰਤ ਦੇ ਨਾਲ਼ ਨਾਲ਼ ਉਸਨੇ ਯੋਗ-ਆਸਣ ਵੀ ਰੋਜ਼ ਦੀ ਰੁਟੀਨ ਵਿਚ ਸ਼ਾਮਿਲ ਕਰ ਦਿੱਤੇ।

'ਯੋਗ ਤਾਂ ਬਹੁਤ ਫਾਇਦੇਮੰਦ ਹੁੰਦਾ ਹੈ ਪਰ ਅਸੀਂ ਉਸਨੂੰ ਕਿਵੇਂ ਅਣਗੌਲਿਆਂ ਕਰ ਦਿੱਤਾ?' ਉਹ ਹੈਰਾਨ ਹੋ ਰਹੀ ਸੀ।

ਬਾਕੀ ਉਹ ਹਰ ਹਫ਼ਤੇ ਤਾਂ ਟੀਮ ਮਿਲਣੀ ਕਰਦੇ ਹੀ ਸੀ ਤੇ ਹਲਕੀਆਂ ਫੁਲਕੀਆਂ ਖੇਡਾਂ ਖੇਡਦੇ ਸੀ ਤਾਂ ਜੋ ਇੱਕ ਦੂਜੇ ਨਾਲ਼ ਰੁੱਝੇ ਰਹਿਣ ਤੇ ਆਹਰੇ ਲੱਗੇ ਰਹਿਣ। ਉਸਨੇ ਮਨੁੱਖੀ ਸਪਰਸ਼ ਤੇ ਗਲਵੱਕੜੀ ਦੀ ਬਹੁਤ ਲੋੜ ਮਹਿਸੂਸ ਕੀਤੀ ਤੇ ਅਜਿਹੇ ਤਰੀਕੇ ਲਾਗੂ ਕੀਤੇ ਜਿਸ ਨਾਲ਼ ਉਹ ਸਹਿਜ-ਸੁਭਾ ਹੀ ਸਾਰਥਿਕ ਤੌਰ 'ਤੇ ਇੱਕ ਦੂਜੇ ਨੂੰ ਸਰੀਰਕ ਸਪਰਸ਼ ਪ੍ਰਦਾਨ ਕਰ ਸਕਣ। ਜਿਵੇਂ ਕਿ ਕਪਲ ਡਾਂਸ ਜਾਂ ਗਰੁੱਪ ਡਾਂਸ। ਅਮਲੇ ਦੇ ਵਿੱਚ ਉਹ ਇੱਕਲੀ ਹੀ ਔਰਤ ਸੀ ਤੇ ਉਸਨੇ ਇਹ ਯਕੀਨੀ ਕੀਤਾ ਕਿ ਉਹ ਰੌਬਰਟ ਤੋਂ ਇਲਾਵਾ ਬਾਕੀਆਂ ਨਾਲ਼ ਵੀ ਡਾਂਸ ਕਰੇ ਤਾਂ ਜੋ ਉਹ ਅੱਲਗ ਨਾ ਮਹਿਸੂਸ ਕਰਨ। ਹਾਲਾਂਕਿ ਉਹਨਾਂ ਸਾਰਿਆਂ ਕੋਲੋਂ ਰੌਬਰਟ ਤੇ ਉਸਦਾ ਪਿਆਰ ਛੁਪਿਆ ਹੋਇਆ ਨਹੀਂ ਸੀ। ਪਰ ਉਸਨੇ ਇਹ ਸਭ ਇੱਕ ਡਾਕਟਰ ਤੇ ਚੰਗੇ ਮਨੁੱਖ ਦੇ ਨਾਤੇ ਕਰਨਾ ਸੀ ਤੇ ਆਪਣੇ ਮਿਸ਼ਨ ਦੀ ਸਫ਼ਲਤਾ ਲਈ ਕਰਨਾ ਸੀ! **ਚੱਲਦਾ...**



ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ ।

**ਵੈਬਸਾਈਟ**: https://sahit.punjabikids.org/

# ਟੁੱਟਦੇ ਤਾਰਿਆਂ ਬਾਰੇ ਪ੍ਰਸ਼ਨਾਵਲੀ

**1. ਇੱਕ ਉਲਕਾ (Meteor), ਉਲਕਾ-ਪਿੰਡ (Meteorite), ਅਤੇ ਉਲਕਾ-ਪਿੰਡ ਵਰਗੀ ਵਸਤੂ (Meteoroid) ਵਿੱਚ ਕੀ ਅੰਤਰ ਹੈ?**

**ਉੱਤਰ:** ਸਥਾਨ, ਜੇਕਰ ਕਿਸੇ ਲਘੂ ਗ੍ਰਹਿ (Asteroid) ਜਾਂ ਧੂਮਕੇਤੂ (Comet) ਦੇ ਮਲਬੇ ਦਾ ਇੱਕ ਟੁਕੜਾ ਪੁਲਾੜ ਵਿੱਚ ਕਲਾਬਾਜ਼ੀਆਂ ਖਾਂਦਾ ਹੈ, ਤਾਂ ਉਸ ਨੂੰ ਉਲਕਾ-ਪਿੰਡ ਵਰਗੀ ਵਸਤੂ (Meteor) ਕਿਹਾ ਜਾਂਦਾ ਹੈ। ਇੱਕ ਵਾਰ ਜਦੋਂ ਇਹ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋ ਜਾਂਦਾ ਹੈ, ਤਾਂ ਇਸਨੂੰ ਉਲਕਾ (Meteor) ਕਿਹਾ ਜਾਂਦਾ ਹੈ - ਜਿਸਨੂੰ ਅਸੀਂ 'ਟੁੱਟਦਾ ਤਾਰਾ' ਵੀ ਕਹਿੰਦੇ ਹਾਂ। ਜੇਕਰ ਉਲਕਾ ਵਾਯੂਮੰਡਲ ਵਿੱਚ ਨਹੀਂ ਸੜਦਾ ਅਤੇ ਧਰਤੀ 'ਤੇ ਡਿਗ ਪੈਂਦਾ ਹੈ, ਤਾਂ ਇਸਨੂੰ ਉਲਕਾ-ਪਿੰਡ (Meteorite) ਕਿਹਾ ਜਾਂਦਾ ਹੈ।

**2. ਦੁਨੀਆ ਵਿੱਚ ਸਭ ਤੋਂ ਪੁਰਾਣੇ ਦੇਖੇ ਗਏ ਟੁੱਟਦੇ ਤਾਰੇ (ਉਲਕਾ ਵਰਖਾ) ਕਿਹੜੇ ਹਨ?**

**ਉੱਤਰ:** ਲਾਇਰਿਡਜ਼ (Lyrids), ਲਾਇਰਿਡਜ਼, ਜੋ ਹਰ ਸਾਲ 15 ਅਪ੍ਰੈਲ ਅਤੇ 29 ਅਪ੍ਰੈਲ ਦੇ ਵਿਚਕਾਰ ਦਿਖਾਈ ਦਿੰਦੇ ਹਨ, ਜਿਨ੍ਹਾਂ ਨੂੰ ਪਹਿਲੀ ਵਾਰ ਚੀਨੀ ਖਗੋਲ ਵਿਗਿਆਨੀਆਂ ਦੁਆਰਾ 687 ਈਸਾ ਪੂਰਵ ਵਿੱਚ ਦੇਖਿਆ ਗਿਆ ਸੀ।

**3. ਇੱਕ ਵੱਡਾ ਉਲਕਾ ਪਿੰਡ ਟੋਆ (Meteor Crater) ਕਿਸ ਅਮਰੀਕੀ ਰਾਜ ਵਿੱਚ ਹੈ?**

**ਉੱਤਰ:** ਐਰੀਜ਼ੋਨਾ, ਲਗਭਗ 50,000 ਸਾਲ ਪਹਿਲਾਂ ਇੱਕ ਉਲਕਾ-ਪਿੰਡ ਐਰੀਜ਼ੋਨਾ, ਜਿੱਥੇ ਹੁਣ ਫਲੈਗਸਟਾਫ ਸ਼ਹਿਰ ਹੈ, ਦੇ ਨੇੜੇ ਧਰਤੀ 'ਤੇ ਡਿਗਿਆ ਸੀ। ਉਲਕਾ-ਪਿੰਡ, ਜਿਸਨੂੰ ਬੈਰਿੰਗਰ ਕ੍ਰੇਟਰ ਵੀ ਕਿਹਾ ਜਾਂਦਾ ਹੈ, ਲਗਭਗ 1 ਮੀਲ ਵਿਆਸ ਦਾ ਹੈ ਅਤੇ ਵਿਗਿਆਨੀਆਂ ਦੁਆਰਾ ਇਸਦਾ ਕਾਫ਼ੀ ਅਧਿਐਨ ਕੀਤਾ ਗਿਆ ਹੈ।

**ਪੇਸ਼ਕਸ਼:** ਅਮਨਦੀਪ ਸਿੰਘ




ਵਿਗਿਆਨਕ ਨਿਬੰਧ

# ਨੋਬਲ ਪੁਰਸਕਾਰ - ਸਾਨੂੰ ਕਿਉਂ ਨਹੀਂ ਮਿਲਦੇ


## ਪ੍ਰਿੰ.ਹਰੀ ਕ੍ਰਿਸ਼ਨ ਮਾਇਰ


ਵਿਗਿਆਨ ਦੇ ਖੇਤਰ ਵਿੱਚ, ਭਾਰਤੀ ਵਿਗਿਆਨੀ, ਡਾ.ਸੀ. ਵੀ. ਰਮਨ ਨੂੰ ਸੰਨ 1930 ਵਿਚ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਮਿਲਿਆ ਸੀ। ਪਰ ਇਹ ਸੋਚ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਉਸ ਤੋਂ ਬਾਅਦ ਹੁਣ ਤੀਕ,ਕਿਸੇ ਵੀ ਭਾਰਤੀ ਵਿਗਿਆਨੀ ਨੂੰ ਕੋਈ ਨੋਬਲ ਪੁਰਸਕਾਰ ਨਹੀਂ ਮਿਲਿਆ। ਤੁਸੀਂ ਜ਼ਰੂਰ ਸੋਚਦੇ ਹੋਵੋਗੇ ਕਿ ਕਈ ਭਾਰਤੀ ਵਿਗਿਆਨੀਆਂ ਨੇ ਵਿਦੇਸ਼ਾਂ ਵਿਚ ਜਾਕੇ ਨੋਬਲ ਪੁਰਸਕਾਰ ਜ਼ਰੂਰ ਹਾਸਿਲ ਕੀਤੇ ਸਨ, ਉਹ ਵੀ ਉਦੋਂ ਜਦੋਂ ਉਹ ਕਿਸੇ ਹੋਰ ਮੁਲਕ ਦੇ ਨਾਗਰਿਕ ਬਣ ਚੁੱਕੇ ਸਨ। ਡਾ. ਹਰ ਗੋਬਿੰਦ ਖੁਰਾਣਾ ਨੂੰ ਸੰਨ 1968 'ਚ ਦਵਾਈਆਂ ਦੇ ਖੇਤਰ ਵਿੱਚ ਨੋਬਲ ਪੁਰਸਕਾਰ ਮਿਲਿਆ। ਸੁਬਰਾਮਨੀਅਮ ਚੰਦਰ ਸ਼ੇਖਰ ਨੂੰ,ਸੰਨ 1983 'ਚ ਫਿਜਿਕਸ ਦਾ ਨੋਬਲ ਪੁਰਸਕਾਰ ਮਿਲਿਆ। ਵੈਂਕਟਾਰਮਨ ਰਾਮਾਕ੍ਰਿਸ਼ਨਨ ਨੂੰ ਸੰਨ 2009 ਵਿੱਚ ਰਸਾਇਣ ਵਿਗਿਆਨ ਦੇ ਖੇਤਰ ਵਿੱਚ ਨੋਬਲ ਪੁਰਸਕਾਰ ਮਿਲਿਆ ਸੀ। ਇਹ ਸਾਰੇ ਵਿਗਿਆਨੀ ਭਾਵੇਂ ਭਾਰਤ ਵਿੱਚ ਜਨਮੇਂ ਸਨ,ਪਰ ਇਨਾਮ ਲੈਣ ਵੇਲੇ ਉਹ ਅਮਰੀਕਾ ਦੇ ਨਾਗਰਿਕ ਸਨ। ਮੌਜੂਦਾ ਨਿਬੰਧ ਵਿੱਚ ਅਸੀਂ ਕੁਝ ਪ੍ਰਮੁੱਖ ਭਾਰਤੀ ਵਿਗਿਆਨੀਆਂ ਬਾਰੇ ਚਰਚਾ ਕਰਾਂਗੇ, ਜਿੰਨਾਂ ਦਾ ਖੋਜ ਕਾਰਜ ਵਿਸ਼ਵ ਪੱਧਰ ਦਾ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਨੋਬਲ ਪੁਰਸਕਾਰ ਨਹੀਂ ਮਿਲ ਸਕਿਆ। ਜਦ ਕਿ ਪੁਰਸਕਾਰ ਲਈ ਉਨ੍ਹਾਂ ਦੀ ਨਾਮਜ਼ਦਗੀ ਵੀ ਵਾਰ ਵਾਰ ਕੀਤੀ ਜਾਂਦੀ ਰਹੀ ਸੀ।

ਚਰਚਾ ਦੀ ਸ਼ੁਰੂਆਤ ਆਪਾਂ ਸਰ ਜਗਦੀਸ਼ ਚੰਦਰ ਬੋਸ ਤੋਂ ਕਰਦੇ ਹਾਂ। ਜਗਦੀਸ਼ ਚੰਦਰ ਬੋਸ ਨੇ ਸੰਨ 1897 ਵਿੱਚ ਸਭ ਤੋਂ ਪਹਿਲਾਂ 'ਤਾਰ ਮੁਕਤ ਸੰਚਾਰ' ਦੀ ਖੋਜ ਬਾਰੇ ਰਾਇਲ ਇੰਸਟੀਚਿਊਟ ਲੰਡਨ ਵਿੱਚ ਚਰਚਾ ਕੀਤੀ ਸੀ। ਉਸ ਨੇ ਲੋਹੇ ਅਤੇ ਪਾਰੇ ਦਾ ਉਪਯੋਗ ਕਰਕੇ ਰੇਡੀਉ ਤਰੰਗ ਰੀਸੀਵਰ 'ਕੋਹੇਰਰ'ਵੀ ਤਿਆਰ ਕੀਤਾ ਸੀ। ਆਪਣੀ ਇਸ ਖੋਜ ਨੂੰ ਉਸਨੇ ਲੰਡਨ ਅਤੇ ਕਲਕੱਤਾ ਵਿੱਚ ਪ੍ਰਦਰਸ਼ਤ ਵੀ ਕੀਤਾ ਸੀ। ਪਰ ਤਾਰ ਮੁਕਤ ਸੰਚਾਰ ਦੀ ਖੋਜ ਤੇ ਸੰਨ 1909 ਵਿੱਚ ਨੋਬਲ ਪੁਰਸਕਾਰ ਇਟਲੀ ਦੇ ਖੋਜੀ ਗੁਗਲੀਲਮੋ ਮਾਰਕੋਨੀ ਨੂੰ ਮਿਲਿਆ ਸੀ। ਕਾਰਨ ਇਹ ਵੀ ਹੋ ਸਕਦਾ ਕਿ ਬੋਸ ਨੇ ਆਪਣੀ ਖੋਜ ਨੂੰ ਪੇਟੇਂਟ ਨਹੀਂ ਕਰਵਾਇਆ ਸੀ।ਜਗਦੀਸ਼ ਚੰਦਰ ਬੋਸ ਨੇ ਪੌਦਿਆਂ ਦੀ ਸੰਵੇਦਨਸ਼ੀਲਤਾ ਅਤੇ ਅਰਧਚਾਲਕਾਂ ਬਾਰੇ ਹੋਰ ਵੀ ਮਹੱਤਵਪੂਰਨ ਖੋਜਾਂ ਕੀਤੀਆਂ ਸਨ। ਜੇ ਉਹ ਆਪਣੀਆਂ ਖੋਜਾਂ ਨੂੰ ਖੁੱਲ੍ਹੇ ਆਮ ਜਨਤਕ ਨਾਂ ਕਰਨ ਦੀ ਬਜਾਏ ਪੇਟੈਂਟ ਕਰਾ ਲੈਂਦਾ ਤਾਂ ਬਿਨਾ ਸ਼ੱਕ ਉਸ ਨੂੰ ਨੋਬਲ ਪੁਰਸਕਾਰ ਜ਼ਰੂਰ ਮਿਲ ਜਾਣਾ ਸੀ।

ਇਸ ਲੜੀ ਵਿੱਚ ਦੂਜਾ ਨਾਂ ਸਤੇਂਦਰ ਨਾਥ ਬੋਸ ਦਾ ਆਉਂਦਾ ਹੈ। ਉਸ ਨੇ ਐਲਬਰਟ ਆਇਨਸਟਾਈਨ ਨਾਲ ਮਿਲ ਕੇ ਬੋਸ-ਆਇਨਸਟਾਈਨ ਸਟੈਟਿਸਟਿਕ,ਬੋਸ- ਆਇਨਸਟਾਈਨ ਕੰਡਨਸੇਟ ਅਤੇ ਬੋਸਾਨ ਕਣ ਦਾ ਸਿਧਾਂਤਿਕ ਸੰਕਲਪ ਦਿੱਤਾ, ਜਿਸ ਨੂੰ ਸੰਨ 2012 ਵਿੱਚ ਹਿਗਜ਼ ਵੱਲੋਂ ਖੋਜ ਵੀ ਲਿਆ ਗਿਆ। ਉਸ ਦੀਆ ਕੀਤੀਆਂ ਖੋਜਾਂ ਨੂੰ ਹੋਰ ਅੱਗੇ ਵਧਾਉਣ ਵਾਲੇ ਖੋਜਾਰਥੀਆਂ ਨੂੰ ਤਾਂ ਨੋਬਲ ਪੁਰਸਕਾਰ ਮਿਲ ਗਿਆ, ਪਰ ਸਤੇਂਦਰ ਨਾਥ ਬੋਸ ਨੂੰ ਜ਼ਿੰਦਗੀ ਭਰ ਇਹ ਪੁਰਸਕਾਰ ਨਹੀਂ ਮਿਲਿਆ।

ਇਸ ਲੜੀ ਵਿੱਚ ਤੀਜਾ ਨਾਂ ਭਾਰਤੀ ਨਿਊਕਲੀਅਰ ਊਰਜਾ ਦੇ ਪਿਤਾਮਾ ਡਾ. ਹੋਮੀ ਜਹਾਂਗੀਰ ਭਾਬਾ ਦਾ ਆਉਂਦਾ ਹੈ।ਭਾਬਾ ਕਾਸਮਿਕ ਵਿਕੀਰਨਾਂ ਅਤੇ ਨਿਊਕਲੀਅਰ ਫਿਜਿਕਸ ਦਾ ਖੋਜੀ ਸੀ। ਯੂਰਪ ਦੇ ਨਾਮਵਰ ਖੋਜੀਆਂ ਨਾਲ ਉਸਦੇ ਬੜੇ ਸੁਖਾਵੇ ਸੰਬੰਧ ਸਨ। ਉਸ ਦੇ ਖੋਜ ਕੰਮ ਦਾ ਸਭ ਨੂੰ ਇਲਮ ਸੀ। ਉਨ੍ਹਾਂ ਵਿੱਚੋਂ ਕਦੀ ਕਿਸੇ ਨੇ ਭਾਬਾ ਦੇ ਨਾਂ ਦੀ ਨੋਬਲ ਪੁਰਸਕਾਰ ਲਈ ਸਿਫ਼ਾਰਿਸ਼ ਨਹੀਂ ਕੀਤੀ ਸੀ।ਸੰਨ 1951-1956 ਦੌਰਾਨ ਉਸ ਦੇ ਨਾਂ ਦੀ ਸਿਫ਼ਾਰਿਸ਼ ਪੈਰਿਸ ਦੇ ਇਕ ਗਣਿਤਿਗ ਜੈਕੁਅਸ ਹਡਾਮਾਰਡ ਵੱਲੋਂ ਕਈ ਵਾਰੀ ਕੀਤੀ ਗਈ।ਪਰ ਭਾਬਾ ਦਾ ਨਾਂ ਕਦੀ ਵੀ ਇਸ ਪੁਰਸਕਾਰ ਲਈ ਵਿਚਾਰਿਆ ਨਹੀਂ ਗਿਆ।ਕਾਰਨ ਇਹ ਵੀ ਹੋ ਸਕਦਾ ਹੈ ਕਿ ਇਸ ਤੋਂ ਪਹਿਲਾਂ ਕਾਸਮਿਕ ਰੇਡੀਏਸ਼ਨ ਦੀ ਖੋਜ ਤੇ ਨੋਬਲ ਪੁਰਸਕਾਰ ਮਿਲ ਚੁੱਕਾ ਸੀ। ਨੋਬਲ ਕਮੇਟੀ ਨੇ ਇਸ ਵਿਸ਼ੇ ਤੇ ਖੋਜ ਨੂੰ ਬਹੁਤਾ ਗੌਲ਼ਿਆ ਹੀ ਨਹੀਂ।ਦੂਜਾ ਕਾਰਨ ਭਾਬਾ ਨੂੰ ਭਾਰਤੀ ਊਰਜਾ ਵਿਭਾਗ ਦੀ ਜ਼ੁੰਮੇਵਾਰੀ ਮਿਲਣ ਕਰਕੇ, ਉਹ ਕੌਮੀ ਪੱਧਰ ਤੇ ਖੋਜ ਕਰਨ ਵਿੱਚ ਜੁੱਟ ਗਿਆ ਸੀ।ਖੋਜੀ ਤੋਂ ਵੱਧ ਅਧਿਕਾਰੀ ਬਣ ਗਿਆ।ਵਿਸ਼ਵ ਪੱਧਰ ਤੇ ਆਪਣੀ ਖੋਜ ਦਾ ਰਾਬਤਾ ਸਿਰਕੱਢ ਵਿਗਿਆਨੀਆਂ ਨਾਲ ਬਣਾ ਕੇ ਨਹੀਂ ਰੱਖ ਸਕਿਆ।ਉਸ ਦੀ ਬੇਮੌਕਾ ਹੋਈ ਮੌਤ ਵੀ ਇਸ ਦਾ ਇਕ ਵੱਡਾ ਕਾਰਨ ਮੰਨੀ ਜਾ ਸਕਦੀ ਹੈ।

ਇਸ ਲੜੀ ਵਿੱਚ ਚੌਥਾ ਭਾਰਤੀ ਵਿਗਿਆਨੀ ਡਾ. ਮੇਘ ਨਾਦ ਸਾਹਾ ਆਉਂਦਾ ਹੈ।ਮੇਘ ਨਾਦ ਸਾਹਾ ਦੀ ਖੋਜ ਕੀਤੀ ਥਰਮਲ ਆਇਨੀਕਰਨ ਸਮੀਕਰਨ ਨੂੰ ਖਗੋਲ ਭੌਤਿਕ ਵਿਗਿਆਨ ਵਿਚ ਬੜੀ ਮਹੱਤਵ ਪੂਰਨ ਸਮੀਕਰਨ ਮੰਨਿਆਂ ਜਾਂਦਾ ਹੈ।ਇਹ ਸਮੀਕਰਨ ਤੱਤਾਂ ਦੀ ਆਇਨਿਕ ਅਵਸਥਾ ਦਾ ਸੰਬੰਧ ਤਾਪਮਾਨ ਅਤੇ ਦਬਾਅ ਨਾਲ ਜੋੜਦੀ ਹੈ।ਉਸ ਦੀ ਇਹ ਸਮੀਕਰਨ ਤਾਰਿਆਂ ਤੋਂ ਆ ਰਹੀਆਂ ਸਪੈਕਟ੍ਰਮੀ ਰੇਖਾਵਾਂ( ਸਪੈਕਟਰਲ ਲਾਈਨਾਂ) ਦੇ ਸਹੀ ਵਿਸ਼ਲੇਸ਼ਣ ਕਰਨ ਵਿੱਚ ਬੜੀ ਕਾਰਗਰ ਮੰਨੀ ਗਈ ਹੈ।ਡਾ. ਸਾਹਾ ਦਾ ਨਾਂ ਨੋਬਲ ਪੁਰਸਕਾਰ ਲਈ ਸੰਨ 1930-1955 ਦੌਰਾਨ ਦਵੇਂਦਰ ਮੋਹਨ ਬੋਸ ਅਤੇ ਸਿਸਿਰ ਕੁਮਾਰ ਮਿੱਤਰਾ ਵੱਲੋਂ ਨਾਮਜ਼ਦ ਕੀਤਾ ਗਿਆ।ਪਰ ਉਸ ਦਾ ਨਾਂ ਕਦੀ ਵੀ ਪੁਰਸਕਾਰ ਲਈ ਵਿਚਾਰਿਆ ਨਹੀਂ ਗਿਆ।

ਇਸ ਲੜੀ ਵਿੱਚ ਪੰਜਵਾਂ ਨਾਂ ਈ.ਸੀ.ਜਾਰਜ ਸੁਦਰਸ਼ਨ ਦਾ ਆਉਂਦਾ ਹੈ।ਉਸ ਦਾ ਕੁਆਂਟਮ ਆਪਟਿਕਸ ਅਤੇ ਕੋਹੇਰੈਂਸ ਤੇ ਖੋਜ ਕਾਰਜ ਵਿਸ਼ਵ ਪੱਧਰ ਦਾ ਸੀ।ਉਸ ਦੀ ਖੋਜ ਨੂੰ ਵਿਗਿਆਨੀ ਗਲੌਬਰ ਨੇ ਆਪਣੀ ਦੱਸ ਕੇ ਨੋਬਲ ਪੁਰਸਕਾਰ ਪ੍ਰਾਪਤ ਕਰ ਲਿਆ ਸੀ।ਜਾਰਜ ਸੁਦਰਸ਼ਨ ਨੇ ਇਸ ਸੰਬੰਧ ਵਿੱਚ ਨੋਬਲ ਕਮੇਟੀ ਨੂੰ ਸ਼ਿਕਾਇਤ ਵੀ ਕੀਤੀ ਸੀ।ਗਲੌਬਰ ਨੇ ਉਸਦੀ ਖੋਜ ਚੋਰੀ ਕਰਕੇ, ਨੋਬਲ ਕਮੇਟੀ ਦੀ ਮਿਲੀ ਭੁਗਤ ਨਾਲ ਨੋਬਲ ਪੁਰਸਕਾਰ ਜਿੱਤਿਆ ਸੀ।

ਇਸ ਲੜੀ ਨੂੰ ਅੱਗੇ ਤੋਰਦਿਆਂ ਛੇਵਾਂ ਨਾਂ ਜੀ. ਐਨ ਰਾਮਾਚੰਦਰਨ ਦਾ ਲ਼ਿਆ ਜਾ ਸਕਦਾ ਹੈ।ਉਸ ਨੇ ਮਨੁੱਖੀ ਸਰੀਰ ਵਿੱਚ ਸਭ ਤੋਂ ਵੱਧ ਪਾਈ ਜਾਣ ਵਾਲੀ ਪ੍ਰੋਟੀਨ ਕੋਲੇਜਨ (collagen)ਦੀ ਤ੍ਰੀ ਕੁੰਡਲੀਨੁਮਾ( ਟਰਿਪਲ ਹੈਲੀਕਲ)ਸੰਰਚਨਾ ਅਤੇ ਜੈਵ ਅਣਵਿਕ ਸੰਰਚਨਾਵਾਂ ਦੇ ਖੇਤਰ ਵਿੱਚ ਕਾਫ਼ੀ ਉੱਚ ਪੱਧਰ ਦਾ ਖੋਜ ਕਾਰਜ ਕੀਤਾ ਸੀ।ਉਸਦਾ ਨਾਂ ਨੋਬਲ ਪੁਰਸਕਾਰ ਲਈ ਨਾਮਜ਼ਦ ਵੀ ਕੀਤਾ ਗਿਆ ਸੀ।ਪਰ ਨੋਬਲ ਪੁਰਸਕਾਰ ਲਈ ਉਸ ਨੂੰ ਕਦੀ ਵਿਚਾਰਿਆ ਨਹੀਂ ਗਿਆ।

ਇਸ ਲੜੀ ਵਿੱਚ ਸੱਤਵਾਂ ਨਾਂ ਪੰਜਾਬ ਵਿੱਚ ਮੋਗੇ ਸ਼ਹਿਰ ਦੇ ਨਰਿੰਦਰ ਸਿੰਘ ਕਪਾਨੀ ਦਾ ਵੀ ਆਉਂਦਾ ਹੈ।ਉਸਦੀ ਖੋਜ 'ਆਪਟਿਕ ਫਾਇਬਰ' ਰਾਂਹੀ ਪ੍ਰਕਾਸ਼ ਦਾ ਸੰਚਾਰ' ਨੂੰ ਅਣਗੌਲਿਆਂ ਕਰਕੇ, ਇਸੇ ਖੇਤਰ ਵਿੱਚ ਨੋਬਲ ਪੁਰਸਕਾਰ

ਚਾਰਲਸ ਕਾਓ ਨੂੰ ਦੇ ਦਿੱਤਾ ਗਿਆ।ਕਪਾਨੀ ਇਸ ਖੋਜ ਦਾ ਪਹਿਲਾ ਦਾਅਵੇਦਾਰ ਸੀ ਅਤੇ ਨੋਬਲ ਪੁਰਸਕਾਰ ਦਾ ਹੱਕਦਾਰ ਵੀ।

ਇਸ ਲੜੀ ਵਿਚ ਹੋਰ ਪੰਜ ਸੱਤ ਖੋਜੀਆਂ ਦੇ ਨਾਵਾਂ ਨੂੰ ਜੋੜਿਆ ਵੀ ਜਾ ਸਕਦਾ ਹੈ। ਪਰ ਇਸ ਨਿਬੰਧ ਵਿੱਚ ਅਸੀਂ ਉਨ੍ਹਾਂ ਕਾਰਨਾਂ ਉਪਰ ਜ਼ਰੂਰ ਇਕ ਝਾਤ ਮਾਰਨੀ ਚਾਹੁੰਦੇ ਹਾਂ,ਜਿੰਨ੍ਹਾ ਕਰਕੇ ਅਸੀਂ ਆਪਣੀਆਂ ਵੱਡੀਆਂ ਖੋਜ ਪ੍ਰਾਪਤੀਆਂ ਨੂੰ,ਵਿਸ਼ਵ ਪੱਧਰ ਤੇ ਮਿਲਣ ਵਾਲੇ ਪੁਰਸਕਾਰਾਂ ਵਿੱਚ ਤਬਦੀਲ ਨਹੀਂ ਕਰ ਸਕੇ। ਮੇਰੇ ਜ਼ਿਹਨ ਵਿੱਚ ,ਕਈ ਤਰ੍ਹਾਂ ਦੇ ਵਿਚਾਰ ਚੱਕਰ ਕੱਢ ਰਹੇ ਹਨ। ਤੁਹਾਡੇ ਨਾਲ ਵੀ ਸਾਂਝੇ ਕਰ ਲੈਂਦੇ ਹਾਂ। ਆਓ ਰਲ ਕੇ ਵਿਚਾਰ ਕਰੀਏ-

ਇਹ ਵੀ ਹੋ ਸਕਦਾ ਕਿ ਭਾਰਤੀ ਖੋਜੀ ਕਿਸੇ ਭੇਦ ਭਾਵ ਜਾਂ ਵਿਤਕਰੇ ਦਾ ਸ਼ਿਕਾਰ ਹੋ ਰਹੇ ਹੋਣ। ਜਿਵੇਂ ਕਿ ਯੂਰਪੀਨ ਮੁਲਕ ਏਸ਼ੀਅਨਾਂ ਦੇ ਖੋਜ ਕੰਮ ਨੂੰ ਨਜ਼ਰ ਅੰਦਾਜ਼ ਕਰਕੇ, ਉਨ੍ਹਾਂ ਦੀ ਖੋਜ ਹੱਥਿਆ ਕੇ, ਦਾਅਪੇਚ ਲੜਾ ਕੇ ਆਪਣੇ ਖੋਜੀਆਂ ਨੂੰ ਪੁਰਸਕਾਰ ਦੇਣ ਨੂੰ ਤਰਜੀਹ ਦਿੰਦੇ ਆਏ ਹਨ।

ਸਵਾਲ ਇਹ ਵੀ ਉੱਠਦਾ - ਕੀ ਸਾਡੇ ਵਿਗਿਆਨੀਆਂ ਦੇ ਖੋਜ ਕਾਰਜ ਵਿੱਚ ਵਧੇਰੇ ਗੁਣਾਤਮਿਕਤਾ ਨਹੀਂ? ਕੀ ਸਾਡੀ ਖੋਜ ਤੇ ਵਿਕਾਸ ਨਾਲੋ ਨਾਲ ਨਹੀਂ ਤੁਰਦੇ? ਕੀ ਸਰਕਾਰਾਂ ਦੇ ਨੀਤੀ ਘੜਨ ਵਿੱਚ ਕਿਤੇ ਕਮੀਆਂ ਤਾਂ ਨਹੀਂ ਰਹਿ ਜਾਂਦੀਆਂ?

ਸੰਯੁਕਤ ਰਾਜ ਅਮਰੀਕਾ, ਇੰਗਲੈਂਡ ਵਿੱਚ ਅੱਜ ਵੀ ਖੋਜ ਕਾਰਜ ਅਤੇ ਵਿਕਾਸ ਵਿਸ਼ਵ ਵਿਦਿਆਲਿਆਂ ਦੀ ਜ਼ੁੰਮੇਵਾਰੀ ਹਨ। ਖੋਜਾਂ ਵਿਸ਼ਵ ਵਿਦਿਆਲਿਆਂ ਤੋਂ ਨਿਕਲਦੀਆਂ ਹਨ ਤਾਂ ਤਕਨੀਕ ਅਤੇ ਉਤਪਾਦ ਤਿਆਰ ਹੁੰਦੇ ਹਨ। ਸਾਡੀਆਂ ਯੂਨੀਵਰਸਿਟੀਆਂ ਵਿੱਚ ਖੋਜ ਕਾਰਜ ਅਤੇ ਵਿਕਾਸ ਦਾ ਸੰਬੰਧ ਇਸ ਤਰਾਂ ਦਾ ਨਹੀਂ ਹੈ। ਸਾਡੇ ਮੁਲਕ ਵਿੱਚ ਵੱਖ ਖੇਤਰਾਂ ਵਿੱਚ ਪ੍ਰਯੋਗਸ਼ਾਲਾਵਾਂ ਖੋਲ੍ਹੀਆਂ ਗਈਆਂ ਹਨ। ਇਨ੍ਹਾ ਵਿੱਚ ਹੀ ਖੋਜ, ਤਕਨੀਕ ਉਤਪਾਦ ਅਤੇ ਵਿਕਾਸ ਦਾ ਨਿਰਨਾ ਹੁੰਦਾ ਹੈ। ਇਨ੍ਹਾ ਨੂੰ ਹੀ ਭਰਪੂਰ ਸਰਕਾਰੀ ਮਦਦ ਮਿਲਦੀ ਹੈ। ਆਮ ਯੂਨੀਵਰਸਿਟੀਆਂ ਤਾਂ ਇੱਥੇ ਫੰਡ ਉਡੀਕਦੀਆਂ,ਹੋਂਦ ਬਚਾਉਣ ਲਈ ਜੱਦੋ-ਜਹਿਦ ਕਰਦੀਆਂ ਜਾਪਦੀਆਂ ਹਨ। ਖੋਜ ਤੇ ਵਿਕਾਸ ਤਾਂ ਦੂਰ ਦੀ ਗੱਲ ਹੈ। ਇਸ ਨੂੰ ਵੀ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।ਖੋਜਸ਼ਾਲਾਵਾਂ ਦਾ ਤਾਲਮੇਲ ਯੂਨੀਵਰਸਿਟੀ ਵਿੱਚ ਹੋ ਰਹੇ ਖੋਜ ਕਾਰਜ ਨਾਲ ਹੋਣਾ ਚਾਹੀਦਾ ਹੈ।

ਸੰਨ 2010 ਵਿੱਚ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਨੇ ਕਿਹਾ ਸੀ- ਲਾਲ ਫੀਤਾਸ਼ਾਹੀ ਅਤੇ ਰਾਜਨੀਤਕ ਦਖਲਅੰਦਾਜ਼ੀ,ਭਾਰਤੀ ਵਿਗਿਆਨ ਦੀ ਗੁਣਾਤਮਿਕ ਤਰੱਕੀ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਇਸ ਗੱਲ ਵਿੱਚ ਕਿੰਨਾ ਕੁ ਵਜ਼ਨ ਹੈ? ਸੋਚ ਵਿਚਾਰ ਕਰਨੀ ਬਣਦੀ ਹੈ।

ਸਾਡੇ ਖੋਜੀ ਦਿਮਾਗ, ਕੁਸ਼ਲ ਡਾਕਟਰ, ਇੰਜੀਨੀਅਰ ਤਾਂ ਜਹਾਜ਼ ਭਰ ਭਰ ਯੂਰਪ ਵੱਲ ਜਾ ਰਹੇ ਹਨ। ਸਾਡੇ ਖੋਜੀ ਖੋਜ ਕਰਨ ਨਾਲੋਂ ਸੁਰੱਖਿਅਤ ਨੌਕਰੀ ਅਤੇ ਵੱਧ ਪੈਸੇ ਕਮਾਉਣ ਨੂੰ ਤਰਜੀਹ ਦਿੰਦੇ ਹਨ। ਖੋਜ ਕੰਮਾਂ ਨੂੰ ਵਕਤ ਬਰਬਾਦ ਕਰਨਾ ਸਮਝਦੇ ਹਨ। ਕੀ ਇਹ ਸਾਡੀ ਇਕ ਤ੍ਰਾਸਦੀ ਨਹੀਂ? ਜਾਂ ਸਾਡਾ ਪ੍ਰਬੰਧ ਕਿਸੇ ਪੱਖੋਂ ਊਣਾ ਹੈ।

ਸਾਡੇ ਸਿੱਖਿਆ ਪ੍ਰਬੰਧ ਵਿੱਚ ਬੱਚੇ ਦੀ ਪ੍ਰਤਿਭਾ ਅਤੇ ਬੁੱਧੀ ਦਾ ਮੁਲਾਂਕਣ ਘੋਟਾ ਲਾਏ ਪ੍ਰਸ਼ਨਾਂ ਦੇ ਉੱਤਰ ਲਿਖ ਦੇਣ ਨਾਲ ਕੀਤਾ ਜਾਂਦਾ ਹੈ। ਇਸ ਤਰਾਂ ਖੋਜ ਪ੍ਰਤੀ ਰੁੱਚੀ ਕਿਵੇਂ ਪੈਦਾ ਹੋਵੇਗੀ ਅਤੇ ਖੋਜੀਆਂ ਦੀ ਪਹਿਲੇ ਪੱਧਰ ਤੇ ਪਹਿਚਾਣ ਕਿਵੇਂ ਹੋਵੇਗੀ?

ਇਹ ਵੀ ਕਈ ਵਾਰ ਮਨ ਵਿੱਚ ਆਉਦਾ ਹੈ ਕਿ ਸਾਡੇ ਖੋਜੀ ਖੋਜ ਪ੍ਰਤੀ ਆਕ੍ਰਾਮਕ ਸੁਭਾਅ ਵਾਲੇ ਕਿਉਂ ਨਹੀਂ। ਇਹ ਖੋਜ ਕਰਦੇ ਕਰਦੇ ਖੋਜ ਨੂੰ ਇਕ ਚੁਣੌਤੀ ਭਰੇ ਮੋੜ ਤੇ ਕਿਉਂ ਛੱਡ ਜਾਂਦੇ ਹਨ ਜਾਂ ਚੁਣੌਤੀ ਦਾ ਸਾਮ੍ਹਣਾ ਕਰਕੇ ਕੁਝ ਨਵਾਂ ਤਲਾਸ਼ਣ ਦਾ ਦਮ ਨਹੀਂ ਦਿਖਾਉਂਦੇ। ਯੂਰਪੀਨ ਵਿਗਿਆਨੀਆਂ ਤੇ ਸਾਡੇ ਵਿਗਿਆਨੀਆਂ ਵਿੱਚ ਕੋਈ ਨਾਂ ਕੋਈ ਫਰਕ ਤਾਂ ਜ਼ਰੂਰ ਹੋਵੇਗਾ,ਜਿਸ ਕਰਕੇ ਨੋਬਲ ਪੁਰਸਕਾਰ ਅਕਸਰ ਉਨ੍ਹਾਂ ਦੀ ਹੀ ਝੋਲੀ ਵਿੱਚ ਜਾ ਪੈਂਦੇ ਹਨ। ਅਸੀਂ ਤਾਂ ਜਾਪਾਨੀਆਂ ਅਤੇ ਜਰਮਨ ਦੇ ਖੋਜੀਆਂ ਦੇ ਮੁਕਾਬਲੇ ਵਿੱਚ ਵੀ ਬਹੁਤ ਪੱਛੜੇ ਹੋਏ ਹਾਂ। ਉਨ੍ਹਾਂ ਦਾ ਨਾਂ ਅਕਸਰ ਨੋਬਲ ਪੁਰਸਕਾਰਾਂ ਵਿੱਚ ਆਉਂਦਾ ਰਹਿੰਦਾ ਹੈ।

ਦੇਖਣ ਵਿੱਚ ਆਉਂਦਾ ਹੈ ਕਿ ਜਿਹੜੇ ਵਿਦਿਆਰਥੀ ਖੋਜ ਕਰਨ ਵਿੱਚ ਰੁਚਿਤ ਹੁੰਦੇ ਹਨ, ਉਨ੍ਹਾਂ ਦਾ ਯੂਨੀਵਰਸਿਟੀਆਂ ਜਾਂ ਪ੍ਰਯੋਗਸ਼ਾਲਾਵਾਂ ਵਿੱਚ ਸਿੱਧਾ ਦਾਖਲਾ ਨਹੀਂ ਹੁੰਦਾ।

ਰਾਜਸੀ ਦਬਾਅ ਜਾਂ ਦਖਲਅੰਦਾਜ਼ੀ ਵੀ ਇਸ ਸੰਦਰਭ ਵਿੱਚ ਆਪਣੀ ਨਾਂਹ ਪੱਖੀ ਭੂਮਿਕਾ ਨਿਭਾਉਂਦੀ ਹੈ।ਇਸ ਕਰਕੇ ਅਸੀਂ ਆਪਣੇ ਮੁਲਕ ਦੀ ਬੇਸਕੀਮਤੀ ਬੁੱਧੀ, ਹੁਨਰ ਅਤੇ ਅਕਲ ਨੂੰ ਅਜਾਂਈ ਗੁਆ ਰਹੇ ਹਾਂ।ਸਾਡੇ ਵਿੱਚ ਰੋਹ ਕਿਉਂ ਨਹੀਂ ਜਾਗਦਾ ਕਿ ਅਸੀਂ ਅੱਗੇ ਵੱਧ ਰਹੇ ਦੇਸ਼ਾਂ ਜਿੰਨੇ ਨੋਬਲ ਪੁਰਸਕਾਰ ਜੇਤੂ ਕਿਉਂ ਨਹੀਂ ਪੈਦਾ ਕਰ ਸਕੇ? ਆਓ ਜ਼ਰਾ ਬੈਠ ਕੇ ਚਿੰਤਨ ਮੰਥਨ ਤਾਂ ਕਰੀਏ।

ਹਰੀ ਕ੍ਰਿਸ਼ਨ ਮਾਇਰ ਨੇ ਵਿਗਿਆਨ ਦੇ ਵਿਸ਼ੇ ਫਿਜ਼ਿਕਸ ਦਾ ਤਿੰਨ ਦਹਾਕੇ ਅਧਿਆਪਨ ਕੀਤਾ। ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਵਿਗਿਆਨ ਦੇ ਵਿਸ਼ਿਆਂ ਤੇ ਨਿਬੰਧ ਅਕਸਰ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਬਾਲ ਸਾਹਿਤ ਵਿੱਚ ਕਹਾਣੀ, ਕਵਿਤਾ, ਜੀਵਨੀਆਂ, ਬੁਝਾਰਤਾਂ ਦੀਆਂ ਤਕਰੀਬਨ ਪੰਦਰਾਂ ਪੁਸਤਕਾਂ ਛਪੀਆਂ ਹਨ। ਕੁਝ ਛਪਾਈ ਅਧੀਨ ਹਨ।



ਉਹਨਾਂ ਦੀਆਂ ਪੁਸਤਕਾਂ 'ਮਹਾਨ ਖੋਜਕਾਰ', 'ਭਾਰਤੀ ਖੋਜਕਾਰ', 'ਅਸੀਂ ਜੀਵ ਜੰਤੂ' ਭਾਗ 1 ਅਤੇ 2 ਪੁਸਤਕਾਂ ਕਾਫ਼ੀ ਚਰਚਿਤ ਰਹੀਆਂ ਹਨ।

**ਜ਼ਿੰਦਗੀ ਆਪਣੇ ਆਪ ਨੂੰ ਲੱਭਣ ਬਾਰੇ ਨਹੀਂ ਹੈ, ਇਹ ਆਪਣੇ ਆਪ ਨੂੰ ਬਣਾਉਣ ਬਾਰੇ ਹੈ। ਇੱਕ ਚੰਗਾ ਵਿਚਾਰ ਉਦੋਂ ਇੱਕ ਵਧੀਆ ਵਿਚਾਰ ਬਣ ਜਾਂਦਾ ਹੈ ਜਦੋਂ ਤੁਸੀਂ ਇਸਨੂੰ ਆਪਣੇ ਅੰਤਰਮਨ ਵਿੱਚੋਂ ਬਾਹਰ ਕੱਢਦੇ ਹੋ ਤੇ ਦੂਜਿਆਂ ਨਾਲ ਸਾਂਝਾ ਕਰਦੇ ਹੋ।**



# ਉਡਣ ਤਸ਼ਤਰੀਆਂ : ਅਣਸੁਲਝਿਆ ਪੁਲਾੜੀ ਰਹੱਸ

**ਸੁਖਮੰਦਰ ਸਿੰਘ ਤੂਰ**

ਉਡਣ ਤਸ਼ਤਰੀਆਂ ਨੂੰ ਲੈ ਕੇ ਵਿਸ਼ਵ ਭਰ ਦੇ ਵਿਗਿਆਨੀਆਂ ਵਿਚਕਾਰ ਕਈ ਤਰ੍ਹਾਂ ਦੇ ਮਤਭੇਦ ਚੱਲ ਰਹੇ ਹਨ, ਪਰ ਇਸ ਕਲਪਿਤ ਸਿਧਾਂਤ ਨੂੰ ਲੱਗਭਗ ਸਾਰੇ ਹੀ ਵਿਗਿਆਨੀ ਮੰਨ ਰਹੇ ਹਨ, ਕਿ ਜਿਵੇਂ ਪ੍ਰਿਥਵੀ ਵਾਸੀ ਬ੍ਰਹਿਮੰਡ ਦੇ ਬਾਕੀ ਗ੍ਰਹਿਆਂ ਦੀ ਖੋਜ ਕਰ ਰਹੇ ਹਨ ਉਸੇ ਹੀ ਤਰ੍ਹਾਂ ਹੋ ਸਕਦਾ ਹੈ ਕਿ ਦੂਜੇ ਗ੍ਰਹਿਆਂ 'ਤੇ ਵੀ ਕੁਝ ਅਜਿਹੀਆਂ ਮਨੁੱਖੀ ਜਾਤੀਆਂ ਹੋਣ ਜਿਹੜੀਆਂ ਕਿ ਪ੍ਰਿਥਵੀ ਤੱਕ ਪਹੁੰਚਣ ਲਈ ਉਪਰਾਲੇ ਕਰ  ਰਹੀਆਂ ਹੋਣ । ਏਲੀਅਨਜ਼ ਅਰਥਾਤ ਅਣਜਾਣ ਲੋਕ ਹੀ ਧਰਤੀ ਦੀ ਖੋਜ ਕਰਨ ਲਈ ਇਹ ਤਕਨੀਕੀ ਸਾਧਨ ਵਰਤ ਰਹੇ ਹਨ। ਹਾਲਾਂਕਿ ਇਸ ਵਿਚਾਰਧਾਰਾ ਦੀ ਵਿਗਿਆਨਕਾਂ ਕੋਲ ਵੀ ਠੋਸ ਦਲੀਲ ਨਹੀਂ ਹੈ, ਪਰ ਵਿਸ਼ਵ ਭਰ ਵਿੱਚ ਵਾਪਰ ਰਹੀਆਂ ਇਨ੍ਹਾਂ ਅਜੀਬ ਘਟਨਾਵਾਂ ਦਾ ਜੇਕਰ ਅਸੀਂ ਥੋੜ੍ਹਾ ਜਿਹਾ ਵੀ ਵਿਸ਼ਲੇਸ਼ਣ ਕਰੀਏ ਤਾਂ ਇਹ ਦ੍ਰਿਸ਼ਟੀਕੋਣ ਉਚਿਤ ਵੀ ਲੱਗਦਾ ਹੈ।

ਜੇਕਰ ਦੇਖਿਆ ਜਾਵੇ ਤਾਂ ਉੱਡਣ ਤਸ਼ਤਰੀਆਂ ਦਾ ਇਤਿਹਾਸ ਕਾਫੀ ਪੁਰਾਣਾ ਹੈ । ਸ਼ਾਇਦ ਇਸੇ ਕਰਕੇ 1947 ਤੋਂ ਲੈ ਕੇ 1968 ਤੱਕ ਅਮਰੀਕਾ ਦੀ ਹਵਾਈ ਫੌਜ ਨੇ ਇਨ੍ਹਾਂ ਨੂੰ ਰਾਸ਼ਟਰੀ ਖਤਰਾ ਸਮਝਦਿਆਂ ਹੋਇਆਂ ਇਸ ਮਾਮਲੇ ਦੀ ਕਾਫੀ ਜਾਂਚ ਪੜਤਾਲ ਵੀ ਕੀਤੀ । ਅਮਰੀਕੀ ਹਵਾਈ ਸੈਨਾ ਦੀ ਇਹ ਪੜਤਾਲ "ਆਪ੍ਰੇਸ਼ਨ ਪ੍ਰਾਜੈਕਟ ਬਲਿਊ ਬੁੱਕ" ਦੇ ਨਾਂ ਨਾਲ ਮਸ਼ਹੂਰ ਹੈ। ਇਸ ਦੀ ਰਿਪੋਰਟ ਨੂੰ ਜਨਤਕ ਰੂਪ ਵਿੱਚ ਪੇਸ਼ ਨਹੀਂ ਕੀਤਾ ਗਿਆ ਅਤੇ ਅਜੇ ਵੀ ਇਹ ਸੀਕ੍ਰੇਟ ਫਾਈਲਾਂ ਵਾਲੇ ਲਾਕਰਾਂ 'ਚ ਬੰਦ ਹੈ।

ਦੂਜੇ ਪਾਸੇ ਰੂਸੀ ਵਿਗਿਆਨੀਆਂ ਨੇ ਵੀ 1978 ਤੋਂ ਲੈ ਕੇ 1990 ਤੱਕ ਇਨ੍ਹਾਂ ਉੱਡਣ ਤਸ਼ਤਰੀਆਂ ਦੀ ਇਕ ਲੰਬੀ ਅਤੇ ਯੋਜਨਾਬੱਧ ਪੜਤਾਲ ਕੀਤੀ । ਪਹਿਲਾਂ ਤਾਂ ਰੂਸ ਨੇ ਇਸ ਦੇ ਨਤੀਜਿਆਂ ਨੂੰ ਵੀ ਗੁਪਤ ਰੱਖਿਆ, ਪਰ ਰੂਸ ਦੇ ਟੁਕੜਿਆਂ ਵਿਚ ਵੰਡੇ ਜਾਣ ਉਪਰੰਤ ਇਸ ਦੀ ਵਿਗਿਆਨ ਅਕੈਡਮੀ ਦੇ ਪ੍ਰਮੁੱਖ ਡਾ. ਯੁਲੀਏ ਪਲਾਤੋਵ ਅਤੇ ਰੱਖਿਆ ਵਿਭਾਗ ਦੇ ਕਰਨਲ ਬੋਰਿਸ ਪਲਾਤੋਵ ਨੇ ਇਸ ਦੇ ਕੁਝ ਅੰਸ਼ ਦੁਨੀਆ ਦੇ ਸਾਹਮਣੇ ਜ਼ਾਹਿਰ ਕੀਤੇ। ਇਹ ਅੰਸ਼ ਮਾਸਕੋ ਤੋਂ ਪ੍ਰਕਾਸ਼ਿਤ ਹੋਣ ਵਾਲੇ ਸਾਇੰਸ ਜਨਰਲ "ਰਿਪੋਰਟ ਆਫ ਦਿ ਅਕੈਡਮੀ ਆਫ ਸਾਇੰਸਜ਼ ਜਨਰਲ" ਵਿੱਚ ਬਕਾਇਦਾ ਪ੍ਰਕਾਸ਼ਿਤ ਵੀ ਕੀਤੇ ਗਏ।

ਰੂਸ ਅਤੇ ਅਮਰੀਕਾ ਦੇ ਵਿਗਿਆਨੀ ਕਿਸ ਆਧਾਰ ਨੂੰ ਪ੍ਰੋਤਸਾਹਿਤ ਕਰ ਰਹੇ ਹਨ?, ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਕੁਝ ਅਜਿਹੇ ਹਵਾਲਿਆਂ ਦੇ ਬਾਰੇ ਵਿਚ ਜਾਣਕਾਰੀ ਪ੍ਰਾਪਤ ਕੀਤੀ ਜਾਵੇ, ਜਿਨ੍ਹਾਂ ਦੇ ਬਾਰੇ 'ਚ ਦੋਹਾਂ ਦੇਸ਼ਾਂ ਦੇ ਵਿਗਿਆਨਕਾਂ ਨੇ ਦਿਲਚਸਪੀ ਦਿਖਾਈ ਹੈ। ਇਹ ਹੀ ਨਹੀਂ, ਵਿਸ਼ਵ ਪੱਧਰ.'ਤੇ ਇਹ ਰਹੱਸਮਈ ਘਟਨਾਵਾਂ ਅਜੇ ਰੁਮਾਂਚ ਅਤੇ ਉਤਸੁਕਤਾ ਨੂੰ ਜਨਮ ਦੇ ਰਹੀਆਂ ਹਨ। ਅਮਰੀਕੀ ਰੱਖਿਆ ਵਿਭਾਗ ਦੇ ਦਸਤਾਵੇਜ਼ ਦੱਸਦੇ ਹਨ ਕਿ 19 ਸਤੰਬਰ 1978 ਨੂੰ ਈਰਾਨ ਦੀ ਹਵਾਈ ਸੈਨਾ ਦੇ ਦੋ ਅਮਰੀਕੀ ਐਫ - 4 ਲੜਾਕੇ ਜੈਟ ਜਹਾਜ਼ਾਂ ਨੇ ਈਰਾਨ ਦੇ ਆਕਾਸ਼ ਵਿਚ ਇਕ ਉਡਣ ਤਸ਼ਤਰੀ ਵੇਖੀ ਅਤੇ ਦੋਹਾਂ ਨੇ ਉਸ ਦਾ ਪਿੱਛਾ ਕੀਤਾ। ਜਦੋਂ ਇਹ ਜਹਾਜ਼ ਤਸ਼ਤਰੀ ਦੇ ਬਿਲਕੁਲ ਨਜ਼ਦੀਕ ਪਹੁੰਚੇ ਅਤੇ ਉਸ 'ਤੇ ਮਿਜਾਈਲਾਂ ਨਾਲ ਹਮਲਾ ਕਰਨਾ ਚਾਹਿਆ ਤਾਂ ਦੋਹਾਂ ਜਹਾਜ਼ਾਂ.

'ਚ ਤਕਨੀਕੀ ਖਰਾਬੀ ਆ ਗਈ। ਤੇਜ਼ੀ ਨਾਲ ਥੱਲੇ ਵੱਲ ਡਿੱਗਦੇ ਹੋਏ ਦੋਵੇਂ ਜਹਾਜ਼ ਕੁਝ ਸਕਿੰਟਾਂ ਬਾਅਦ ਆਪਣੇ - ਆਪ ਚਾਲੂ ਹੋ ਗਏ, ਪਰ ਉਦੋਂ ਤਾਈਂ ਉਹ ਰਹੱਸਮਈ ਉੱਡਣ ਤਸ਼ਤਰੀ ਗਾਇਬ ਹੋ ਚੁੱਕੀ ਸੀ।

ਈਰਾਨ ਨਾਲ ਸਬੰਧਤ ਇਕ ਅਜਿਹੀ ਇਕ ਹੋਰ ਘਟਨਾ ਵੀ ਹੈ ਜਿਹੜੀ 8 ਅਕਤੂਬਰ 1978 ਨੂੰ ਇਕ 16 ਸਾਲ ਲੜਕੇ ਜਾਮਸ਼ਿਦ ਸੈਇਆਦੀਪੁਰ ਨਾਲ ਵਾਪਰੀ, ਜੋ ਆਪਣੀ ਪੜ੍ਹਾਈ ਦੀ ਤਿਆਰੀ ਕਰ ਰਿਹਾ ਸੀ। ਅਚਾਨਕ ਉਸ ਨੇ ਆਪਣੇ ਘਰ ਦੇ ਬਾਹਰ ਆਕਾਸ਼ ਵਿਚ ਇਕ ਉੱਡਣ ਤਸ਼ਤਰੀ ਵੇਖੀ, ਜੋ ਅਕਾਸ਼ ਵੱਲ ਨੂੰ ਉੱਡ ਰਹੀ ਸੀ। ਜਾਮਸ਼ਿਦ ਫੋਟੋਗ੍ਰਾਫੀ ਦਾ ਵੀ ਸ਼ੌਂਕ ਰੱਖਦਾ ਸੀ, ਉਸ ਸਮੇਂ ਉਸ ਕੋਲ ਕੈਮਰਾ ਵੀ ਸੀ, ਉਸ ਨੇ ਇਸ ਤਸ਼ਤਰੀ ਦੀਆਂ ਕੁਝ ਤਸਵੀਰਾਂ ਖਿੱਚ ਲਈਆਂ। ਉਸ ਨੇ ਇਹ ਤਸਵੀਰਾਂ ਜਦੋਂ ਵਿਗਿਆਨਕਾਂ ਨੂੰ ਦਿੱਤੀਆਂ ਤਾਂ ਪਤਾ ਲੱਗਾ ਕਿ ਕੁਝ ਹੀ ਸਮਾਂ ਪਹਿਲਾਂ ਤਹਿਰਾਨ ਦੇ ਇਕ ਪਾਇਲਟ ਨੇ ਵੀ ਹਵਾਈ ਅੱਡੇ ਕੋਲ ਇਕ ਅਜਿਹੀ ਤਸ਼ਤਰੀ ਦੀ ਰਿਪੋਰਟ ਦਿੱਤੀ ਸੀ। ਇਸੇ ਤਰ੍ਹਾਂ ਦੀ ਇਕ ਘਟਨਾ 27 ਦਸੰਬਰ 1980 ਨੂੰ ਇੰਗਲੈਂਡ ਵਿਚ ਵਾਪਰੀ। ਬ੍ਰਿਟਿਸ਼ ਰੱਖਿਆ ਵਿਭਾਗ ਦੇ ਇਕ ਕੈਪਟਨ ਰੈਂਕ ਦੇ ਵਿਗਿਆਨਕ ਨਿੱਕ ਪੋਪੇ ਨੂੰ ਇਸ ਘਟਨਾ ਦੀ ਜਾਂਚ ਸੌਂਪੀ ਗਈ, ਇਹ ਵਿਗਿਆਨਕ ਉੱਡਣ ਤਸ਼ਤਰੀਆਂ ਦੀ ਹੋਂਦ ਨੂੰ ਸਿਰੇ ਤੋਂ ਨਕਾਰਦਾ ਸੀ, ਉਹ ਉਨ੍ਹਾਂ ਨੂੰ ਆਕਾਸ਼ ਵਿਚ ਟੁੱਟਿਆ ਹੋਇਆ ਤਾਰਾ ਜਾਂ ਕਿਸੇ ਵਿਦੇਸ਼ੀ ਵਿਭਾਗ ਵੱਲੋਂ ਛੱਡਿਆ ਜਾਸੂਸੀ ਯੰਤਰ ਸਮਝਦਾ ਸੀ। ਪਰ ਜਿਹੜੀ ਘਟਨਾ ਉਸ ਲਈ ਪੜਤਾਲ ਦੇ ਲਈ ਆਈ ਉਸ ਕਰਕੇ ਉਸ ਨੂੰ ਮਜਬੂਰਨ ਮੰਨਣਾ ਪਿਆ ਕਿ ਬਾਹਰੀ ਗ੍ਰਹਿਆਂ ਤੋਂ ਕੁਝ ਸ਼ਕਤੀਆਂ ਪ੍ਰਿਥਵੀ ਦੇ ਨਾਲ ਸੰਪਰਕ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਪੜਤਾਲ ਨੂੰ ਅਜੇ ਵੀ ਇੰਗਲੈਂਡ ਵਿਚ "ਰੋਜਬੇਲ ਆਪ੍ਰੇਸ਼ਨ" ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

ਦਸੰਬਰ 1980 ਦੇ ਆਖਰੀ ਹਫਤੇ ਅਮਰੀਕੀ ਏਅਰ ਫੋਰਸ ਦੇ ਦਲ ਨੇ ਇਕ ਅਜੀਬ ਜਿਹੀ ਘਟਨਾ ਵੇਖੀ ਜੋ ਰਾਤ ਨੂੰ ਮਿਲਟਰੀ ਅੱਡੇ ਦੇ ਆਸ-ਪਾਸ ਪਹਿਰਾ ਦਿੰਦਾ ਸੀ। ਇਸ ਦਲ ਨੂੰ ਅਚਾਨਕ ਨਾਲ ਲੱਗਦੇ ਜੰਗਲ. 'ਚ ਕੁਝ ਅਜੀਬ ਜਿਹੀਆਂ ਰੌਸ਼ਨੀਆਂ ਦਿਖਾਈ ਦਿੱਤੀਆਂ। ਦੂਸਰੇ ਦਿਨ ਅਮਰੀਕੀ ਹਵਾਈ ਫੌਜ ਦੇ ਜਵਾਨਾਂ ਨੇ ਇਕ ਜਰਨੇਟਰ ਨਾਲ ਚੱਲਣ ਵਾਲੀਆਂ ਤੇਜ਼ ਰੌਸ਼ਨੀਆਂ, ਟੂ- ਵੇ ਰੇਡੀਓ, ਹਥਿਆਰਾਂ ਅਤੇ ਹੋਰ ਤਕਨੀਕੀ ਸਾਜੋ ਸਮਾਨ ਦਾ ਪ੍ਰਬੰਧ ਕਰਕੇ ਜੰਗਲ ਵਿਚ ਗਿਆ ਤਾਂ ਉਨ੍ਹਾਂ ਦੇ ਸਾਹਮਣੇ ਲੱਗਭਗ 20 ਫੁੱਟ ਚੌੜਾ ਅਤੇ 30 ਫੁੱਟ ਲੰਬਾ ਇਕ ਜਹਾਜ਼ ਜਿਹਾ ਜ਼ਮੀਨ 'ਤੇ ਖੜ੍ਹਾ ਸੀ। ਉਸ ਉੱਡਣ ਤਸ਼ਤਰੀ ਦੀ ਆਪਣੀ ਹੀ ਰੌਸ਼ਨੀ ਬੜੀ ਤੇਜ਼ ਸੀ। ਇਸ ਲਈ ਖੋਜੀ ਦਲ ਨੇ ਖਤਰੇ ਦਾ ਅਹਿਸਾਸ ਕਰਦਿਆਂ ਹੋਇਆਂ ਵਧੇਰੇ ਸੈਨਿਕਾਂ ਨੂੰ ਲਿਆ ਇਸ ਤਸ਼ਤਰੀ ਦਾ ਦੂਸਰੇ ਦਿਨ ਰੌਸ਼ਨੀ ਵਿਚ ਮੁਆਇਨਾ ਕਰਨਾ ਉਚਿਤ ਸਮਝਿਆ। ਦੂਜੇ ਦਿਨ ਰੌਸ਼ਨੀ ਵਿਚ ਜਦੋਂ ਸਵੇਰੇ ਇਹ ਖੋਜੀ ਟੋਲਾ ਦੁਬਾਰਾ ਉੱਥੇ ਗਿਆ ਤਾਂ ਇਹ ਤਸ਼ਤਰੀ ਉੱਥੋਂ ਗਾਇਬ ਸੀ ਅਤੇ ਜ਼ਮੀਨ 'ਚ ਇਕ ਕਾਫ਼ੀ ਚੌੜਾ 5-7 ਇੰਚ ਡੂੰਘਾ ਟੋਇਆ ਨਜ਼ਰ ਆਉਂਦਾ ਸੀ। ਨਿੱਕ ਪੋਪੇ ਇਸ ਘਟਨਾ ਦੇ ਰਹੱਸਮਈ ਕਿਰਦਾਰ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਇਸ ਰਹੱਸਮਈ ਘਟਨਾ.'ਤੇ ਇਕ ਪੁਸਤਕ "ਓਪਨ ਸਕਾਈ ਕਲੋਜ਼ਡ ਮਾਈਂਡ" ਲਿਖੀ, ਜਿਸ ਵਿਚ ਉਸ ਨੇ ਇਹ ਸਿੱਟਾ ਕੱਢਿਆ ਕਿ ਇਹ ਉਡਣ ਤਸ਼ਤਰੀਆਂ ਦੂਜੇ ਗ੍ਰਹਿਆਂ ਦੇ ਨਿਵਾਸੀਆਂ ਵੱਲੋਂ ਸਾਡੀ ਪ੍ਰਿਥਵੀ ਵੱਲ ਭੇਜੀਆਂ ਜਾ ਰਹੀਆਂ ਹਨ।

ਵਿਗਿਆਨਕਾਂ ਨੇ ਇਨ੍ਹਾਂ ਰਹੱਸਮਈ ਘਟਨਾਵਾਂ ਬਾਰੇ ਇਹ ਨਤੀਜਾ ਕੱਢਿਆ ਹੈ ਕਿ ਇਹ ਘਟਨਾਵਾਂ ਖਾਸ ਤੌਰ. 'ਤੇ ਉਚੇ ਪਹਾੜਾਂ, ਜੰਗਲਾਂ ਜਾਂ ਪਲਾੜ ਵਿਚ ਹੀ ਵੇਖੀਆਂ ਗਈਆਂ ਹਨ ਮਿਸਾਲ ਦੇ ਤੌਰ.'ਤੇ ਰੂਸ ਦਾ ਯੂਸਾਲ ਨਾਂ ਦਾ ਪਹਾੜੀ ਖੇਤਰ ਇਸ ਦ੍ਰਿਸ਼ਟੀਕੋਣ ਤੋਂ ਕਾਫੀ ਚਰਚਿਤ ਰਿਹਾ ਹੈ। ਇਸ ਖੇਤਰ ਵਿਚ ਉਡਣ ਤਸ਼ਤਰੀਆਂ ਵਰਗੀਆਂ ਰਹੱਸਮਈ ਘਟਨਾਵਾਂ ਹੋਣ ਕਰਕੇ ਇਸ ਨੂੰ "ਐਮ ਤਿਕੋਣ" ਦਾ ਨਾਂ ਦਿੱਤਾ ਹੈ। ਇਨ੍ਹਾਂ ਘਟਨਾਵਾਂ ਤੋਂ ਪ੍ਰੇਰਿਤ ਹੋ ਕੇ ਪਾਵੇਲੁ ਨਾਂ ਦੇ ਇਕ ਪੱਤਰਕਾਰ ਨੇ ਇਸ ਖੇਤਰ ਦੀ ਪੂਰੀ ਜਾਂਚ - ਪੜਤਾਲ ਕਰਨ ਦੀ ਯੋਜਨਾ ਬਣਾਈ। ਕੁਝ ਦੋਸਤਾਂ ਦੇ ਨਾਲ ਪਾਵੇਲ ਜਦੋਂ ਇਥੇ ਆਇਆ ਤਾਂ ਉਸ ਨੇ ਵੇਖਿਆ ਕਿ ਇਹ ਬਹੁਤ ਹੀ ਵਿਰਾਨ ਇਲਾਕਾ ਸੀ। ਉਹ ਕੁਝ ਦਿਨ ਉੱਥੇ ਰਿਹਾ ਅਤੇ ਉਡਣ ਤਸ਼ਤਰੀਆਂ ਤੋਂ ਇਲਾਵਾ ਉਸ ਨੇ ਮਹਿਸੂਸ ਕੀਤਾ ਕਿ ਇੱਥੋਂ ਦਾ ਵਾਤਾਵਰਣ ਵੀ ਕਿਸੇ ਵਿਦੇਸ਼ੀ ਪ੍ਰਭਾਵ ਅਧੀਨ ਹੈ। ਇੱਥੇ ਨਾ ਤਾਂ ਹਵਾ ਦੀ ਆਵਾਜ਼ ਆਉਂਦੀ ਹੈ ਅਤੇ ਨਾ ਹੀ ਪੰਛੀਆਂ ਆਦਿ ਦੇ ਚਹਿਕਣ ਦਾ ਰੌਲਾ ਸੁਣਾਈ ਦਿੰਦਾ ਸੀ। ਇੰਝ ਲੱਗਦਾ ਸੀ ਕਿ ਸਮਾਂ ਬਿਲਕੁਲ ਠਹਿਰ ਗਿਆ ਹੋਵੇ।

ਉੱਡਣ ਤਸ਼ਤਰੀਆਂ ਦੇ ਬਾਰੇ 'ਚ ਬ੍ਰਾਜ਼ੀਲ ਦੀ ਸਮੁੰਦਰੀ ਫੌਜ ਨਾਲ ਵਾਪਰੀ ਘਟਨਾ ਵੀ ਵਿਗਿਆਨਕਾਂ ਦੇ ਲਈ ਅਜੇ ਵੀ ਖੋਜ ਦਾ ਵਿਸ਼ਾ ਬਣੀ ਹੋਈ ਹੈ । ਦਰਅਸਲ 1958 ਵਿਚ ਬ੍ਰਾਜ਼ੀਲ ਦਾ ਇਕ ਸਮੁੰਦਰੀ ਬੇੜਾ ਉੱਤਰੀ ਪ੍ਰਸ਼ਾਂਤ ਮਹਾਸਾਗਰ ਵਿਚ ਵਿਚਰ ਰਿਹਾ ਸੀ । ਅਚਾਨਕ ਹੀ ਇਸ ਬੇੜੇ ਦੇ ਦਲ ਨੇ ਇਕ ਉੱਡਣ ਤਸ਼ਤਰੀ ਵੇਖੀ। ਉਸ ਸਮੇਂ ਦਲ ਕੋਲ ਕੁਝ ਵਧੀਆ ਫੋਟੋਗ੍ਰਫ਼ੀ ਦੇ ਕੈਮਰੇ ਵੀ ਸਨ। ਲਿਹਾਜ਼ਾ, ਇਨ੍ਹਾਂ ਨੇ ਇਕ - ਇਕ ਕਰਕੇ ਇਸ ਉੱਡਣ ਤਸ਼ਤਰੀ ਦੀਆਂ ਕਈ ਫੋਟੋਆਂ ਵੀ ਖਿੱਚੀਆਂ। ਅਮਰੀਕੀ ਵਿਗਿਆਨੀਆਂ ਨੇ ਕਾਫੀ ਸਮਾਂ ਖੋਜ

ਕਰਨ ਤੋਂ ਬਾਅਦ ਇਹ ਨਤੀਜਾ ਕੱਢਿਆ ਕਿ ਇਹ ਫੋਟੋ ਅਸਲੀਅਤ ਦੇ ਕਾਫੀ ਨੇੜੇ ਸਨ ਅਤੇ ਕਿਸੇ 50 ਫੁੱਟ ਲੰਬੇ ਜਹਾਜ਼ ਦੀਆਂ ਸਨ, ਜਿਹੜਾ ਕਿ 600 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲਣ ਦੀ ਯੋਗਤਾ ਰੱਖਦਾ ਸੀ । ਇਸੇ ਤਰ੍ਹਾਂ ਹੀ 5 ਮਈ, 2004 ਨੂੰ ਮੈਕਸੀਕੋ ਦੀ ਹਵਾਈ ਸੈਨਾ ਨੇ ਕੁਝ ਅਜਿਹੀਆਂ ਤਸਵੀਰਾਂ ਅਤੇ 15 ਮਿੰਟ ਦੀ ਵਿਡੀਓ ਫਿਲਮ ਵਿਗਿਆਨੀਆਂ ਨੂੰ ਦਿਖਾਈ, ਜਿਸ ਨੂੰ ਵੇਖ ਕੇ ਉੱਡਣ ਤਸ਼ਤਰੀਆਂ ਦੀ ਹੋਂਦ ਬਾਰੇ ਬਹੁਤ ਸਾਰੇ ਸ਼ੰਕੇ ਦੂਰ ਹੋ ਗਏ ਸਨ। ਇਹ ਤਸਵੀਰਾਂ ਮੈਕਸੀਕੋ ਦੇ ਸੈਨਿਕਾਂ ਨੇ ਉਸ ਵੇਲੇ ਖਿੱਚੀਆਂ ਜਦੋਂ ਉਨ੍ਹਾਂ ਦੇ ਲੜਾਕੂ ਜਹਾਜ਼ ਆਕਾਸ਼ ਵਿਚ ਅਭਿਆਸ ਕਰ ਰਹੇ ਸਨ। ਅਚਾਨਕ ਉਨਾਂ ਨੇ ਰੌਸ਼ਨੀ ਦੇ 11 ਗੋਲੇ ਆਪਣੇ ਵੱਲ ਆਉਂਦੇ ਵੇਖੇ। ਇਨਾਂ ਨੂੰ ਵੇਖ ਕੇ ਮੈਕਸੀਕੋ ਦੇ ਸੈਨਿਕਾਂ ਦਾ ਅਚੰਭਿਤ ਹੋ ਜਾਣਾ ਸੁਭਾਵਿਕ ਹੀ ਸੀ। ਇਸ ਲਈ ਉਨ੍ਹਾਂ ਜੁਆਬੀ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਸਬੂਤ ਵਜੋਂ ਤਸਵੀਰਾਂ ਵੀ ਲੈਣੀਆਂ ਸ਼ੁਰੂ ਕਰ ਦਿੱਤੀਆਂ, ਪਰ ਇਸ ਤੋਂ ਪਹਿਲਾਂ ਕੋਈ ਘਟਨਾ ਵਾਪਰਦੀ, ਇਹ ਅੱਗ ਦੇ ਗੋਲੇ ਅਚਾਨਕ ਹੀ ਆਕਾਸ਼ ਵਿਚ ਕਿਧਰੇ ਲੁਪਤ ਹੋ ਗਏ।

ਉੱਡਣ ਤਸ਼ਤਰੀਆਂ ਸਬੰਧੀ ਇਨ੍ਹਾਂ ਹਵਾਲਿਆਂ ਨੂੰ ਇੱਥੇ ਦੇਣ ਦਾ ਇਹ ਭਾਵ ਹਰਗਿਜ਼ ਹੀ ਨਹੀਂ ਹੈ ਕਿ ਦੂਜੇ ਗ੍ਰਹਿਆਂ ਦੇ ਲੋਕਾਂ ਵੱਲੋਂ ਸਾਡੀ ਧਰਤੀ ਨਾਲ ਸੰਪਰਕ ਕਰਨ ਦੇ ਪੱਕੇ ਸਬੂਤ ਮਿਲ ਗਏ ਹਨ। ਅਜੇ ਵੀ ਸਾਡੀ ਧਰਤੀ ਦੇ ਵਿਗਿਆਨਕ ਇਨ੍ਹਾਂ ਉੱਡਣ ਤਸ਼ਤਰੀਆਂ ਦੀ ਆਮਦ ਨੂੰ ਪੂਰੀ ਤਰ੍ਹਾਂ ਸਿੱਧ ਨਹੀਂ ਕਰ ਸਕੇ।



ਸੁਖਮੰਦਰ ਸਿੰਘ ਤੂਰ ਜ਼ਿਆਦਾਤਰ ਵਿਗਿਆਨ, ਵਾਤਾਵਰਣ, ਜੀਵ ਵਿਕਾਸ, ਬਾਲ ਵਿਕਾਸ ਅਤੇ ਸਮਾਜਿਕ ਸਰੋਕਾਰ ਬਾਰੇ ਲਿਖਦਾ ਹੈ। ਉਸਦੇ ਪੰਜਾਬੀ ਦੇ ਪ੍ਰਮੁੱਖ ਪੱਤਰਾਂ ਵਿਚ ਸੈਂਕੜੇ ਲੇਖ ਪ੍ਰਕਾਸ਼ਿਤ ਹੋ ਚੁੱਕੇ ਹਨ।

# ਚੰਨ ਗ੍ਰਹਿਣ ਤੋਂ ਪਹਿਲਾਂ

ਅਮਨਦੀਪ ਸਿੰਘ

ਅੱਜ ਆਕਾਸ਼ ਵਿੱਚ

ਇੱਕ ਨਵਾਂ ਅਜਬ ਹੀ ਚੰਨ ਹੈ ਚੜ੍ਹਿਆ

ਜਿਸ ਨੇ ਸਿਆਹ ਅਸਮਾਨ ਨੂੰ -

ਚਾਂਦੀ ਰੰਗੀ ਬਰਕ ਨਾਲ ਹੈ ਜੜਿਆ

ਇੱਕ ਵੱਖਰੀ ਲੋਅ ਦਾ ਚੱਕਰ ਲੈ ਕੇ

ਬ੍ਰਿਛਾਂ ਦੀਆਂ ਟਹਿਣੀਆਂ ਵਿੱਚੋਂ ਝਾਤੀ ਮਾਰਦਾ

ਹੌਲ਼ੀ - ਹੌਲ਼ੀ ਆਕਾਸ਼ ਵਿੱਚ ਉੱਚਾ ਚੜ੍ਹਦਾ

ਹੋਰ ਵੀ ਪ੍ਰਜਵਲਿਤ ਹੁੰਦਾ ਹੋਇਆ -

ਰੁਪਹਿਲੀ ਚਮਕ ਵਿਖੇਰਦਾ

ਠੰਡੀ - ਠੰਡੀ ਚਾਨਣੀ ਦੀ ਲੋਈ ਲੈ ਕੇ

ਆਪ ਕਾਲ਼ੇ ਬੱਦਲਾਂ ਪਿੱਛੇ ਛਿਪਦਾ

ਲੁਕਣਮੀਟੀ ਖੇਡਦਾ

ਖਿਤਿਜ ਦੀ ਰੇਖਾ ਤੋਂ ਨਿੱਕਲ ਕੇ

ਧੁਰ-ਆਕਾਸ਼ ਵਿੱਚ ਉੱਪਰ ਚੜ੍ਹਦਾ ...

ਬੇਖ਼ਬਰ! ਉਹ ਨਹੀਂ ਜਾਣਦਾ

ਕਿ ਅੱਜ ਦੀ ਰਾਤ ਉਸਨੂੰ ਗ੍ਰਹਿਣ ਲੱਗੇਗਾ!

ਉਸ ਦੀ ਆਪਣੀ ਧਰਤੀ ਦਾ ਪਰਛਾਵਾਂ

ਉਸ ਦੇ ਮੁੱਖ ਨੂੰ ਢਕੇਗਾ!

ਜਦ ਸੂਰਜ, ਧਰਤੀ ਤੇ ਚੰਨ

ਇਕ ਸਰਲ ਰੇਖਾ ਵਿੱਚ ਹੋ ਕੇ

ਗ੍ਰਹਿ-ਯੁਤੀ (Syzygy) ਬਣਾਉਣਗੇ

ਉਹ ਇਹ ਵੀ ਨਹੀਂ ਜਾਣਦਾ

ਕਿ ਗ੍ਰਹਿਣ ਤੋਂ ਬਾਅਦ

ਉਹ ਹੋਰ ਵੀ ਸੁੰਦਰ ਬਣਕੇ ਨਿਕਲੇਗਾ!




ਸੰਨ 2120 ਦਾ ਸਾਲ ਸੀ। ਮੰਗਲ ਗ੍ਰਹਿ ਵੱਲ ਪਹਿਲਾ ਮਨੁੱਖੀ ਮਿਸ਼ਨ ਭੇਜਣ ਦੀਆਂ ਤਿਆਰੀਆਂ ਪੂਰੇ ਜੋਰ ਸ਼ੋਰ ਨਾਲ ਚਲ ਰਹੀਆਂ ਸਨ। ਪੁਲਾੜੀਵਾਹਣ 'ਕਲਸ਼'ਵਿਚ ਭੇਜੇ ਜਾ ਰਹੇ 10 ਖੋਜੀ ਮਾਹਿਰਾਂ ਦੀ ਟੋਲੀ ਦੀ ਸਖ਼ਤ ਸਿਖਲਾਈ ਸਫਲਤਾਪੂਰਨ ਪੂਰੀ ਹੋ ਚੁੱਕੀ ਸੀ। ਮੰਗਲ ਗ੍ਰਹਿ ਦੀ ਧਰਤੀ ਉੱਤੇ ਮੌਜੂਦ ਖਣਿਜਾਂ ਦੇ ਨਮੂਨੇ ਲਿਆਉਣ ਲਈ ਉਨ੍ਹਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ ਗਈਆਂ ਸਨ। ਅੰਤਰਰਾਸ਼ਟਰੀ ਭੂ-ਵਿਗਿਆਨ ਸੰਸਥਾ ਦੇ ਮਾਹਿਰਾਂ ਦਾ ਯਕੀਨ ਸੀ ਕਿ ਕਲਸ਼ ਦੇ ਮਾਹਿਰ ਖੋਜੀ, ਮੰਗਲ ਦੀ ਧਰਤੀ ਵਿਖੇ ਖਣਿਜਾਂ ਦੇ ਭੰਡਾਰ ਲੱਭ ਸਕਣਗੇ। ਜਿਨ੍ਹਾਂ ਦੀ ਪ੍ਰਾਪਤੀ ਨਾਲ ਪ੍ਰਿਥਵੀ ਵਿਖੇ ਲਾਭਦਾਇਕ ਧਾਤਾਂ ਦੀ ਘਾਟ ਨੂੰ ਪੂਰਾ ਕਰਨਾ ਸੰਭਵ ਹੋ ਜਾਵੇਗਾ।

ਤਿੰਨ ਮਹੀਨੇ ਦੀ ਲੰਮੀ ਯਾਤਰਾ ਪਿਛੋਂ 'ਕਲਸ਼'ਸਹੀ ਸਲਾਮਤ ਮੰਗਲ ਗ੍ਰਹਿ ਦੇ ਖੁੱਲੇ ਚੌੜੇ ਧਰਾਤਲ ਉੱਤੇ ਜਾ ਉੱਤਰਿਆ। ਮੰਗਲ ਗ੍ਰਹਿ ਦੀ ਸਤਹਿ ਉੱਚੀਆਂ ਨੀਵੀਆਂ ਘਾਟੀਆਂ ਨਾਲ ਭਰੀ ਪਈ ਸੀ। ਮੈਦਾਨੀ ਧਰਾਤਲ ਦੇ ਇਕ ਸਿਰੇ ਵੱਲ ਉੱਚੇ ਤੇ ਵਿਸ਼ਾਲ ਪਹਾੜਾਂ ਦਾ ਜਮਘਟ ਨਜ਼ਰ ਆ ਰਿਹਾ ਸੀ। ਘਾਟੀਆਂ ਦਾ ਆਰੰਭ ਇਸੇ ਖੇਤਰ ਵਲੋਂ ਹੋਇਆ ਲੱਗ ਰਿਹਾ ਸੀ। ਖੋਜੀ ਮਾਹਿਰ ਜਲਦੀ ਹੀ, ਮੰਗਲ ਵਿਖੇ ਮੌਜੂਦ

ਖਣਿਜਾਂ ਦੇ ਨਮੂਨੇ ਇਕੱਠੇ ਕਰਨ ਵਿਚ ਜੁੱਟ ਗਏ। ਮੈਦਾਨੀ ਧਰਾਤਲ ਦੇ ਨਮੂਨੇ ਇੱਕਠੇ ਕਰ ਲੈਣ ਪਿਛੋਂ ਉਨ੍ਹਾਂ ਪਹਾੜੀ ਖੇਤਰ ਦੀ ਜਾਂਚ ਕਰਨ ਦਾ ਮਨ ਬਣਾਇਆ।

'ਕਲਸ਼' ਵਿਖੇ ਮੌਜੂਦ ਛੋਟੇ ਪੁਲਾੜੀਵਾਹਨ 'ਗੁਟਾਰ;' ਦੀ ਵਰਤੋਂ ਨਾਲ ਪਹਾੜੀ ਖੇਤਰ ਵਿਖੇ ਪੁੱਜਣ ਦਾ ਫੈਸਲਾ ਕੀਤਾ ਗਿਆ। ਇਸ ਕਾਰਜ ਲਈ ਚਾਰ ਪੁਲਾੜ ਯਾਤਰੂਆਂ – ਰਾਕੇਸ਼ ਸਿੰਘ, ਵਨੀਤਾ ਵਿਲੀਅਮ, ਅਰਸ਼ਦ ਸੁਹੇਲ ਅਤੇ ਸਪਨਾ ਚਾਵਲਾ ਨੂੰ ਚੁਣਿਆ ਗਿਆ। ਜਿਵੇਂ ਹੀ ਗੁਟਾਰ ਇਨ੍ਹਾਂ ਚਾਰੋਂ ਯਾਤਰੂਆਂ ਨੂੰ ਲੈ ਕੇ ਪਹਾੜਾਂ ਕੋਲੇ ਪੁੱਜੀ, ਤਾਂ ਪਹਾੜੀ ਤੇ ਮੈਦਾਨੀ ਖੇਤਰ ਵਿਚਕਾਰ ਇਕ ਵਿਸ਼ਾਲ ਡੂੰਘੀ ਖੱਡ ਨਜ਼ਰ ਆਈ। ਜਿਸ ਨੂੰ ਤੁਰ ਕੇ ਪਾਰ ਕਰਨਾ ਸੰਭਵ ਨਹੀਂ ਸੀ। ਖੱਡ ਦੇ ਪਰਲੇ ਕਿਨਾਰੇ ਵਿਖੇ ਮੌਜੂਦ ਪਹਾੜ ਉੱਚੇ ਅਤੇ ਬਹੁਤ ਹੀ ਤਿੱਖੀਆਂ ਢਲਾਣਾਂ ਸਨ। ਕਿਸੇ ਵੀ ਢਲਾਣ ਵਿਖੇ ਗੁਟਾਰ ਨੂੰ ਉਤਾਰ ਸਕਣਾ ਸੰਭਵ ਨਹੀਂ ਸੀ ਲਗ ਰਿਹਾ।

ਉਨ੍ਹਾਂ ਨੇ ਗੁਟਾਰ ਨੂੰ ਹੋਰ ਉੱਚਾ ਲਿਜਾ ਕੇ, ਪਹਾੜਾਂ ਨੂੰ ਪਾਰ ਕਰ, ਦੂਸਰੇ ਪਾਸੇ ਦੀ ਢਲਾਣ ਵਿਖੇ ਉਤਾਰਣ ਦਾ ਫੈਸਲਾ ਕੀਤਾ। ਜਿਵੇਂ ਹੀ ਉਨ੍ਹਾਂ, ਗੁਟਾਰ ਨੂੰ ਪਹਾੜਾਂ ਦੇ ਦੂਸਰੇ ਪਾਸੇ ਮੌਜੂਦ ਚੌੜੀ ਪਠਾਰ ਉੱਤੇ ਉਤਾਰਿਆ ਤਾਂ ਉਹ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਪਹਾੜਾਂ ਦੇ ਪੈਰਾਂ ਕੋਲ ਮੌਜੂਦ ਖੁੱਲੀ ਚੌੜੀ ਵਾਦੀ ਵਿਚ ਇਕ ਹੋਰ ਪੁਲਾੜੀ ਵਾਹਣ ਮੌਜੂਦ ਸੀ। ਉਹ ਸਾਰੇ ਹੈਰਾਨ ਤੇ ਉਤਸਕ ਹੋ ਗਏ। ਅਣਕਿਆਸੇ ਖ਼ਤਰੇ ਦੀ ਸੰਭਾਵਨਾ ਨੇ ਉਨ੍ਹਾਂ ਨੂੰ ਥੋੜ੍ਹਾ ਚਿੰਤਤ ਵੀ ਕਰ ਦਿੱਤਾ। ਕੁਝ ਦੇਰ ਸਲਾਹ ਮਸ਼ਵਰੇ ਪਿਛੋਂ ਉਨ੍ਹਾਂ ਫੈਸਲਾ ਕੀਤਾ ਕਿ ਰਾਕੇਸ਼ ਤੇ ਵਨੀਤਾ, ਲੇਜ਼ਰ ਗੰਨਜ਼ ਨਾਲ ਲੈਸ ਹੋ ਕੇ, ਅਣਜਾਣ ਪੁਲਾੜੀ ਵਾਹਣ ਬਾਰੇ ਜਾਣਕਾਰੀ ਲੈਣ ਜਾਣਗੇ ਅਤੇ ਅਰਸ਼ਦ ਤੇ ਸਪਨਾ, ਗੁਟਾਰ ਦੀ ਰਾਖੀ ਲਈ ਇਥੇ ਹੀ ਚੌਕਸੀਪੂਰਣ ਤੈਨਾਤ ਰਹਿਣਗੇ।

ਰਾਕੇਸ਼ ਤੇ ਵਨੀਤਾ ਪੂਰੀ ਚੌਕਸੀ ਨਾਲ ਅਣਜਾਣ ਪੁਲਾੜੀ ਵਾਹਣ ਵੱਲ ਵੱਧ ਰਹੇ ਸਨ। ਕੋਈ ਖ਼ਤਰਾ ਨਜ਼ਰ ਨਹੀਂ ਸੀ ਆ ਰਿਹਾ। ਜਿਵੇਂ ਹੀ ਉਹ ਪੁਲਾੜੀ ਵਾਹਣ ਕੋਲ ਪੁੱਜੇ ਉਨ੍ਹਾਂ ਦੇਖਿਆ ਕਿ ਵਾਹਣ ਦਾ ਇਕੋ ਇਕ ਦਰਵਾਜ਼ਾ ਖੁੱਲਾ ਪਿਆ ਸੀ। ਸਾਵਧਾਨੀ ਵਰਤਦੇ ਹੋਏ ਉਹ ਦੋਨੋਂ ਪੁਲਾੜੀ ਵਾਹਣ ਵਿਚ ਦਾਖਿਲ ਹੋ ਗਏ। ਲੰਬੇ ਕੋਰੀਡੋਰ ਦੇ ਦੋਨੋਂ ਪਾਸੇ ਕੈਬਿਨ ਬਣੇ ਹੋਏ ਸਨ। ਕੋਰੀਡੋਰ ਨੂੰ ਪਾਰ ਕਰਦੇ ਹੋਏ ਉਹ ਵਾਹਣ ਦੇ ਮੁੱਖ ਹਾਲ ਵਿਚ ਪਹੁੰਚ ਗਏ। ਇਹ ਵਾਹਣ ਦਾ ਕੰਟਰੋਲ ਰੂਮ ਜਾਪ ਰਿਹਾ ਸੀ। ਕਈ ਤਰ੍ਹਾਂ ਦੇ ਅਜਬ ਯੰਤਰ ਮੌਜੂਦ ਸਨ। ਜਿਨ੍ਹਾਂ ਉਪਰ ਅਨੇਕ ਡਾਇਲ ਤੇ ਰੰਗਬਰੰਗੇ ਸਵਿੱਚ ਲੱਗੇ ਹੋਏ ਸਨ। ਰਾਕੇਸ਼ ਨੇ ਉਤਸੁਕਤਾ ਵੱਸ ਇਕ ਸਵਿੱਚ ਦਬਾ ਦਿੱਤਾ। ਤਦ ਅਚਾਨਕ ਹੀ ਉਨ੍ਹਾਂ ਮਹਿਸੂਸ ਕੀਤਾ ਕਿ ਪੁਲਾੜੀਵਾਹਣ ਹਰਕਤ ਵਿਚ ਆ ਗਿਆ ਹੈ। ਵਨੀਤਾ ਦੌੜ ਕੇ ਵਾਹਣ ਦੀ ਖਿੜਕੀ ਕੋਲ ਪੁੱਜੀ ਤੇ ਇਹ ਦੇਖ ਹੈਰਾਨ ਰਹਿ ਗਈ ਕਿ ਪੁਲਾੜੀਵਾਹਣ ਮੰਗਲ ਗ੍ਰਹਿ ਤੋਂ ਦੂਰ ਜਾਣਾ ਸ਼ੁਰੂ ਹੋ ਚੁੱਕਾ ਸੀ। ਉਹ ਦੋਨੋਂ ਘਬਰਾ ਕੇ ਵਾਹਣ ਦੇ ਦਰਵਾਜ਼ੇ ਵੱਲ ਭੱਜੇ ਪਰ ਇਹ ਕੀ ਦਰਵਾਜ਼ਾ ਤਾ ਬੰਦ ਸੀ। ਇਸ ਅਚਾਨਕ ਤਬਦੀਲੀ ਤੋਂ ਹੈਰਾਨ ਪ੍ਰੇਸ਼ਾਨ ਹੋਏ ਉਨ੍ਹਾਂ ਦੇਖਿਆ ਕਿ ਗੁਟਾਰ ਤਾ ਹੁਣ ਸਿਰਫ਼ ਇਕ ਛੋਟੇ ਜਿਹੇ ਧੱਬੇ ਵਾਂਗ ਹੀ ਨਜ਼ਰ ਆ ਰਿਹਾ ਸੀ। ਮੁੱਖ ਹਾਲ ਵਿਚ ਵਾਪਸ ਪੁੱਜ ਉਨ੍ਹਾਂ ਪੁਲਾੜੀਵਾਹਣ ਨੂੰ ਰੋਕਣ ਲਈ ਕਈ ਯਤਨ ਕੀਤੇ ਪਰ ਸਵੈਚਾਲਿਤ ਵਾਹਣ ਟੱਸ ਤੋਂ ਮੱਸ ਨਾ ਹੋਇਆ।

ਤੇਜ਼ ਰਫਤਾਰ ਨਾਲ ਚੱਲਦਾ ਹੋਇਆ ਪੁਲਾੜੀ ਵਾਹਣ ਪਲ ਭਰ ਵਿਚ ਹੀ ਸੂਰਜ ਮੰਡਲ ਨੂੰ ਪਾਰ ਕਰ ਗਿਆ। ਰਾਕੇਸ਼ ਤੇ ਵਨੀਤਾ ਦਾ ਖਿਆਲ ਸੀ ਕਿ ਸ਼ਾਇਦ ਕਿਸੇ ਅਣਜਾਣ ਗ੍ਰਹਿ ਦੇ ਲੋਕਾਂ ਨੇ ਉਨ੍ਹਾਂ ਦਾ ਅਪਹਰਣ ਕਰ ਲਿਆ ਹੈ। ਉਹ ਖ਼ੁੱਦ ਨੂੰ, ਅਣਜਾਣ ਗ੍ਰਹਿ ਵਾਸੀਆਂ ਵਲੋਂ ਕੀਤੇ ਜਾਣ ਵਾਲੇ ਅਜੀਬੋ-ਗਰੀਬ ਤਜਰਬਿਆਂ ਦੇ ਗਿੰਨੀ ਪਿੱਗ ਵਜੋਂ ਵਰਤੇ ਜਾਣ ਬਾਰੇ ਸੋਚ ਕੇ ਹੈਰਾਨ ਪ੍ਰੇਸ਼ਾਨ ਸਨ। ਆਉਣ ਵਾਲੇ ਖ਼ਤਰਿਆਂ ਬਾਰੇ ਸੋਚ ਉਹ ਉਦਾਸ ਹੋ ਗਏ। ਪੁਲਾੜੀ ਵਾਹਣ ਨੂੰ ਰੋਕਣ ਤੇ ਵਾਪਸ ਲਿਜਾਣ ਦੇ ਸਾਰੇ ਯਤਨਾਂ ਵਿਚ ਅਸਫਲ ਹੋ ਜਾਣ ਪਿਛੋਂ, ਆਖਰ ਥੱਕ ਹਾਰ ਕੇ, ਉਹ ਹਾਲ ਕਮਰੇ ਦੀਆਂ ਕੁਰਸੀਆਂ 'ਤੇ ਬੈਠ ਸੁਸਤਾਂਦੇ ਹੋਏ ਆਉਣ ਵਾਲੇ ਹਾਲਾਤਾਂ ਦਾ ਇੰਤਜ਼ਾਰ ਕਰਨ ਲੱਗੇ।

ਪੁਲਾੜੀਵਾਹਣ ਪੂਰੀ ਰਫਤਾਰ ਨਾਲ ਚਲਦਾ ਹੋਇਆ ਦੋ ਸੂਰਜ ਮੰਡਲਾਂ ਦੇ ਪਸਾਰ ਨੂੰ ਪਾਰ ਕਰ ਤੀਸਰੇ ਸੂਰਜ ਮੰਡਲ ਦੇ ਇਕ ਗ੍ਰਹਿ (ਜਿਥੋਂ ਉਹ ਪਹਿਲਾਂ ਭੇਜਿਆ ਗਿਆ ਸੀ) ਵਿਖੇ ਜਾ ਪੁੱਜਾ। ਰਾਕੇਸ਼ ਗਹਿਰੀ ਨੀਂਦ ਵਿਚੋਂ ਤ੍ਰਭਕ ਕੇ ਉਠਿਆ ਤੇ ਖ਼ੁੱਦ ਨੂੰ ਜਿੰਦਾ ਦੇਖ ਹੈਰਾਨ ਰਹਿ ਗਿਆ। ਉਸ ਨੇ ਜਲਦੀ ਜਲਦੀ ਵਨੀਤਾ ਨੂੰ ਜਗਾਇਆ ਜੋ ਅਜੇ ਵੀ ਗਹਿਰੀ ਨੀਂਦ ਵਿਚ ਸੀ। ਉਹ ਪੁਲਾੜੀ ਵਾਹਣ ਨੂੰ ਰੋਕਣ ਲਈ ਫਿਰ ਕੋਸ਼ਿਸ਼ ਕਰਨ ਲੱਗੇ। ਪਰ ਕਿਸੇ ਅਣਜਾਣ ਸਵਿੱਚ ਦੇ ਦੱਬੇ ਜਾਣ ਕਾਰਣ ਜਾਂ ਫਿਰ ਵਾਹਣ ਦੇ ਮੁੱਖ ਕੰਪਿਊਟਰ ਦੇ ਕਿਸੇ ਪਹਿਲੋਂ ਨਿਸ਼ਚਤ ਪ੍ਰੋਗਰਾਮ ਅਨੁਸਾਰ ਵਾਹਣ ਦਾ ਦਰਵਾਜ਼ਾ ਅਚਾਨਕ ਹੀ ਖੁੱਲ ਗਿਆ। ਉਨ੍ਹਾਂ ਸੁੱਖ ਦਾ ਸਾਹ ਲਿਆ। ਜਿਵੇਂ ਹੀ ਉਹ ਪੁਲਾੜੀਵਾਹਣ ਵਿਚੋਂ ਬਾਹਰ ਆਏ, ਸਾਹਮਣੇ ਦਾ ਨਜ਼ਾਰਾ ਦੇਖ ਉਹ ਦੰਗ ਰਹਿ ਗਏ।

ਪੁਲਾੜੀਵਾਹਣ, ਅਣਜਾਣ ਗ੍ਰਹਿ ਦੀ ਉੱਚੀ ਚੌੜੀ ਪਠਾਰ ਵਿਖੇ ਉੱਤਰਿਆ ਸੀ। ਪਠਾਰ ਤੋਂ ਕੁਝ ਦੂਰੀ ਉੱਤੇ ਸਥਿਤ ਖ਼ੂਬਸੂਰਤ ਵਾਦੀ ਦਾ ਨਜ਼ਾਰਾ ਸੱਚ ਹੀ ਮਨਮੋਹਕ ਸੀ। ਖੁੱਲੇ ਮੈਦਾਨੀ

ਖੇਤਰ ਵਿਚ ਉੱਚਾ ਲੰਬਾ ਘਾਹ ਤੇ ਪੋਦੇ ਲਹਿਲਹਾ ਰਹੇ ਸਨ। ਰੰਗਬਰੰਗੇ ਪੱਤਿਆਂ ਨਾਲ ਲੱਦੇ ਰੁੱਖ ਹਵਾ ਨਾਲ ਝੂਮ ਰਹੇ ਸਨ। ਦੂਰ ਪਰੇ ਪਹਾੜੀ ਝਰਨੇ ਦਾ ਦੁੱਧ ਚਿੱਟਾ ਪਾਣੀ ਸੁਨਿਹਰੀ ਸੂਰਜ ਦੀ ਰੌਸ਼ਨੀ ਵਿਚ ਚਿਲਕੋਰਾਂ ਮਾਰ ਰਿਹਾ ਸੀ। ਬਰਫਾਨੀ ਟੀਸੀਆਂ ਵਾਲੇ ਪਹਾੜਾਂ ਦੀਆਂ ਢਲਾਣਾਂ ਵਿਖੇ ਮੌਜੂਦ ਚਟਾਨੀ ਪੱਥਰ ਪਿਛਲੇ ਦਿਨ੍ਹੀ ਪਏ ਮੀਂਹ ਕਾਰਨ ਨਵੇਂ ਨਕੋਰ ਲੱਗ ਰਹੇ ਸਨ। ਨੀਲੇ ਅੰਬਰ ਵਿਚ ਕਿਧਰੇ ਕਿਧਰੇ ਦੁੱਧ ਚਿੱਟੇ ਬੱਦਲਾਂ ਦਾ ਜਮਘਟ ਨਜ਼ਰ ਆ ਰਿਹਾ ਸੀ। ਪੂਰੀ ਵਾਦੀ ਆਪਣੇ ਕੁਦਰਤੀ ਜੋਬਨ ਉੱਤੇ ਨਜ਼ਰ ਆ ਰਹੀ ਸੀ।

ਝੂੰਮਦੇ ਰੁੱਖਾਂ ਦੇ ਨਜ਼ਾਰੇ ਨੂੰ ਦੇਖਦੇ ਹੋਏ ਰਾਕੇਸ਼ ਨੇ ਆਪਣੀ ਪੁਲਾੜੀ ਪੁਸ਼ਾਕ ਉਤਾਰ ਦਿੱਤੀ। ਉਹ ਖੁਸ਼ ਹੋ ਉਠਿਆ ਸੀ ਕਿ ਉਹ ਹੁਣ ਖੁੱਲੀ ਹਵਾ ਵਿਚ ਸਾਹ ਲੈ ਸਕਦਾ ਸੀ। ਬਹੁਤ ਹੈਰਾਨੀ ਵਾਲੀ ਗੱਲ ਸੀ ਪਰ ਹੈ ਸੀ ਸੱਚੀ ਕਿ ਉਹ ਦੋਨੋਂ ਇਕ ਨਵੀਂ ਪ੍ਰਿਥਵੀ ਉੱਤੇ ਜਾ ਪੁੱਜੇ ਸਨ। ਉਹ ਦੋਨੋਂ ਖੁੱਸ਼ੀ ਨਾਲ ਸਰਸ਼ਾਰ ਹੋ ਉੱਠੇ। ਉਨ੍ਹਾਂ ਫਲਾਂ ਲੱਦੇ ਰੁੱਖਾਂ ਨਾਲੋਂ ਤੋੜ ਤੋੜ ਤਾਜ਼ੇ ਫਲ ਖਾਧੇ ਤੇ ਪਹਾੜੀ ਝਰਨੇ ਦਾ ਠੰਡਾ ਪਾਣੀ ਪੀਤਾ। ਉਨ੍ਹਾਂ ਦੋ ਕੁ ਘੰਟੇ ਆਲੇ ਦੁਆਲੇ ਦੇ ਖੇਤਰ ਦੀ ਸੈਰ ਕੀਤੀ ਤੇ ਪ੍ਰਿਥਵੀ ਗ੍ਰਹਿ ਦੇ ਜੀਵਾਂ ਵਰਗੇ ਜੀਵਾਂ ਦੇ ਕੁਝ ਪਿੰਜਰ ਦੇਖ ਉਹ ਪ੍ਰੇਸ਼ਾਨ ਹੋ ਗਏ। ਉਨ੍ਹਾਂ ਅੰਦਾਜ਼ਾ ਲਗਾਇਆ ਕਿ ਇਹ ਗ੍ਰਹਿ, ਸ਼ਾਇਦ ਕਿਸੇ ਉਲਕਾ ਪਿੰਡ ਦੀ ਟੱਕਰ ਕਾਰਣ, ਸੱਭਿਅਕ ਜੀਵਨ ਤੋਂ ਵਾਂਝਾ ਹੋ ਚੁੱਕਾ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਸ਼ਾਇਦ ਇਸੇ ਕਾਰਣ ਹੀ, ਇਸ ਗ੍ਰਹਿ ਤੋਂ ਮੰਗਲ ਗ੍ਰਹਿ ਵਿਖੇ ਭੇਜਿਆ ਗਿਆ ਪੁਲਾੜੀ ਵਾਹਣ ਵੀ ਕੰਟਰੋਲ ਮੁਕਤ ਹੋ ਚੁੱਕਾ ਹੈ। ਇਸ ਗ੍ਰਹਿ ਵਿਖੇ ਪੁੱਜਣ ਉੱਤੇ ਗ੍ਰਹਿ ਵਾਸੀਆਂ ਵਲੋਂ ਉਨ੍ਹਾਂ ਨਾਲ ਸੰਪਰਕ ਕਰਨ ਦੀ ਕਿਸੇ ਵੀ ਕੋਸ਼ਿਸ਼ ਦੀ ਅਣਹੋਂਦ ਇਸੇ ਵਿਚਾਰ ਦੀ ਪੁਸ਼ਟੀ ਕਰ ਰਹੀ ਲੱਗਦੀ ਸੀ।

ਪੱਛਮ ਵੱਲ ਦਾ ਆਸਮਾਨ ਲਾਲ ਸੂਹਾ ਹੋ ਚੁੱਕਾ ਸੀ। ਸ਼ਾਇਦ ਸੂਰਜ ਡੁੱਬਣ ਜਾ ਰਿਹਾ ਸੀ। ਤਦ ਹੀ ਰਾਕੇਸ਼ ਤੇ ਵਨੀਤਾ ਨੇ ਪੁਲਾੜੀਵਾਹਣ ਦੇ ਕੰਟਰੋਲ ਰੂਮ ਦੇ ਸਾਰੇ ਯੰਤਰਾਂ ਨੂੰ ਪੂਰੇ ਧਿਆਨ ਨਾਲ ਘੋਖਣਾ ਸ਼ੁਰੂ ਕਰ ਦਿੱਤਾ ਤਾਂ ਜੋ ਵਾਹਣ ਨੂੰ ਕੰਟਰੋਲ ਕਰਨ ਦਾ ਭੇਦ ਪਤਾ ਲੱਗ ਸਕੇ। ਪਰ ਸਾਰੀਆਂ ਕੋਸ਼ਿਸਾਂ ਅਸਫਲ ਹੀ ਰਹੀਆਂ। ਰਾਕੇਸ਼ ਕੰਟਰੋਲ ਪੈਨਲ ਦੇ ਸਵਿਚਾਂ ਕੋਲ ਹੀ ਖੜਾ ਸੀ, ਜਿਥੇ ਉਸ ਉਤਸੁਕਤਾ ਵੱਸ ਇਕ ਸਵਿਚ ਦਬਾ ਇਹ ਜੋਖ਼ਮ ਸ਼ੁਰੂ ਕੀਤਾ ਸੀ। ਪ੍ਰੇਸ਼ਾਨੀ ਭਰੇ ਗੁੱਸੇ ਵਿਚ ਉਸ ਨੇ ਦੋ-ਤਿੰਨ ਸਵਿੱਚ ਇਕੱਠਿਆਂ ਹੀ ਦਬਾ ਦਿੱਤੇ। ਕੰਟਰੋਲ ਪੈਨਲ ਦੇ ਬਲਬ ਜਗਮਗਾ ਉੱਠੇ। ਤੁਰੰਤ ਹੀ ਵਾਹਣ ਦਾ ਦਰਵਾਜ਼ਾ ਬੰਦ ਹੋ ਗਿਆ ਅਤੇ ਪੁਲਾੜੀਵਾਹਣ ਅਣਜਾਣ ਗ੍ਰਹਿ ਤੋਂ ਉਪਰ ਉੱਠਣ ਲੱਗ ਪਿਆ।

ਦੋਨੋਂ ਪੁਲਾੜ ਯਾਤਰੀਆਂ ਦੇ ਦਿਲ ਧਕ ਧਕ ਕਰ ਰਹੇ ਸਨ। ਉਹ ਵਾਹਣ ਦੀ ਖਿੜਕੀ ਕੋਲ ਖੜੇ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇਸ ਵਾਰ ਇਹ ਵਾਹਣ ਉਨ੍ਹਾਂ ਨੂੰ ਕਿਥੇ ਲਿਜਾ ਰਿਹਾ ਹੈ। ਸਮੇਂ ਦੇ ਵਹਿਣ ਨਾਲ ਅਨੇਕ ਸੂਰਜਾਂ, ਪਰਕਰਮਾ ਕਰ ਰਹੇ ਅਣਗਿਣਤ ਗ੍ਰਹਿਆਂ, ਚੰਨਾਂ, ਉਲਕਾ ਪਿੰਡਾਂ ਤੇ ਤਾਰਿਆਂ ਦਾ ਨਜ਼ਾਰਾ ਉਨ੍ਹਾਂ ਦੀਆਂ ਅੱਖਾਂ ਅੱਗੋਂ ਲੰਘਦਾ ਗਿਆ। ਸਵੈਚਾਲਿਤ ਪੁਲਾੜੀਵਾਹਣ ਆਪਣੇ ਯਾਦ ਭੰਡਾਰ ਵਿਚ ਉੱਕਰੇ ਤੇ ਪਹਿਲੋਂ ਮਿੱਥੇ ਰਾਹ ਉੱਤੇ ਚਲਦਾ ਹੋਇਆ ਮੰਗਲ ਗ੍ਰਹਿ ਦੇ ਉਸੇ ਸਥਾਨ ਉੱਤੇ ਆ ਉੱਤਰਿਆ ਜਿਥੋਂ ਉਹ ਪਹਿਲਾਂ ਚਲਿਆ ਸੀ।


ਰਾਕੇਸ਼ ਤੇ ਵਨੀਤਾ, ਮੰਗਲ ਗ੍ਰਹਿ ਉੱਤੇ ਸਹੀ ਸਲਾਮਤ ਪੁੱਜ ਜਾਣ ਕਾਰਣ ਬਹੁਤ ਹੀ ਖੁਸ਼ ਸਨ। ਉਨ੍ਹਾਂ ਦਰਵਾਜ਼ਾ ਖੋਲਣ ਵਾਲਾ ਸਵਿੱਚ ਦਬਾਇਆ ਤੇ ਪੁਲਾੜੀ ਵਾਹਣ ਵਿਚੋਂ ਬਾਹਰ ਆ ਗਏ। ਮੰਗਲ ਦੀ ਧਰਤੀ ਉੱਤੇ ਕਦਮ ਰੱਖਦਿਆਂ ਹੀ ਉਨ੍ਹਾਂ ਖੁਸ਼ੀ ਦੀ ਕਿਲਕਾਰੀ ਮਾਰੀ ਤੇ ਕਾਹਲੇ ਕਦਮੀਂ ਗੁਟਾਰ ਵੱਲ ਵੱਧਣ ਲੱਗੇ।

ਬੀਤੇ ਸਮੇਂ ਦੌਰਾਨ ਰਾਜੇਸ਼ ਤੇ ਸਪਨਾ ਨੇ ਅਣਜਾਣ ਪੁਲਾੜੀਵਾਹਣ ਦੁਆਰਾ ਰਾਕੇਸ਼ ਤੇ ਵਨੀਤਾ ਦੇ ਅਪਹਰਣ ਦੀ ਖ਼ਬਰ ਕਲਸ਼ ਨੂੰ ਭੇਜ ਦਿੱਤੀ ਸੀ। ਜਿਸ ਦੇ ਫਲਸਰੂਪ ਖ਼ਤਰੇ ਦੇ ਆਸਾਰ ਦੇਖਦੇ ਹੋਏ ਤਿੰਨ ਹੋਰ ਖੋਜੀ ਮਾਹਿਰ ਲੋੜੀਂਦੇ ਹਥਿਆਰ ਲੈ ਦੂਜੇ ਛੋਟੇ ਪੁਲਾੜੀਵਾਹਣ 'ਨੀਲਕੰਠ' ਰਾਹੀਂ ਉਨ੍ਹਾਂ ਕੋਲ ਪੁੱਜ ਚੁੱਕੇ ਸਨ। ਪਰ ਰਾਜੇਸ਼ ਤੇ ਵਨੀਤਾ ਨੂੰ ਠੀਕ ਠਾਕ ਵਾਪਸ ਆਏ ਦੇਖ ਸਾਰੇ ਖੁੱਸ਼ੀ ਨਾਲ ਨੱਚ ਉੱਠੇ। ਅਗਲਾ ਕੁਝ ਸਮਾਂ ਦੋਨੋਂ ਧਿਰਾਂ ਨੇ ਆਪੋ ਆਪਣੀ ਕਹਾਣੀ ਸੁਣਾਉਣ ਵਿਚ ਬਤੀਤ ਕੀਤਾ। ਤਦ ਗੁਟਾਰ, ਨੀਲਕੰਠ ਤੇ ਅਣਜਾਣ ਪੁਲਾੜੀਵਾਹਣ, ਤਿੰਨਾਂ ਨੇ ਹੀ, ਕਲਸ਼ ਕੋਲ ਪੁੱਜਣ ਲਈ ਉਡਾਰੀ ਭਰ ਲਈ।

**ਸ਼ਾਂਤੀ ਤਾਕਤ ਤੇ ਜ਼ੋਰ-ਜ਼ਬਰਦਸਤੀ ਨਾਲ ਨਹੀਂ ਬਣਾਈ ਜਾ ਸਕਦੀ;**

**ਇਹ ਸਿਰਫ਼ ਇੱਕ-ਦੂਜੇ ਨੂੰ ਸਮਝ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।**

**- ਐਲਬਰਟ ਆਈਨਸਟਾਈਨ**






12 ਅਪ੍ਰੈਲ 1961 ਦੀ ਇਤਿਹਾਸਕ ਮਿਤੀ ਨੂੰ ਮਨੁੱਖਤਾ ਨੇ ਬ੍ਰਹਿਮੰਡ ਦੀ ਖੋਜ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਿਆ, ਜੋ ਖਗੋਲ ਯਾਤਰਾ ਦੇ ਇਤਿਹਾਸ ਵਿੱਚ ਇੱਕ ਮੁੱਖ ਮੋੜ ਸੀ। ਇਹ ਤਾਰੀਖ਼ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਦਰਜ ਹੋਈ ਜਦੋ ਸੋਵੀਅਤ ਕੋਸਮੋਨਾਟ ਯੂਰੀ ਗਾਗਾਰਿਨ ਪੁਲਾੜ ਵਿੱਚ ਜਾਣ ਵਾਲ਼ੇ ਪਹਿਲੇ ਮਨੁੱਖ ਬਣੇ। ਉਹ ਵੋਸਟੋਕ 1 ਜਹਾਜ਼ 'ਤੇ ਧਰਤੀ ਦੇ ਚੱਕਰ ਲਗਾਉਣ ਲਈ ਉਡੇ ਸੀ ਤੇ ਕਾਮਯਾਬ ਹੋਏ। ਇਹ ਇਤਿਹਾਸਕ ਪ੍ਰਾਪਤੀ ਨਾ ਸਿਰਫ ਮਨੁੱਖੀ ਹੁਸ਼ਿਆਰੀ ਅਤੇ ਤਕਨੀਕੀ ਤਰੱਕੀ ਦੀ ਸਮਰੱਥਾ ਨੂੰ ਦਰਸਾਉਂਦੀ ਹੈ, ਸਗੋਂ ਇਸਨੇ ਖਗੋਲ ਯਾਤਰਾ ਅਤੇ ਮੁਕਾਬਲੇ ਦੇ ਇੱਕ ਨਵੇਂ ਯੁੱਗ ਨੂੰ ਜਨਮ ਦਿੱਤਾ ਜਿਸਨੇ ਸਪੇਸ ਏਜ ਨੂੰ ਪਰਿਭਾਸ਼ਿਤ ਕੀਤਾ।

## ਇਤਿਹਾਸਕ ਉਡਾਣ

ਯੂਰੀ ਗਾਗਾਰਿਨ ਦੀ ਉਡਾਣ ਲਗਭਗ 108 ਮਿੰਟ ਚੱਲੀ ਜਿਸ ਦੌਰਾਨ ਉਸਨੇ ਧਰਤੀ ਦੇ ਇਕ ਗੋਲ ਚੱਕਰ ਨੂੰ ਪੂਰਾ ਕੀਤਾ ਜਿਸ ਦੀ ਉਚਾਈ ਲਗਭਗ 200 ਮੀਲ (320 ਕਿਲੋਮੀਟਰ) ਸੀ। ਇਹ ਮਿਸ਼ਨ ਇੰਜੀਨੀਅਰਿੰਗ ਅਤੇ ਹਿੰਮਤ ਦਾ ਇੱਕ ਸ਼ਾਨਦਾਰ ਕਾਰਨਾਮਾ ਸੀ ਜੋ ਸੋਵੀਅਤ ਯੂਨੀਅਨ ਦੀ ਪੁਲਾੜੀ ਦੌੜ ਵਿੱਚ ਸੰਯੁਕਤ ਰਾਜ ਦੇ ਖਿਲਾਫ਼ ਸਮਰੱਥਾ ਨੂੰ ਦਰਸਾਉਂਦਾ ਹੈ। ਗਾਗਾਰਿਨ ਦੀ ਸਫ਼ਲ ਉਡਾਣ ਬੈਕਾਨੂਰ ਕੋਸਮੋਡਰੋਮ ਤੋਂ ਹੋਈ ਸੀ ਜਿਸ ਨੂੰ ਦੁਨੀਆ ਭਰ ਵਿੱਚ ਪ੍ਰਸ਼ੰਸਾ ਅਤੇ ਹੈਰਾਨੀ ਇਕੱਠੀ ਮਿਲੀ। ਲੱਖਾਂ ਲੋਕਾਂ ਨੇ ਇਸ ਅਸਾਧਾਰਣ ਘਟਨਾ ਨੂੰ ਦੇਖਣ ਲਈ ਟੀਵੀ ਦੇ ਸਾਹਮਣੇ ਘੰਟਿਆਂ ਬੱਧੀ ਸਮਾਂ ਬਿਤਾਇਆ।

## ਵਿਸ਼ਵ ਪ੍ਰਭਾਵ

ਗਾਗਾਰਿਨ ਦੀ ਯਾਤਰਾ ਦੇ ਬਹੁਤ ਸਾਰੇ ਪ੍ਰਭਾਵ ਸਿਰਫ ਰਾਸ਼ਟਰ ਦੀ ਸ਼ਾਨ ਤੱਕ ਸੀਮਿਤ ਨਹੀਂ ਰਹੇ। ਇਹ ਬ੍ਰਹਿਮੰਡ ਦੀ ਸ਼ਾਂਤੀਪੂਰਕ ਖੋਜ ਦੀ ਸੰਭਾਵਨਾ ਦਾ ਪ੍ਰਤੀਕ ਬਣ ਗਿਆ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਬ੍ਰਹਮੰਡ ਤੇ ਪੁਲਾੜ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਘਟਨਾ ਨੇ ਵਿਗਿਆਨੀਆਂ, ਇੰਜੀਨੀਅਰਾਂ ਅਤੇ ਸੁਪਨੇ ਦੇਖਣ ਵਾਲਿਆਂ ਦੀਆਂ ਪੀੜ੍ਹੀਆਂ ਨੂੰ ਅੰਤਰਿਕਸ਼ ਖੋਜ ਅਤੇ ਸੰਬੰਧਿਤ ਖੇਤਰਾਂ ਵਿੱਚ ਕੈਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ। ਇਸਨੇ ਵਿਗਿਆਨ ਅਤੇ ਤਕਨੀਕੀ ਸਿੱਖਿਆ ਵਿੱਚ ਵਧੇਰੇ ਨਿਵੇਸ਼ ਨੂੰ ਵੀ ਜਨਮ ਦਿੱਤਾ, ਕਿਉਂਕਿ ਰਾਸ਼ਟਰਾਂ ਨੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ ਨੂੰ ਸਮਝਿਆ। **ਬਾਕੀ ਪੰਨਾ 51 'ਤੇ ਪੜ੍ਹੋ...**



### ਸ਼ਖਸੀਅਤ

# ਖੇਡ ਖੇਡ ਵਿਚ - ਅਰਵਿੰਦ ਗੁਪਤਾ ਦਾ ਵਿਗਿਆਨਕ ਸੰਸਾਰ

**ਹਰਜੀਤ ਸਿੰਘ**

ਪਦਮ ਸ਼੍ਰੀ ਅਰਵਿੰਦ ਗੁਪਤਾ ਸਧਾਰਣ ਮਾਮੂਲੀ ਘਰੇਲੂ ਟੁੱਟੀਆਂ ਫੁੱਟੀਆਂ ਬੇਕਾਰ ਵਸਤੂਆਂ ਤੋਂ ਅਜੇਹੇ ਅਸਧਾਰਣ ਖਿਡੌਣੇ ਬਣਾਉਂਦੇ ਨੇ ਜੋ ਵਿਗਿਆਨ ਦੀਆਂ ਅਨੇਕਾਂ ਪਰਤਾਂ ਖੋਲ੍ਹਦੇ ਨੇ।

ਇਕ ਟੁੱਟੀ ਹੋਈ ਰਬੜ ਦੀ ਚੱਪਲ ਵਿਚ ਮੋਰੀਆਂ ਕਰਕੇ ਉਨ੍ਹਾਂ ਨਾਲ ਚੁੰਬਕ ਬੰਨ੍ਹ ਕੇ ਇਕ ਪੁਰਾਣੀ ਸੀ.ਡੀ. ਤੇ ਪੈਨਸਲ ਨਾਲ ਉਹ ਇਕ ਅਜੇਹਾ ਖਿਡੌਣਾ ਸਿਰਜਦੇ ਹਨ, ਜੋ ਚੁੰਬਕੀ ਆਕਰਸ਼ਣ ਦੇ ਸਿਧਾਂਤ ਨੂੰ ਖੇਡ ਖੇਡ ਵਿਚ ਸਮਝਾ ਦਿੰਦਾ ਹੈ। ਉਹ ਅਜੇਹੇ ਇਕ ਨਹੀਂ 800 ਤੋਂ ਵੀ ਵਧੇਰੇ ਖਿਡੌਣੇ ਬਣਾ ਕੇ ਦੇਸ਼ਾਂ ਵਿਦੇਸ਼ਾਂ ਤਕ ਪਹੁੰਚਾ ਚੁਕੇ ਹਨ।

ਉੱਤਰ ਪ੍ਰਦੇਸ ਦੇ ਬਰੇਲੀ ਦੇ ਜੰਮਪਲ ਅਰਵਿੰਦ ਗੁਪਤਾ ਦਾ ਬਚਪਨ ਬਹੁਤ ਗ਼ਰੀਬੀ ਵਿਚ ਬੀਤਿਆ। ਉਨ੍ਹਾਂ ਦੇ ਮਾਤਾ ਪਿਤਾ ਕਦੇ ਸਕੂਲ ਨਾ ਜਾ ਸਕੇ ਪਰ ਉਨ੍ਹਾਂ ਅੰਦਰ ਆਪਣੇ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਪੜ੍ਹਾਉਣ ਦੀ ਬੜੀ ਰੀਝ ਸੀ। ਉਹ ਗ਼ਰੀਬ ਸਨ , ਇਸ ਲਈ ਉਹ ਖਿਡੌਣੇ ਨਾ ਖਰੀਦ ਸਕੇ। ਅਰਵਿੰਦ ਬਚਪਨ ਤੋਂ ਹੀ ਮਾਚਿਸ ਦੀਆਂ ਡੱਬੀਆਂ , ਅਖ਼ਬਾਰਾਂ ਤੇ ਬੋਤਲਾਂ ਦੇ ਢੱਕਣਾਂ ਤੋਂ ਖਿਡੌਣੇ ਬਨਾਉਣ ਲੱਗ ਪਏ। ਬਾਅਦ ਵਿਚ ਉਨ੍ਹਾਂ IIT ਕਾਨਪੁਰ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਕੀਤੀ। ਫ਼ੇਰ ਉਹ ਟੈਲਕੋ ਵਿਚ ਟੱਰਕ ਬਨਾਉਣ ਲੱਗੇ ਪਰ ਉਨ੍ਹਾਂ ਦੇ ਧੁਰ ਅੰਦਰ ਕਿਤੇ ਉਹ ਬਚਪਨ ਦੇ ਖਿਡੌਣੇ ਵਸੇ ਹੋਏ ਸਨ। ਦਫ਼ਤਰ ਆਉਂਦਿਆਂ ਜਾਂਦਿਆਂ ਉਹ ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲੇ ਬੱਚਿਆਂ ਨੂੰ ਵੇਖਦੇ ਉਨ੍ਹਾਂ ਦੇ ਮਨ ਵਿਚ ਅਜੇਹੇ ਬੱਚਿਆਂ ਨੂੰ ਵਿਗਿਆਨ ਦਾ ਵਿਸ਼ਾ ਪੜ੍ਹਾਉਣ ਦਾ ਖਿਆਲ ਆਇਆ। ਉਨ੍ਹਾਂ ਟੈਲਕੋ ਤੋਂ 1978 ਵਿਚ ਇਕ ਸਾਲ ਦੀ ਛੁੱਟੀ ਲਈ ਤੇ ਆਪਣਾ ਸਾਰਾ ਸਮਾਂ ਤੇ ਆਪਣੀ ਵਿਗਿਆਨਕ ਜਾਣਕਾਰੀ ਗਰੀਬ ਕਬਾਇਲੀ ਬੱਚਿਆਂ ਨੂੰ ਦੇਣ ਦੀ ਜ਼ੁੰਮੇਵਾਰੀ ਸੰਭਾਲ ਲਈ। ਬਹੁਤ ਜਲਦੀ ਉਨ੍ਹਾਂ ਜਾਣ ਲਿਆ ਕਿ ਉਹ ਜ਼ਿੰਦਗੀ ਵਿਚ ਟੱਰਕ ਨਹੀਂ ਖਿਡੌਣੇ ਬਨਾਉਣਗੇ , ਖਿਡੌਣੇ ਜੋ ਵਿਗਿਆਨ ਦੇ ਬੂਹੇ ਖੋਹਲ੍ਹਣਗੇ।

ਏਸ ਕਾਰਜ ਵਿਚ ਉਨ੍ਹਾਂ ਦੀ ਪਤਨੀ ਨੇ ਬਹੁਤ ਸਾਥ ਨਿਭਾਇਆ। ਉਹ ਆਖਦੇ ਨੇ "ਲੋਕ ਲਾਈਫ਼ ਇੰਸ਼ੋਰੈਂਸ ਦੀ ਗੱਲ ਕਰਦੇ ਨੇ। ਮੈਂ ਵਾਈਫ਼ ਇੰਸ਼ੋਰੈਂਸ ਦੀ ਗੱਲ ਕਰਾਂਗਾ। ਆਪਣੀ ਪਤਨੀ ਦੇ ਸਹਿਯੋਗ ਤੋਂ ਬਿਨਾਂ ਇਹ ਮਿਸ਼ਨ ਸੰਭਵ ਹੀ ਨਹੀਂ ਸੀ।"

ਅਰਵਿੰਦ ਗੁਪਤਾ ਆਪਣੇ ਸਾਥੀਆਂ ਨਾਲ ਪਿਛਲੇ ਤੀਹਾਂ ਸਾਲਾਂ ਵਿਚ 4200 ਵੀਡੀਓ ਬਣਾ ਚੁੱਕੇ ਹਨ। ਇਹ 18 ਭਾਸ਼ਾਵਾਂ ਵਿਚ ਉਪਲਬਧ ਹਨ। ਹੁਣ ਤੱਕ ਉਹ 800 ਤੋਂ ਵਧੇਰੇ ਖਿਡੌਣੇ ਮਾਮੂਲੀ ਬੇਕਾਰ ਟੁੱਟੀਆਂ ਵਸਤੂਆਂ ਤੋਂ ਬਣਾ ਚੁੱਕੇ ਨੇ ਜਿਹੜੇ ਵਿਗਿਆਨ ਦੀਆਂ ਸਿਧਾਂਤਕ ਗੱਲਾਂ ਨੂੰ ਬਹੁਤ ਹੀ ਸਾਦੇ ਢੰਗ ਨਾਲ ਸਮਝਾਉਂਦੇ ਹਨ। ਇਹ ਖਿਡੌਣੇ ਚੁੰਬਕੀ ਆਕਰਸ਼ਣ , ਟਕਰਾਉ , ਬਿਜਲੀ , ਕ੍ਰਿਸਟਲ ਸਟਰੱਕਚਰ ਤੇ ਨਿਊਟਨ ਲਾਅ ਵਰਗੇ ਸਿਧਾਂਤ ਮਿੰਟਾਂ ਸਕਿੰਟਾਂ ਵਿਚ ਸਮਝਾ ਦਿੰਦੇ ਨੇ। ਅਰਵਿੰਦ ਗੁਪਤਾ ਹੁਣ ਤਕ ਦੇਸ਼ ਵਿਦੇਸ਼ਾਂ ਦੇ 3000 ਸਕੂਲਾਂ ਵਿਚ ਜਾਕੇ ਇੰਨਾਂ ਖਿਡੌਣਿਆਂ ਰਾਹੀਂ ਬਹੁਤ ਗਿਆਨ ਵੰਡ ਚੁੱਕੇ ਨੇ। ਉਨ੍ਹਾਂ ਦੀ ਵੈੱਬਸਾਈਟ ਤੇ 4000 ਕਿਤਾਬਾਂ ਉਪਲੱਬਧ ਹਨ ਜੋ ਵਿਗਿਆਨ , ਵਾਤਾਵਰਣ ਵਿਸ਼ਵ-ਸ਼ਾਂਤੀ , ਅਤੇ ਹਿਸਾਬ ਆਦਿ ਦੇ ਵਿਸ਼ਿਆਂ ਨਾਲ ਸਬੰਧਿਤ ਹਨ। ਇਸ ਸਾਈਟ ਤੋਂ ਹਰ ਰੋਜ਼ ਤਕਰੀਬਨ 12000 ਕਿਤਾਬਾਂ ਬਿਲਕੁਲ ਮੁਫ਼ਤ ਡਾਊਨ ਲੋਡ ਹੁੰਦੀਆਂ ਹਨ। ਸਪੇਨ ਦੇ ਡਾ ਬਰੀਜ਼ੀ ਔਕਾਨਾ ਨੇ ਉਨ੍ਹਾਂ ਦੇ 300 ਵੀਡੀਓ ਨੂੰ ਸਪੇਨਿਸ਼ ਭਾਸ਼ਾ ਵਿਚ ਡੱਬ ਕੀਤਾ ਹੈ। ਹੁਣ ਲੈਟਿਨ ਅਮਰੀਕਾ ਦੇ ਲੱਖਾਂ ਵਿਦਿਆਰਥੀ


ਉਨ੍ਹਾਂ ਵੀਡੀਓਜ਼ ਰਾਹੀਂ ਵਿਗਿਆਨਕ ਜਾਣਕਾਰੀ ਹਾਸਿਲ ਕਰ ਰਹੇ ਹਨ। ਇਹ ਸਾਮਗ੍ਰੀ ਹੁਣ ਸਪੇਨ ਦੇ ਸਕੂਲਾਂ ਦੇ ਸਿਲੇਬਸ ਵਿਚ ਸ਼ਾਮਿਲ ਹੈ।

ਅਹਿਮਦਾਬਾਦ ਦੇ ਪ੍ਰਗਿਆ ਅਤੇ ਦਲੀਪ ਭੱਟ ਦੇ ਘਰ ਇਕ ਨੇਤਰ ਹੀਣ ਬੱਚੇ ਨੇ ਜਨਮ ਲਿਆ। ਉਨ੍ਹਾਂ ਆਪਣੇ ਬੱਚੇ ਲਈ ਛੋਹ ਕੇ ਲਿਖਣ ਵਾਲੀ ਇਕ ਸਲੇਟ ਦਾ ਨਿਰਮਾਣ ਕੀਤਾ ਜੋ ਬਹੁਤ ਹੀ ਮਾਮੂਲੀ ਘਰੇਲੂ ਵਸਤੂਆਂ ਨਾਲ ਬਣਾਈ ਗਈ ਸੀ। ਅਰਵਿੰਦ ਗੁਪਤਾ ਨੇ ਆਪਣੀ ਵੈੱਬ ਸਾਈਟ ਰਾਹੀਂ ਆਪਣੇ ਭਾਸ਼ਨਾਂ ਅਤੇ ਆਪਣੀਆਂ ਲਿਖਤਾਂ ਰਾਹੀਂ ਇਸ ਆਵਿਸ਼ਕਾਰ ਨੂੰ ਦੁਨੀਆਂ ਸਾਹਵੇਂ ਲਿਆਂਦਾ। ਹੁਣ ਇਸ ਸਲੇਟ ਦੀ ਮੱਦਦ ਨਾਲ 13 ਮਿਲੀਅਨ ਨੇਤਰ ਹੀਣ ਬੱਚੇ ਵਿਦਿਆ ਹਾਸਿਲ ਕਰ ਰਹੇ ਹਨ।

ਇਹ ਵੀਡੀਓ ਜਦੋਂ ਬੈਂਗਕੌਂਕ ਦੇ ਇਕ ਅਜੇਹੇ ਅਧਿਆਪਕ ਕੋਲ ਪਹੁੰਚੀ ਜੋ ਨੇਤਰ ਹੀਣਾਂ ਨੂੰ ਸਿੱਖਿਆ ਦਿੰਦਾ ਸੀ ਤਾਂ ਉਸਨੇ ਇਹ ਸਲੇਟ ਬਣਾਕੇ ਆਪਣੇ ਸਿਖਿਆਰਥੀਆਂ ਨੂੰ ਦਿੱਤੀ। ਇਹ ਤਜਰਬਾ ਏਨਾ ਕਾਮਯਾਬ ਹੋਇਆ ਕਿ ਹੁਣ ਥਾਈਲੈਂਡ ਦੇ ਸਾਰੇ ਨੇਤਰਹੀਣ ਸਕੂਲ ਇਸ ਸਲੇਟ ਦਾ ਇਸਤੇਮਾਲ ਕਰ ਰਹੇ ਹਨ। ਇਸ ਦੀ ਲਾਗਤ 100 ਰੁਪਏ ਤੋਂ ਵੀ ਘੱਟ ਹੈ।

ਅਰਵਿੰਦ ਗੁਪਤਾ ਦਾ ਕੰਮ ਵੇਖਣ ਨੂੰ ਬਹੁਤ ਹੀ ਸਾਦਾ , ਪਰ ਬਹੁਤ ਹੀ ਮਹੱਤਵਪੂਰਨ ਹੈ। ਇਹ ਪੀ.ਐੱਚ.ਡੀਆਂ ਵਾਲਾ ਨਹੀਂ।

ਅਰਵਿੰਦ ਗੁਪਤਾ ਦਾ ਰੁਜ਼ਗਾਰ ਵੀ ਇਹੋ ਖਿਡੌਣੇ ਹਨ। ਉਹ ਆਖਦੇ ਨੇ, "ਮੈਂ ਆਪਣੇ ਗੁਜ਼ਾਰੇ ਲਈ ਖਿਡੌਣੇ ਬਣਾਉਂਦਾ ਹਾਂ। ਮੇਰੇ ਖਿਡੌਣੇ ਬੱਚਿਆਂ ਨੂੰ ਖ਼ੁਸ਼ੀ ਤੇ ਚਾਅ ਦਿੰਦੇ ਨੇ। ਉਨ੍ਹਾਂ ਦੇ ਚਿਹਰੇ ਤੇ ਮੁਸਕਰਾਹਟ ਤੇ ਦਿਲ ਵਿਚ ਵਿਗਿਆਨ ਲਈ ਪਿਆਰ ਜਗਾਉਂਦੇ ਨੇ। ਇੰਜ ਕਰਕੇ ਮੈਨੂੰ ਆਪ ਬਹੁਤ ਆਤਮਿਕ ਆਨੰਦ ਮਿਲਦਾ ਹੈ।"



1986 ਵਿਚ ਉਨ੍ਹਾਂ ਪਹਿਲੀ ਕਿਤਾਬ 'Matchstick Models and other Science experiments' ਲਿਖੀ ਜੋ 12 ਭਾਸ਼ਾਵਾਂ ਵਿਚ ਅਨੁਵਾਦ ਹੋਈ। ਇਸਦੀਆਂ ਤਕਰੀਬਨ 10 ਲੱਖ ਕਾਪੀਆਂ ਵਿਕ ਚੁੱਕੀਆਂ ਹਨ। ਉਨ੍ਹਾਂ ਨੂੰ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਦੇ ਏਨੇ ਖਤ ਆਏ ਕਿ ਉਨ੍ਹਾਂ ਆਪਣਾ ਸਾਰਾ ਜੀਵਨ 'ਖਿਡੌਣਿਆਂ ਰਾਹੀਂ ਵਿਗਿਆਨ' ਦੇ ਮਿਸ਼ਨ ਨੂੰ ਸਮਰਪਿਤ ਕਰ ਲਿਆ।

ਉਹ ਆਖਦੇ ਨੇ "ਵਿਗਿਆਨ ਪੜ੍ਹਾਉਣ ਲਈ ਮਹਿੰਗੇ ਮਹਿੰਗੇ ਸਾਜ਼ੋ ਸਾਮਾਨ ਅਤੇ ਲੈਬਾਰਟਰੀਜ਼ ਨਹੀਂ ਚਾਹੀਦੀਆਂ। ਜਜ਼ਬਾ ਚਾਹੀਦਾ ਹੈ। ਬੱਚਿਆਂ ਦਾ ਦਿਲੋ ਦਿਮਾਗ ਸਭ ਤੋਂ ਵੱਡੀ ਪ੍ਰੋਯਗਸ਼ਾਲਾ ਹੈ।" ਉਹ ਆਖਦੇ ਨੇ, "ਬੱਚਿਆਂ ਲਈ ਚੰਗੀਆਂ ਕਿਤਾਬਾਂ ਦੀ ਬਹੁਤ ਥੋੜ੍ਹ ਹੈ। ਮੈਂ ਹੁਣ ਤੱਕ 140 ਕਿਤਾਬਾਂ ਦਾ ਹਿੰਦੀ ਵਿਚ ਅਨੁਵਾਦ ਕਰ ਚੁੱਕਾ ਹਾਂ। ਪਰ ਮੈਨੂੰ ਅਜੇ ਵੀ ਪਬਲਿਸ਼ਰ ਨਹੀਂ ਲੱਭਦੇ। ਪਰ ਮੈਂ ਕਦੇ ਹਾਰਦਾ ਨਹੀਂ। ਮੈਂ ਇੰਨਾ ਕਿਤਾਬਾਂ ਦੀ PDF ਬਣਾਕੇ ਆਪਣੀ ਵੈੱਬ ਸਾਈਟ ਰਾਹੀਂ ਪਾਠਕਾਂ ਤੱਕ ਪਹੁੰਚਾ ਦਿੰਦਾ ਹਾਂ।"

ਇਹ ਸਭ ਕਿਤਾਬਾਂ ਅਤੇ ਖਿਡੌਣਿਆਂ ਨੂੰ ਬਣਾਉਣ ਦੀ ਸਾਰੀ ਜਾਣਕਾਰੀ, ਇਨ੍ਹਾਂ ਨਾਲ ਸਬੰਧਿਤ ਵਿਗਿਆਨਕ ਹਵਾਲੇ ਅਤੇ ਵਿਸਤਾਰ ਬਿਲਕੁਲ ਮੁਫ਼ਤ ਉਨ੍ਹਾਂ ਦੀ ਵੈੱਬ ਸਾਈਟ 'ArvindGuptaToys.Com' 'ਤੇ ਉਪਲਬਧ ਹਨ।

ਹੁਣ ਉਨ੍ਹਾਂ ਦੀ ਵੈੱਬਸਾਈਟ ਤੇ ਵਿਗਿਆਨ ਨਾਲ ਸਬੰਧਿਤ 6300 ਵੀਡੀਓ ਹਨ। 42 ਮਿਲੀਅਨ ਵਿਦਿਆਰਥੀ ਅਤੇ ਅਧਿਆਪਕ ਉਨ੍ਹਾਂ ਰਾਹੀਂ ਗਿਆਨ ਹਾਸਿਲ ਕਰ ਚੁੱਕੇ ਨੇ ਤੇ ਹੁਣ ਅਗੋਂ ਗਿਆਨ ਵੰਡ ਰਹੇ ਨੇ।


ਅਰਵਿੰਦ ਗੁਪਤਾ ਦਾ ਕਹਿਣਾ ਹੈ , "ਪ੍ਰਾਚੀਨ ਭਾਰਤ ਵਿਚ ਕੁੱਝ ਵੀ ਫਾਲਤੂ , ਨਿਮਾਣਾ ਜਾਂ ਬੇਕਾਰ ਨਹੀਂ ਸੀ ਸਮਝਿਆ ਜਾਂਦਾ। ਹਰ ਸ਼ੈਅ ਵਿਚ ਨੌਂ - ਜੀਵਨ ਵੇਖੇ ਜਾਂਦੇ ਸਨ। ਪਰ ਅੱਜ ਅਜਿਹਾ ਨਹੀਂ ਆਸ - ਪਾਸ ਕੂੜੇ ਕਬਾੜ ਦੇ ਢੇਰ ਨਹੀਂ ਪਹਾੜ ਬਣ ਰਹੇ ਨੇ। ਇਸ ਕਬਾੜ ਵਿਚ ਪਏ ਰੱਦੀ ਅਖ਼ਬਾਰਾਂ , ਟੁੱਟੇ ਪੈੱਨ , ਖਾਲੀ ਡੱਬੇ-ਡੱਬੀਆਂ , ਬੋਤਲਾਂ , ਝਾੜੂ ਦੇ ਤੀਲੇ ਤੇ ਰਬੜ ਦੇ ਟੁਕੜੇ ਮੇਰੇ ਖਿਡੌਣਿਆਂ ਦੀ ਸਾਮਗ੍ਰੀ ਬਣਦੇ ਹਨ। ਉਨ੍ਹਾਂ ਦੀ ਟੈੱਡ ਟਾਕ (TED TALK - 'Turning Trash Into Toys' Ted Talks) ਦੀਆਂ ਪਹਿਲੀਆਂ 10 ਬੇਹਤਰੀਨ ਟਾਕ ਵਿਚੋਂ ਇਕ ਹੈ।

ਅਰਵਿੰਦ ਗੁਪਤਾ ਦੀ ਇਕ ਵਿਦਿਆਰਥਣ ਹੰਸਾ ਪਦਮਾਨਾਭਨ ਨੇ ਉਨ੍ਹਾਂ ਦੁਆਰਾ ਬਣਾਏ ਪੈਨਸਿਲ ਵਾਲੇ ਖਿਡੌਣੇ ਤੇ ਇਕ ਪੇਪਰ ਲਿਖਿਆ ਜਿਸ ਤੇ ਉਸਨੂੰ 2500 ਡਾਲਰ ਦਾ ਅੰਤਰਰਾਸ਼ਟਰੀ ਇਨਾਮ ਮਿਲਿਆ। ਹੁਣ ਇਕ ਨਿੱਕੇ ਜਿਹੇ ਤਾਰੇ ਦਾ ਨਾਂ ਵੀ 'ਹੰਸਾ' ਰਖਿਆ ਗਿਆ ਹੈ।

ਅਰਵਿੰਦ ਗੁਪਤਾ ਆਖਦੇ ਨੇ, "ਹਰ ਬੱਚੇ ਅੰਦਰ ਇੱਕ ਵਿਗਿਆਨੀ ਹੁੰਦਾ ਹੈ। ਪਰ ਅਸੀਂ ਰੱਟੇ ਵਾਲੀ ਪੜ੍ਹਾਈ ਬੋਝਲ ਤੇ ਉਕਾਊ ਕਿਤਾਬਾਂ ਦੇ ਬੋਝ ਨਾਲ ਬੱਚਿਆਂ ਦੀ ਵਿਗਿਆਨ ਪ੍ਰਤੀ

ਜਿਗਿਆਸਾ, ਦਿਲਚਸਪੀ ਅਤੇ ਚਾਅ ਨੂੰ ਖ਼ਤਮ ਕਰ ਦਿੰਦੇ ਹਾਂ। ਵਿਗਿਆਨ ਦੀ ਪੜ੍ਹਾਈ ਡੰਡੇ ਨਾਲ ਨਹੀਂ ਸਿਰਫ ਪਿਆਰ ਨਾਲ ਕਰਵਾਈ ਜਾ ਸਕਦੀ ਹੈ।" ਉਨ੍ਹਾਂ ਦੀ ਨਸੀਹਤ ਹੈ, "ਸਾਡੇ ਕੋਲ ਇੱਕੋ ਇੱਕ ਜ਼ਿੰਦਗੀ ਹੈ, ਇਹ ਵੀ ਅਸੀਂ ਕਿਉਂ ਕਿਸੇ ਦੇ ਬੇਹੇ ਸੁਪਨੇ ਲਈ ਜੀਵੀਏ - ਖ਼ਾਸ ਕਰਕੇ ਕਿਸੇ ਕਾਰਪੋਰੇਟ ਦੇ। ਆਪਣੇ ਸੁਪਨੇ ਜੀਵੋ ਫੇਰ ਭਾਵੇਂ ਹਾਰ ਵੀ ਜਾਵੋ।"

ਹਰਜੀਤ ਸਿੰਘ ਜੀ ਪ੍ਰਸਿੱਧ ਪੰਜਾਬੀ ਲੇਖਕ, ਫਿਲਮ ਪ੍ਰੋਡਿਊਸਰ ਤੇ ਡਾਇਰੈਕਟਰ ਹਨ। ਉਹਨਾਂ ਨੇ ਜਲੰਧਰ ਦੂਰਦਰਸ਼ਨ ਵਿੱਚ ਇੱਕ ਲੰਮਾ ਸਮਾਂ ਵਡਮੁੱਲਾ ਯੋਗਦਾਨ ਪਾਇਆ। ਉਹਨਾਂ ਨੇ ਅਨੇਕਾਂ ਕਿਤਾਬਾਂ ਤੇ ਫ਼ਿਲਮਾਂ ਰਚੀਆਂ, ਜਿਨ੍ਹਾਂ ਵਿੱਚੋਂ ਵਿਸਾਖੀ, ਹਵਾਏਂ, ਹੀਰ ਰਾਂਝਾ ਤੇ ਇਹ ਜਨਮ ਤੁਮ੍ਹਾਰੇ ਲੇਖੇ ਪ੍ਰਮੁੱਖ ਹਨ। ਪੰਜਾਬ ਦੀ ਲੋਕ ਧਾਰਾ, ਸੰਦਲੀ ਬੂਹਾ, ਇਬਾਰਤ (ਕਹਾਣੀਆਂ), ਸਾਂਦਲ ਬਾਰ (ਨਾਟਕ), ਸੱਚੀ-ਮੁੱਚੀ ਐਵੇਂ-ਮੁੱਚੀ (ਬੱਚਿਆਂ ਲਈ ਨਾਵਲ)



ਤੇ ਹੋਰ ਕਿਤਾਬਾਂ ਪਾਠਕਾਂ ਦੀ ਝੋਲ਼ੀ ਪਾਈਆਂ ਹਨ। ਉਹਨਾਂ ਨੂੰ ਅਨੇਕਾਂ ਪੁਰਸਕਾਰ ਪ੍ਰਾਪਤ ਹੋਏ ਹਨ ਜਿਵੇਂ ਕਿ ਭਾਈ ਮੋਹਨ ਸਿੰਘ ਵੈਦ ਪੁਰਸਕਾਰ (1981) ਤੇ ਪੀਟੀਸੀ ਪੰਜਾਬੀ ਲਾਈਫ ਟਾਈਮ ਅਵਾਰਡ।

# ਅਸੀਮ ਬ੍ਰਹਿਮੰਡ ਵਿੱਚ ਇੱਕ ਇਤਿਹਾਸਕ ਛਾਲ

## ਸੁਰਿੰਦਰ ਪਾਲ ਸਿੰਘ

ਪੰਨਾ 48 ਤੋਂ - ਅਮਰੀਕਾ ਵਿੱਚ ਗਾਗਾਰਿਨ ਦੀ ਉਡਾਣ ਨੇ ਆਪਣੇ ਹੀ ਸਪੇਸ ਪ੍ਰੋਗਰਾਮ ਨੂੰ ਅੱਗੇ ਵਧਾਉਣ ਦੇ ਯਤਨਾਂ ਨੂੰ ਤੇਜ਼ ਕੀਤਾ। ਕੇਵਲ ਕੁਝ ਹਫ਼ਤਿਆਂ ਬਾਅਦ, ਪ੍ਰਧਾਨ ਮੰਤਰੀ ਜੌਨ ਐਫ. ਕੇਨੇਡੀ ਨੇ ਇੱਕ ਰਾਸ਼ਟਰੀ ਲਕਸ਼ ਦੇ ਤੌਰ 'ਤੇ ਦੱਸਿਆ ਕਿ ਉਹ ਦਹਾਕੇ ਦੇ ਅੰਤ ਤੱਕ ਚੰਦਰਮਾ 'ਤੇ ਇੱਕ ਮਨੁੱਖ ਨੂੰ ਉਤਾਰਣ ਦਾ ਲਕਸ਼ ਰੱਖਦੇ ਹਨ। ਇਹ ਵਚਨ ਆਖਿਰਕਾਰ 1969 ਵਿੱਚ ਐਪੋਲੋ 11 ਮਿਸ਼ਨ ਵਿੱਚ ਨਤੀਜਾ ਬਣਿਆ, ਜਦੋਂ ਨੀਲ ਆਰਮਸਟ੍ਰੋਂਗ ਅਤੇ ਬਜ਼ ਆਲਡ੍ਰਿਨ ਚੰਦਰਮਾ ਦੀ ਮਿੱਟੀ 'ਤੇ ਪੈਰ ਰੱਖਣ ਵਾਲੇ ਪਹਿਲੇ ਮਨੁੱਖ ਬਣੇ।

### ਮਨੁੱਖੀ ਪ੍ਰਾਪਤੀ ਦਾ ਜਸ਼ਨ

12 ਅਪ੍ਰੈਲ ਹੁਣ ਦੁਨੀਆ ਭਰ ਵਿੱਚ ਯੂਰੀ ਦੀ ਰਾਤ ਵਜੋਂ ਮਨਾਇਆ ਜਾਂਦਾ ਹੈ, ਜਾਂ "ਵਿਸ਼ਵ ਅੰਤਰਿਕਸ਼ ਪਾਰਟੀ," ਜੋ ਗਾਗਾਰਿਨ ਦੀ ਇਤਿਹਾਸਕ ਉਡਾਣ ਦਾ ਸਨਮਾਨ ਕਰਦਾ ਹੈ ਅਤੇ ਬ੍ਰਹਿਮੰਡ ਖੋਜ ਬਾਰੇ ਜਾਣੂ ਕਰਾਉਂਦਾ ਹੈ। ਦੁਨੀਆ ਭਰ ਵਿੱਚ ਸਮਾਰੋਹ ਹੋ ਰਹੇ ਹਨ, ਸਿੱਖਿਆ ਪ੍ਰੋਗ੍ਰਾਮਾਂ ਤੋਂ ਲੈ ਕੇ ਸਮੂਹਿਕ ਮੀਟਿੰਗਾਂ ਤੱਕ, ਜੋ ਮਨੁੱਖਤਾ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੇ ਹਨ ਅਤੇ ਭਵਿੱਖ ਦੀ ਖੋਜ ਲਈ ਉਤਸ਼ਾਹਿਤ ਕਰਦੇ ਹਨ। 12 ਅਪ੍ਰੈਲ 1961 ਦੀ ਵਿਰਾਸਤ ਅੱਜ ਵੀ ਜਾਰੀ ਹੈ ਜਿਵੇਂ ਕਿ ਕਈ ਰਾਸ਼ਟਰ ਮਿਲ ਕੇ ਆਗਾਮੀ ਪ੍ਰਾਜੈਕਟਾਂ 'ਤੇ ਕੰਮ ਕਰ ਰਹੇ ਹਨ ਜਿਵੇਂ ਕਿ ਅੰਤਰਰਾਸ਼ਟਰੀ ਅੰਤਰਿਕਸ਼ ਸਟੇਸ਼ਨ (ਆਈਐੱਸਐੱਸ) ਅਤੇ ਮੰਗਲ ਦੀ ਖੋਜ ਦੀ ਯੋਜਨਾ। ਉਸ ਦਿਨ ਦੇ ਖੋਜ ਦੇ ਜੋਸ਼ ਦੀ ਭਾਵਨਾ ਜੋ ਗਾਗਾਰਿਨ ਨੇ ਦਰਸਾਈ ਸੀ, ਉਹ ਅੱਜ ਵੀ ਜੀਵੰਤ ਹੈ ਜਿਵੇਂ ਕਿ ਮਨੁੱਖਤਾ ਤਾਰਿਆਂ ਤੱਕ ਪੁਜਣ ਦੀ ਭਵਿੱਖ ਦੀ ਸੰਭਾਵਨਾਂ ਵੱਲ ਵੇਖਦੀ ਹੈ। ਜਦੋਂ ਅਸੀਂ 12 ਅਪ੍ਰੈਲ 1961 ਦੀ ਮਹੱਤਤਾ 'ਤੇ ਵਿਚਾਰ ਕਰਦੇ ਹਾਂ, ਤਾਂ ਸਾਨੂੰ ਆਪਣੇ ਸਾਂਝੇ ਉਮੀਦਾਂ ਅਤੇ ਸੁਪਨਿਆਂ ਦੀ ਯਾਦ ਆਉਂਦੀ ਹੈ ਜੋ ਸਰਹੱਦਾਂ ਨੂੰ ਪਾਰ ਕਰਦੇ ਹਨ। ਯੂਰੀ ਗਾਗਾਰਿਨ ਦੀ ਬ੍ਰਹਿਮੰਡ ਵਿੱਚ ਯਾਤਰਾ ਨਾ ਸਿਰਫ਼ ਸੋਵੀਅਤ ਯੂਨੀਅਨ ਲਈ ਇਕ ਜਿੱਤ ਸੀ; ਇਹ ਸਾਰੀ ਮਨੁੱਖਤਾ ਲਈ ਇੱਕ ਜਿੱਤ ਸੀ। ਇਸਨੇ ਇੱਕ ਨਵੇਂ ਮੁਕਾਮ ਦੀ ਸ਼ੁਰੂਆਤ ਕੀਤੀ, ਜੋ ਪੀੜ੍ਹੀਆਂ ਨੂੰ ਬ੍ਰਹਿਮੰਡ ਦੇ ਰਾਜਾਂ 'ਬਾਬਤ ਸੋਚਣ ਲਈ ਪ੍ਰੇਰਿਤ ਕਰਦਾ ਹੈ। ਸਾਨੂੰ ਵੀ ਗਿਆਨ ਅਤੇ ਖੋਜ ਲਈ ਆਪਣੇ ਯਤਨਾਂ ਨੂੰ ਜਾਰੀ ਰੱਖਣਾ ਚਾਹੀਦਾ ਹੈ। ਆਓ ਉਸ ਇਤਿਹਾਸਕ ਛਾਲ ਦਾ ਸਨਮਾਨ ਕਰੀਏ ਅਤੇ ਇਕੱਠੇ ਹੋ ਕੇ ਹੋਰ ਵੱਡੀਆਂ ਉਚਾਈਆਂ ਤੱਕ ਪਹੁੰਚਣ ਲਈ ਕੋਸ਼ਿਸ਼ ਕਰੀਏ।



# ਬੋਲ਼ੇ ਹੋ ਜਾਓਗੇ

ਹਰੀ ਕ੍ਰਿਸ਼ਨ ਮਾਇਰ

ਕੰਨ ਪਾੜਦੇ ਹਾਰਨ
ਜੇ ਤੁਸੀਂ ਰੋਜ਼ ਵਜਾਉਗੇ
ਬੋਲ਼ੇ ਹੋ ਜਾਓਗੇ ਲੋਕੋ
ਬੋਲ਼ੇ ਹੋ ਜਾਓਗੇ
ਸੁਬ੍ਹਾ ਸਵੇਰੇ ਲਾਊਡ ਸਪੀਕਰ
ਸੁਰਤ ਗੰਵਾਉਦੇ  ਚੈਨ ਉਡਾਉਂਦੇ
ਖ਼ੂਨ ਹੋ ਜਾਵੇ ਉੱਤੇ ਥੱਲੇ
ਉੱਚੀ ਉੱਚੀ ਸ਼ੋਰ ਮਚਾਉਂਦੇ
ਹੋ ਜਾਂਦਾ ਹੈ ਮਨ ਵਿਦਰੋਹੀ
ਗੁੱਸੇ ਵਿੱਚ ਆਉਂਦਾ
ਅਣਚਾਹਿਆ ਇਹ ਰੌਲ਼ਾ ਰੱਪਾ
ਰੋਗਾਂ ਨੂੰ ਸੱਦ ਲਿਆਉਂਦਾ
ਖੜ ਖੜ ਕਰਨ ਮਸ਼ੀਨਾਂ
ਲੋੜੋਂ ਵੱਧ ਰੌਲ਼ਾ ਪਾਵਣ
ਨਿੱਕੇ ਕੰਨ ਨਾਂ ਖੜਕਾ ਝੱਲਣ
ਕੰਬਣ ਡਰ ਜਾਵਣ
ਜੰਞ ਘਰਾਂ 'ਚ ਡੀ.ਜੇ.
ਵੱਜਣ ਪੈਣ ਧਮਾਲਾਂ
ਆਪੇ ਆਪਾਂ ਖੋਜ ਲਈਆਂ
ਨੇ ਬਰਬਾਦੀ ਦੀਆਂ ਚਾਲਾਂ
ਔਹ ਦੇਖੋ ਮੁਨਿਆਦੀ ਕਰਦੇ
ਉੱਚੀ ਢੋਲ ਵਜਾਉਂਦੇ
ਛਣਕਣਿਆਂ ਨਾਲ ਮੱਲੋ-ਜ਼ੋਰੀ
ਆਪਣੀ ਗੱਲ ਸੁਣਾਉਂਦੇ
ਅੱਸੀ ਡੈਸੀਬਲ* ਤੋਂ ਉੱਚਾ
ਸ਼ੋਰ ਕੰਨਾ ਨੂੰ ਨਾਂ ਭਾਉਂਦਾ
ਮਨ ਨੂੰ ਖੋਰੇ, ਭੁੱਲ ਭਲਈਆਂ
ਵਿੱਚ ਪਾਉਂਦਾ
ਵਾਂਗ ਕੁੱਕੜ ਦੀ ਸਾਨੂੰ
ਕਦੀ ਜਗਾਉਂਦੀ ਹੁੰਦੀ ਸੀ
ਬੂਹੇ 'ਤੇ ਚਿੜੀਆਂ ਦੀ
ਢਾਣੀ ਆਉਂਦੀ ਹੁੰਦੀ ਸੀ
ਵਿਰਸਾ ਸ਼ਾਂਤ ਸੁਭਾਅ ਦਾ
ਸਾਡਾ ਗੁੰਮ ਗੁਆਚ ਗਿਆ
ਸ਼ੋਰ ਸ਼ਰਾਬਾ ਸਾਡੇ ਵੱਲ
ਮਾਰਨ ਨੂੰ ਝਾਕ ਰਿਹਾ
ਠੱਲ੍ਹ ਜਾਵੇਗਾ ਸ਼ੋਰ ਜੇ
ਆਪਾਂ ਰੁੱਖ ਲਗਾਵਾਂਗੇ
ਚੀਕਦੇ ਹਾਰਨ ਨਹੀਂ ਵਜਾਉਣੇ
ਰਲਕੇ ਸਹੁੰ ਖਾਵਾਂਗੇ
ਚੰਗੇ ਬੱਚੇ ਲੱਗਦੇ ਨੇ
ਵੱਡਿਆਂ ਦੇ ਆਖੇ
ਤਿਉਹਾਰਾਂ ਤੇ ਛੱਡੋ ਵਜਾਉਣੇ
ਆਤਿਸ਼ਬਾਜ਼ੀ ਭੂੰਡ ਪਟਾਕੇ
ਕੀ ਖੱਟਿਆ ਜੇ ਆਪਾਂ
ਕੱਖੋ ਹੌਲੇ ਹੋ ਬੈਠੇ
ਕਾਹਦੀ ਕਰੀ ਤਰੱਕੀ ਜੇ
ਕੰਨੋਂ  ਬੋਲ਼ੇ ਹੋ ਬੈਠੇ...

* ਆਵਾਜ਼ ਮਾਪਣ ਦੀ ਇਕਾਈ

# ਜੀਵਨ ਦਾ ਆਧਾਰ - ਸੂਰਜ

ਡਾ. ਦੇਵਿੰਦਰ ਪਾਲ ਸਿੰਘ

ਆਥਣ ਵੇਲੇ ਰੋਜ਼ ਸਵੇਰੇ, ਜਦ ਪੂਰਬ 'ਚੋਂ ਆਵਾਂ,
ਰੋਸ਼ਨ ਕਰਦਾਂ ਹਰ ਘਰ ਵਿਹੜਾ, ਹਨੇਰਾ ਦੂਰ ਭਜਾਵਾਂ।
ਸੋਨ ਸੋਨਿਹਰੀ ਟਿੱਕੀ ਮੇਰੀ, ਜਦ ਅੰਬਰ ਵਿਚ ਮੱਘੇ,
ਕਿਰਨਾਂ ਦੇ ਤਦ ਤੀਰ ਸੁਨਿਹਰੀ, ਚੱਲਣ ਸੱਜੇ ਖੱਬੇ।
ਚੰਨ ਵੀ ਮੈਥੋਂ ਚਾਨਣ ਮੰਗੇ, ਧਰਤੀ ਮੰਗੇ ਧੁੱਪਾਂ,
ਜੀਅ, ਜੰਤ ਤੇ ਪੌਦੇ ਲੱਭਣ, ਜੇ ਬੱਦਲ ਓਹਲੇ ਛੁੱਪਾਂ।
ਠੰਢੀਆਂ ਸੀਤ ਹਵਾਵਾਂ ਭੱਜਣ, ਧੁੰਦ ਕੋਹਰਾ ਵੀ ਨੱਸੇ,
ਠੁਰ ਠੁਰ ਕਰਦਾ ਹਰ ਨਰ ਨਾਰੀ, ਮੈਨੂੰ ਦੇਖ ਕੇ ਹੱਸੇ।
ਬਸੰਤ ਰੁੱਤੇ ਜਦ ਵੀ ਆਵਾਂ, ਫੁੱਲ ਬੂਟੇ ਮੁਸਕਾਵਣ,
ਮੋਰ ਕੂਕਣ, ਫਸਲਾਂ ਝੂੰਮਣ, ਲੋਕ ਭੰਗੜੇ ਪਾਵਣ।
ਗਰਮ ਰੁੱਤ ਵਿਚ ਧੁੱਪਾਂ ਚਮਕਣ, ਵਗਣ ਤੱਤੀਆਂ 'ਵਾਵਾਂ,
ਸੋਨ ਸੁਨਿਹਰੀ ਫ਼ਸਲਾਂ ਪੱਕਣ, ਠੰਢੀਆਂ ਜਾਪਣ ਛਾਵਾਂ।
ਬਿਜਲੀ ਚਮਕੇ, ਬੱਦਲ ਗਰਜਣ, ਚਲਣ ਤੇਜ਼ ਹਵਾਵਾਂ,
ਬਾਰਸ਼ ਰੁੱਤ ਵਿਚ ਜਲ ਥਲ ਕਰਦਾਂ, ਅਜਬ ਰੂਪ ਦਿਖਾਵਾਂ।
ਤਪਦਾ ਅੱਗ ਦਾ ਗੋਲਾ ਬੇਸ਼ਕ, ਪਰ ਹਾਂ ਜੀਵਨ ਦਾ ਆਧਾਰ,
ਜੇ ਨਾ ਹੋਵਾ, ਕੁਝ ਵੀ ਨਾਹੀਂ, ਧਰਤੀ ਹੋ ਜਾਏ ਠੰਡੀ ਠਾਰ।
ਦਿਉ ਦੁਆਵਾਂ ਰਲ ਮਿਲ ਸਾਰੇ, ਅਨੰਤ ਕਾਲ ਤਕ ਜੀਵਾਂ।
ਖੁਸ਼ ਖੁਸ਼ ਵਸਣ ਜੀਅ ਜੰਤ ਸੱਭ, ਕੋਈ ਨਾ ਸੋਚੇ ਨੀਵਾਂ।

punjabikids.org
ਪੰਜਾਬੀ ਬੱਚਿਆਂ ਨੂੰ ਸਮਰਪਿਤ ਵੈੱਬਸਾਈਟ

ਬੱਚਿਆਂ ਲਈ ਕਵਿਤਾਵਾਂ, ਕਹਾਣੀਆਂ, ਲੇਖ ਤੇ ਹੋਰ ਰੋਚਕ ਰਚਨਾਵਾਂ
https://www.punjabikids.org/ 'ਤੇ ਪੜ੍ਹੋ।

# ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

## ਹੁਣ ਉਡਣ ਮੋਟਰ ਸਾਈਕਲ ਵੀ ਸਵਾਰੀ ਲਈ ਤਿਆਰ ਹਨ




ਉਡਣ ਕਾਰਾਂ ਦੇ ਨਾਲ਼ ਨਾਲ਼ ਹੁਣ ਉਡਣ ਮੋਟਰ ਸਾਈਕਲ ਵੀ ਹਕੀਕਤ ਬਣ ਰਹੇ ਹਨ। ਇੱਕ ਪੋਲਿਸ਼ ਵਿਗਿਆਨਕ ਥੌਮਸ ਪਾਟਨ ਵਲੋਂ ਇਜਾਦ ਕੀਤਾ ਗਿਆ ਵੋਲੋਨਾਟ ਨਾਂ ਦਾ ਇਹ ਮੋਟਰ ਸਾਈਕਲ ਨੇੜਲੇ ਭਵਿੱਖ ਵਿਚ ਮਨੁੱਖ ਦੀ ਪੰਛੀਆਂ ਵਰਗੀ ਨਿੱਜੀ ਉਡਾਣ ਦੇ ਅਨੁਭਵ ਨੂੰ ਸਾਕਾਰ ਕਰਦਾ ਹੈ। ਇਹ "ਆਕਾਸ਼ੀ ਸੁਪਰਬਾਈਕ" ਜੈੱਟ ਪ੍ਰੋਪਲਸ਼ਨ ਦੁਆਰਾ ਉਡਦੀ ਹੈ ਅਤੇ 200 ਕਿਲੋਮੀਟਰ ਪ੍ਰਤੀ ਘੰਟਾ (124 ਮੀਲ) ਦੀ ਰਫ਼ਤਾਰ ਨਾਲ ਇੱਕ ਵਿਅਕਤੀ ਨੂੰ ਉਡਾ ਸਕਦੀ ਹੈ। ਕੰਪਨੀ ਦੇ ਅਨੁਸਾਰ ਕੰਪਿਊਟਰ ਨਾਲ਼ ਉਡਾਰੀ ਨੂੰ ਨਿਯੰਤਰਣ ਕਰਨ ਤੇ 360 ਡਿਗਰੀ ਦਾ ਦ੍ਰਿਸ਼ ਦਿਖਾਉਣ ਵਾਲ਼ੀ ਤਕਨੀਕ, ਸਵਾਰ ਨੂੰ ਫਲਾਇੰਗ ਮਸ਼ੀਨ ਨਾਲ ਜਲਦੀ ਇੱਕਮਿਕ ਹੋਣ ਵਿਚ ਮਦਦ ਕਰਦੀ ਹੈ ਅਤੇ ਸੰਪੂਰਣ ਆਜ਼ਾਦੀ ਦਾ ਅਹਿਸਾਸ ਮਹਿਸੂਸ ਕਰਵਾਉਂਦੀ ਹੈ। ਚਿੱਤਰ ਵੋਲੋਨਾਟ ਤੋਂ ਧੰਨਵਾਦ ਸਹਿਤ https://volonaut.com/airbike

## ਅੰਗ ਮੁੜ ਉਗਾਉਣ ਵਿਚ ਵਿਗਿਆਨੀਆਂ ਨੂੰ ਮਹੱਤਵਪੂਰਨ ਸੰਕੇਤ ਮਿਲੇ



ਚਮਕਦਾਰ ਹਰੇ ਰੰਗ ਦੀ ਚਮੜੀ ਵਾਲੇ ਐਕਸੋਲੋਟਲ ਨਾਮਕ ਜਲ-ਸੈਲਾਮੈਂਡਰ ਛੋਟੇ ਜਿਹੇ ਜੀਵ ਸੱਟ ਲੱਗਣ ਜਾਂ ਅੰਗ ਕੱਟਣ ਕਾਰਨ ਖੁੱਸੇ ਅੰਗਾਂ ਨੂੰ ਦੁਬਾਰਾ ਉਗਾਉਣ ਦੀ ਆਪਣੀ ਅਸਾਧਾਰਨ ਯੋਗਤਾ ਲਈ ਜਾਣੇ ਜਾਂਦੇ ਹਨ। ਹੁਣ, ਖੋਜਕਰਤਾਵਾਂ ਨੇ ਨੇਚਰ ਮੈਗਜ਼ੀਨ ਵਿਚ ਪ੍ਰਕਾਸ਼ਿਤ ਇੱਕ ਨਵੇਂ ਖੋਜ ਪੱਤਰ ਵਿਚ ਉਨ੍ਹਾਂ ਦੀ ਇਸ ਸ਼ਕਤੀ ਦੇ ਪਿੱਛੇ ਛੁਪੀ ਗੁੰਝਲਦਾਰ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਹੈ। ਵਿਗਿਆਨੀਆਂ ਨੇ ਇਹ ਲੱਭਿਆ ਹੈ ਕਿ ਰੈਟੀਨੋਇਕ ਐਸਿਡ ਨਾਮਕ ਇੱਕ ਪਦਾਰਥ ਜੋ ਆਮ ਤੌਰ 'ਤੇ ਫਿਣਸੀ ਦੇ ਇਲਾਜਾਂ ਵਾਲੀਆਂ ਰੈਟੀਨੋਇਲ ਕਰੀਮਾਂ ਵਿਚ ਹੁੰਦਾ ਹੈ, ਇਹ ਸੰਕੇਤ ਦੇਣ ਲਈ ਜ਼ਿੰਮੇਵਾਰ ਹੈ ਕਿ ਐਕਸੋਲੋਟਲ ਦੇ ਜ਼ਖਮੀ ਸੈੱਲਾਂ ਦੇ ਕਿਹੜੇ ਅੰਗਾਂ ਨੂੰ ਦੁਬਾਰਾ ਪੈਦਾ ਕਰਨਾ ਚਾਹੀਦਾ ਹੈ ਤੇ ਕਿਵੇਂ।

## 6-ਤਾਰਾ ਮੰਡਲ ਜਿੱਥੇ ਹਰ ਸੂਰਜ ਨੂੰ ਨਿਯਮਤ ਤੌਰ 'ਤੇ ਗ੍ਰਹਿਣ ਲੱਗਦਾ ਹੈ




ਖਗੋਲ ਵਿਗਿਆਨੀਆਂ ਨੇ ਜੁੜਵੇਂ ਸਿਤਾਰਿਆਂ ਦਾ ਪਹਿਲਾ ਛੇ-ਤਾਰਾ ਮੰਡਲ **(TYC 7037-89-1)** ਲੱਭਿਆ ਹੈ ਜਿੱਥੇ ਸਾਰੇ ਤਾਰੇ ਇੱਕ ਦੂਜੇ ਨੂੰ ਗ੍ਰਹਿਣ ਲਗਾਉਂਦੇ ਹਨ। ਇਹ ਖੋਜ ਨਾਸਾ ਦੇ ਟਰਾਂਜ਼ਿਟਿੰਗ ਐਕਸੋਪਲੈਨੇਟ ਸਰਵੇ ਸੈਟੇਲਾਈਟ (TESS) ਦੁਆਰਾ ਇਕੱਠੇ ਕੀਤੇ ਆਂਕੜਿਆਂ ਦਾ ਅਧਿਐਨ ਕਰਕੇ ਕੀਤੀ ਗਈ ਹੈ। ਇਹ ਸਿਸਟਮ ਏਰੀਡੇਨਸ (Eridanus) ਨਛੱਤਰ ਵਿਚ ਲਗਭਗ 1,900 ਪ੍ਰਕਾਸ਼ ਵਰ੍ਹੇ ਦੂਰ ਹੈ। ਇਹ ਜਾਣਕਾਰੀ ਵਿਗਿਆਨੀਆਂ ਨੂੰ ਸਿਤਾਰਿਆਂ ਦੀ ਉਪਜ ਬਾਰੇ ਸਮਝਣ ਲਈ ਬਹੁਤ ਲਾਭਦਾਇਕ ਹੈ। ਚਿੱਤਰ ਤੇ ਜਾਣਕਾਰੀ ਨਾਸਾ ਤੋਂ ਧੰਨਵਾਦ ਸਹਿਤ

## ਮਨੁੱਖੀ ਦਿਮਾਗ਼ ਯਾਦਾਂ ਨੂੰ ਕ੍ਰਮਵਾਰ ਰੱਖਣ ਲਈ ਇੱਕ ਸੰਭਾਲਣ ਜੁਗਤ ਦੀ ਵਰਤੋਂ ਕਰਦਾ ਹੈ



ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (MIT) ਦੀ ਪ੍ਰੋਫ਼ੈਸਰ ਇਲਾ ਫਿਏਟ ਤੇ ਉਸਦੀ ਟੀਮ ਦੀ ਖੋਜ ਅਨੁਸਾਰ ਅੰਦਰੂਨੀ "ਨਕਸ਼ੇ" ਸਾਨੂੰ ਘਟਨਾਵਾਂ ਨੂੰ ਆਸਾਨੀ ਨਾਲ ਯਾਦ ਕਰਨ ਦਾ ਮਾਰਗਦਰਸ਼ਨ ਕਰਦੇ ਹਨ। ਜਾਂਚ-ਪੜਤਾਲ ਤੋਂ ਬਾਅਦ, ਉਨ੍ਹਾਂ ਨੇ ਇਹ ਲੱਭਿਆ ਹੈ ਕਿ ਦਿਮਾਗ਼ ਦੇ ਹਿੱਪੋਕੈਂਪਸ ਵਿਚਲੇ ਪਲੇਸ ਸੈੱਲ ਇਸ ਪ੍ਰਕਿਰਿਆ ਲਈ ਜ਼ਰੂਰੀ ਸੁਰਾਗ ਰੱਖਦੇ ਹਨ। ਹਰ ਵੇਰਵੇ ਨੂੰ ਸੰਭਾਲਣ ਦੀ ਬਜਾਏ, ਹਿੱਪੋਕੈਂਪਸ ਸੰਕੇਤ ਸੰਭਾਲਦਾ ਹੈ ਜੋ ਦਿਮਾਗ਼ ਦੇ ਬਾਹਰੀ ਮਾਦੇ ਭਾਵ ਕਾਰਟੈਕਸ (Cortex) ਤੋਂ ਅਮੀਰ ਸੰਵੇਦਨਸ਼ੀਲ ਯਾਦਾਂ ਲੈਂਦੇ ਹਨ। ਇਸ ਮਾਡਲ ਤੋਂ ਪ੍ਰਾਪਤ ਵਡਮੁੱਲੀ ਜਾਣਕਾਰੀ ਯਾਦਦਾਸ਼ਤ ਸਿਖਲਾਈ ਦੇ ਤਰੀਕਿਆਂ ਨੂੰ ਵਧਾ ਸਕਦੀ ਹੈ ਅਤੇ ਦਿਮਾਗ਼ੀ ਸਿਖਲਾਈ ਲਈ ਤਿਆਰ ਕੀਤੇ ਗਏ ਏਆਈ ਮਾਡਲਾਂ ਨੂੰ ਪ੍ਰੇਰਣਾ ਦੇ ਸਕਦੀ ਹੈ।


ਉਡਾਣ ਮੈਗਜ਼ੀਨ ਈ-ਮੇਲ ਵਿੱਚ ਪ੍ਰਾਪਤ ਕਰਨ ਲਈ ਇੱਥੇ ਕਲਿੱਕ ਕਰੋ ਜਾਂ QR ਕੋਡ ਸਕੈਨ ਕਰੋ!

https://www.udaanpunjabi.com/

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com